ਕੌਮਾਂਤਰੀ www.amritsartimes.com

ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 24 | Issue 254| 18 to 24 Nov. 2026 | Ph.: (+91) 175-291-2461 | Email: asrtimes@gmail.com

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

ਵੱਲੋਂ ਸੰਸਾਰ ਭਰ ਵਿੱਚ ਬੈਠੇ ਨਾਨਕ ਨਾਮਲੇਵਾ ਸੰਗਤਾਂ ਨੂੰ ਅਕਾਲ ਜੋਤ, ਬ੍ਰਹਿਮੰਡੀ ਧੁਨ ਦੇ ਮਾਲਕ ਸ਼੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ





ਬਲਰਾਜ ਪੰਨੂੰ

ਪੰਜਾਬ ਦੀ ਸਿਆਸਤ ਵਿੱਚ ਇਹਨੀਂ ਦਿਨੀਂ ਮੁੱਦਿਆਂ ਦੀ ਨਹੀਂ, ਸਗੋਂ ਮਿਹਣਿਆਂ ਦੀ ਰਾਜਨੀਤੀ ਜ਼ੋਰਾਂ 'ਤੇ ਹੈ। ਭਾਵੇਂ ਸੱਤਾਧਾਰੀ ਧਿਰ ਹੋਵੇ ਜਾਂ ਵਿਰੋਧੀ ਧਿਰ। ਹਰ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦੇ ਲਈ ਆਪਣੀ ਸਿਆਸੀ ਤਾਕਤ ਝੋਕ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਤਿੱਖੇ ਬਿਆਨ ਅਕਾਲੀ ਦਲ ਤੇ ਕਾਂਗਰਸ ਦੇ ਜਵਾਬੀ ਹਮਲੇ ਤੇ ਭਾਜਪਾ ਦੀ ਆਪਣੀ ਸਿਆਸੀ ਸੰਨ ਨੇ ਸੂਬੇ ਦੀ ਸਿਆਸਤ ਨੂੰ ਬਿਆਨਾਂ ਵਾਲੇ ਅਖਾੜੇ ਵਿੱਚ ਬਦਲ ਦਿੱਤਾ ਹੈ। ਹੈਰਾਨੀ ਹੁੰਦੀ ਹੈ ਇਹ ਸੋਚ ਕੇ ਕਿ ਇਹਨਾਂ ਖ਼ਹਿਬਾਜ਼ੀਆਂ ਦੇ ਵਿੱਚ ਪੰਜਾਬ ਕਿੱਥੇ ਹੈ? ਪੰਜਾਬ ਦੀ ਰਾਜਨੀਤੀ ਦੇ ਲਈ ਏਨਾ ਟਕਰਾਅ ਚੰਗਾ ਨਹੀਂ, ਇਹ ਚਿੰਤਾਜਨਕ ਹੈ। ਪੰਜਾਬ ਤਾਂ ਸੰਵਾਦ ਰਚਾਉਣਾ ਚਾਹੁੰਦਾ ਹੈ ਕਿਉਂਕਿ ਪੰਜਾਬ ਦੇ ਸਾਹਮਣੇ ਗੰਭੀਰ ਚੁਣੌਤੀਆਂ ਨੇ ਪਰ ਸਿਆਸੀ ਪਾਰਟੀਆਂ ਟਕਰਾਅ ਦੇ ਟੁੱਕੜ ਦੇ ਉੱਤੇ ਜਿਉਂ ਰਹੀਆਂ ਨੇ। ਬਿਆਨਬਾਜ਼ੀ ਇੱਥੋਂ ਤੱਕ ਵਧ ਗਈ ਹੈ ਕਿ ਲੰਘੇ ਦਿਨੀਂ ਭਗਵੰਤ ਮਾਨ ਦਾ ਬਿਆਨ ਬਹੁਤ ਚਰਚਾ ਵਿੱਚ ਹੈ " ਸਾਨੂੰ ਵੋਟਾਂ ਪਾਇਓ ਜਾਂ ਨਾ ਪਾਇਓ, ਪਰ ਅਕਾਲੀ ਦਲ ਨੂੰ ਵੋਟਾਂ ਨਾ ਪਾਇਓ.....। " ਕੀ ਭਗਵੰਤ ਮਾਨ ਨੇ ਆਪਣਾ ਚੋਣਾਂਵੀ ਦੁਸ਼ਮਣ ਅਕਾਲੀ ਮਿੱਥ ਲਏ ਨੇ? 'ਆਪ' ਪਾਰਟੀ ਪੰਜਾਬ ਵਿੱਚ ਆਪਣੇ ਆਪ ਨੂੰ ਮਜ਼ਬੂਤ ਦੱਸਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਅਸਲ ਦੇ ਵਿੱਚ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦਿੱਲੀ ਨਹੀਂ ਹੈ। ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦੀ ਤਾਸੀਰ ਵੱਖਰੀ ਵੱਖਰੀ ਹੈ। ਇਸ ਸਮੇਂ ਹਰ ਸਿਆਸਤਦਾਨ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਲਈ ਸਿਆਸੀ ਮਾਹੌਲ ਭਖਾਉਣਾ ਮੁੱਖ ਮੁੱਦਾ ਲੱਗ ਰਿਹਾ ਹੈ। ਹਰ ਬਿਆਨ ਦੇ ਪਿੱਛੇ ਸਿਆਸੀ ਨਿਸ਼ਾਨਾ ਅਤੇ ਹਰ ਜਵਾਬ ਦੇ ਪਿੱਛੇ ਵੋਟਾਂ ਦਾ ਹਿਸਾਬ ਦਿਖਾਈ ਦੇ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ ਇਹਨਾਂ ਸਾਰੀਆਂ ਚੀਜ਼ਾਂ ਦੇ ਵਿੱਚ ਕੋਈ ਦਿਲਚਸਪੀ ਨਹੀਂ,ਉਹਨਾਂ ਕੋਲ ਇੱਕੋ ਗੱਲ ਹੈ ਕਿ ਪੰਜਾਬ ਲਈ ਕਿਹੜੀ ਧਿਰ ਦੇ ਕੋਲ ਕਿਹੜਾ ਬਦਲਵਾਂ ਏਜੰਡਾ ਹੈ।

ਸਿਆਸਤ ਦਾ ਇੱਕ ਹੋਰ ਪੱਖ ਵੀ ਬੜਾ ਚਿੰਤਾਜਨਕ ਹੈ ਕਿ ਜਦੋਂ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠਦੇ ਹਨ ਤਾਂ ਉਹ ਬਹਿਸ ਪਿਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਵੱਲ ਮੋੜ ਦਿੰਦੇ ਹਨ। ਜਿਵੇਂ ਕਿ ਨਸ਼ਿਆਂ ਦਾ ਮੁੱਦਾ ਹਰ ਪਾਰਟੀ ਦੇ ਭਾਸ਼ਣਾਂ ਵਿੱਚ ਹੈ ਪਰ ਨਸ਼ਾ ਖ਼ਤਮ ਕਰਨ ਲਈ ਠੋਸ ਨਤੀਜਿਆਂ ਦੀ ਗੱਲ ਕੋਈ ਨਹੀਂ ਕਰਦਾ। ਕਿਸਾਨਾਂ ਦੀਆਂ ਸਮੱਸਿਆਵਾਂ ਹਰ ਚੋਣਾਂ ਵਿੱਚ ਉੱਠਦੀਆਂ ਨੇ, ਪਰ ਉਹਨਾਂ ਦੀ ਸੁਰੱਖਿਆ ਲਈ ਕਿਸੇ ਕੋਲ ਸਪਸ਼ਟ ਨੀਤੀ ਨਹੀਂ ਹੈ। ਮੁੱਕਦੀ ਗੱਲ ਇਹ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦੀਆਂ ਸਮੱਸਿਆਵਾਂ ਬਿਆਨਾਂ ਨਾਲ ਹੱਲ ਨਹੀਂ ਹੋਣਗੀਆਂ।

ਆਮ ਆਦਮੀ ਪਾਰਟੀ ਦੀ 'ਕੱਟੜ ਇਮਾਨਦਾਰੀ' ਸਵਾਲਾਂ ਦੇ ਘੇਰੇ ਵਿੱਚ ਹੈ। ਸਿਆਸਤ ਨੂੰ ਅਪਰਾਧੀਆਂ ਤੋਂ ਮੁਕਤ ਕਰਨ ਦਾ ਦਾਅਵਾ ਕਰਕੇ ਸੱਤਾ ਤੱਕ ਪਹੁੰਚੀ ਇਸ ਪਾਰਟੀ ਨੇ ਪੰਜਾਬ ਦੇ ਵਿੱਚ ਸੰਤਾਲੀ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਚੁੱਕੇ ਗੁਰਪ੍ਰੀਤ ਸੇਖੋਂ ਨੂੰ ਜ਼ੀਰੇ ਦਾ ਹਲਕਾ ਇੰਚਾਰਜ਼ ਬਣਾ ਦਿੱਤਾ। ਸਵਾਲ ਸੇਖੋਂ ਦੇ ਅਤੀਤ ਦਾ ਨਹੀਂ ਸਗੋਂ 'ਆਪ' ਦੀ ਸਿਆਸੀ ਜਵਾਬਦੇਹੀ ਦਾ ਹੈ। 'ਆਪ' ਹਰ ਕਦਮ ਦੇ ਉੱਤੇ ਨਵਾਂ ਸਿਆਸੀ ਫ਼ਾਰਮੂਲਾ ਵਰਤ ਰਹੀ ਹੈ। ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਉਹਨਾਂ ਦੇ ਆਪਣੇ ਗੜ੍ਹ 'ਲੰਬੀ' ਵਿੱਚ ਹਰਾਉਣ ਵਾਲੇ ਗੁਰਮੀਤ ਸਿੰਘ ਖੁੱਡੀਆਂ ਦੀ ਆਮ ਆਦਮੀ ਪਾਰਟੀ ਨੇ ਟਿਕਟ ਕੱਟ ਕੇ ਉਸ ਦੇ ਭਤੀਜੇ ਰਣਧੀਰ ਸਿੰਘ ਨੂੰ ਦੇ ਦਿੱਤੀ। ਪਰਿਵਾਰਵਾਦ ਦਾ ਵਿਰੋਧ ਕਰਨ ਵਾਲੀ ਆਮ ਆਦਮੀ ਪਾਰਟੀ ਇਹ ਫ਼ੈਸਲੇ ਕਰਕੇ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸਿਆਸੀ ਸਵਾਲ ਖੜ੍ਹਾ ਇਹ ਹੁੰਦਾ ਹੈ ਕਿ ਜੇਕਰ ਮੌਜੂਦਾ ਵਿਧਾਇਕ/ਮੰਤਰੀ ਦੀ ਕਾਰਗੁਜ਼ਾਰੀ ਤੋਂ 'ਆਪ' ਹਾਈ ਕਮਾਂਡ ਸੰਤੁਸ਼ਟ ਨਹੀਂ ਸੀ ਤਾਂ ਕਿਸੇ ਹੋਰ ਯੋਗ ਵਰਕਰ ਨੂੰ ਮੌਕਾ ਦੇ ਦਿੰਦੇ।

ਗੱਲ ਕਰੀਏ ਕਾਂਗਰਸ ਦੀ ਤਾਂ ਅੰਦਰੂਨੀ ਖਹਿਬਾਜ਼ੀ ਦੇ ਚਲਦਿਆਂ ਵੀ ਚੰਨੀ ਦੀ ਸਾਈਕਲ ਯਾਤਰਾ ਨੂੰ ਵਧੀਆ ਹੁੰਗਾਰਾ ਮਿਲ ਰਿਹਾ ਹੈ। ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਤਿੱਖੀ ਬਿਆਨਬਾਜ਼ੀ ਦੇ ਨਾਲ ਨਾਲ ਹਰ ਧਾਰਮਿਕ ਸੰਸਥਾ 'ਤੇ ਸਿਰ ਝੁਕਾਉਂਦੇ ਨਜ਼ਰ ਆ ਰਹੇ ਨੇ। ਉਹਨਾਂ ਦਾ ਸਵਾਲ ਉਠਾਉਣ ਦਾ ਤਰੀਕਾ ਬੜਾ ਸੰਜੀਦਾ, ਸੁਥਰਾ ਤੇ ਸੁਚੱਜਾ ਹੈ ਤੇ ਦੂਸਰੇ ਸਿਆਸਤਦਾਨਾਂ ਨੂੰ ਮੇਰਾ ਖਿਆਲ ਹੈ ਕਿ ਉਸ ਦੀ ਬਿਆਨਬਾਜ਼ੀ ਦੀ ਨਕਲ ਕਰ ਲੈਣੀ ਚਾਹੀਦੀ ਹੈ। ਸਿਆਸਤ ਦਾ ਮਤਲਬ ਮਿਹਣੇ ਦੇਣਾ ਨਹੀਂ ਹੁੰਦਾ ਸਗੋਂ ਮੌਕੇ ਦੇ ਉੱਤੇ ਗਿਣਵੇਂ ਚੁਣਵੇਂ ਲਫ਼ਜ਼ਾਂ ਦੇ ਵਿੱਚ ਸਿਆਸੀ ਗੱਲਾਂ ਨੂੰ ਸਮੇਟਣਾ ਹੁੰਦਾ ਹੈ। ਜਲੰਧਰ ਕੈਂਟ ਤੋਂ ਤਿੰਨ ਵਾਰ ਜਿੱਤ ਪ੍ਰਾਪਤ ਕਰ ਚੁੱਕੇ ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਵੱਡੀ ਚੁਣੌਤੀ ਬਣ ਸਕਦੀਆਂ ਨੇ। ਪੰਜਾਬ ਕਾਂਗਰਸ ਦੇ ਪ੍ਰਧਾਨ ਹੋਣ ਕਰਕੇ ਪਾਰਟੀ ਦੀ ਅਗਵਾਈ ਕਰਨ ਦੇ ਨਾਲ ਨਾਲ ਆਪਣਾ ਹਲਕਾ ਬਚਾਉਣ ਦੀ ਵੀ ਦੂਹਰੀ ਜ਼ਿੰਮੇਵਾਰੀ ਵੀ ਉਸ ਦੇ ਮੋਢਿਆਂ 'ਤੇ ਹੈ। 1962 ਤੋਂ ਹੁਣ ਤੱਕ ਏਸ ਸੀਟ 'ਤੇ ਕਾਂਗਰਸ 10 ਵਾਰ ਜਿੱਤ ਚੁੱਕੀ ਹੈ, ਅਕਾਲੀ ਦਲ ਨੂੰ ਦੋ ਵਾਰ ਸਫਲਤਾ ਮਿਲੀ ਹੈ। ਆਮ ਆਦਮੀ ਪਾਰਟੀ ਵੱਲੋਂ ਦੀਪਕ ਬਾਲੀ ਨੂੰ ਇਸ ਵਾਰ ਇੱਥੋਂ ਦੀ ਜ਼ਿੰਮੇਵਾਰੀ ਸੌਂਪੀ ਜਾ ਰਹੀ ਹੈ ਤੇ ਭਾਜਪਾ ਵੱਲੋਂ ਵੀ ਕੋਈ ਮਜ਼ਬੂਤ ਉਮੀਦਵਾਰ ਇੱਥੋਂ ਉਤਾਰਿਆ ਜਾ ਸਕਦਾ ਹੈ। ਕਾਂਗਰਸ ਦੀ ਅੰਦਰੂਨੀ ਖਿੱਚੋਤਾਣ 'ਤੇ ਹਮੇਸ਼ਾ ਸਵਾਲ ਉੱਠਦੇ ਰਹੇ ਨੇ, ਹਾਲਾਂ ਕਿ ਪ੍ਰਗਟ ਸਿੰਘ ਨੇ ਇਸ ਨੂੰ ਚਿੰਤਾ ਵਾਲੀ ਗੱਲ ਨਹੀਂ ਕਹਿ ਕੇ ਟਾਲਿਆ ਹੈ, ਵਿਰੋਧੀਆਂ ਦੇ ਨਾਲ ਮੁਕਾਬਲਾ ਤਾਂ ਹੋਵੇਗਾ ਹੀ, ਪਰ ਅੰਦਰੂਨੀ ਫੁੱਟ ਨਾਲ ਵੀ ਕਾਂਗਰਸ ਨੂੰ ਬੜੀ ਸੰਜੀਦਗੀ ਦੇ ਨਾਲ ਨਜਿੱਠਣਾ ਪਵੇਗਾ।

ਪੰਜਾਬ ਦੀ 32 ਫ਼ੀਸਦੀ ਦਲਿਤ ਵੋਟ ਕਾਰਨ ਡੇਰਾ ਸੱਚਖੰਡ ਬੱਲਾਂ ਦੇ ਰਾਹੀਂ ਰਵੀਦਾਸੀਆ ਭਾਈਚਾਰੇ ਦਾ ਹੇਜ ਸਾਰੀਆਂ ਸਿਆਸੀ ਪਾਰਟੀਆਂ ਨੂੰ ਜਾਗ ਗਿਆ ਹੈ। ਭਾਜਪਾ ਤਾਂ ਅੱਜ 'ਸਮਰਸਤਾ ਸੰਕਲਪ ਯਾਤਰਾ' ਸ਼ੁਰੂ ਕਰ ਚੁੱਕੀ ਹੈ ਤੇ ਦੂਜੇ ਪਾਸੇ 6 ਦਸੰਬਰ ਨੂੰ ਡੇਰਾ ਬੱਲਾਂ ਵਿਖੇ ਹੀ ਆ ਕੇ ਚਰਨਜੀਤ ਸਿੰਘ ਚੰਨੀ ਦਾ ਸਾਈਕਲ ਰੁਕੇਗਾ। ਭਾਜਪਾ ਦੀ ਗੱਲ ਚੱਲੀ ਹੈ ਤਾਂ ਅਕਾਲੀਆਂ ਬਿਨਾਂ ਉਹ ਵੀ ਪੰਜਾਬ ਦੇ ਵਿੱਚ ਅਧੂਰੀ ਹੈ। ਏਨਾ ਦੋਵਾਂ ਪਾਰਟੀਆਂ ਦਾ ਗੱਠਜੋੜ

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.



ਸਿਆਸੀ ਮੁਹਿੰਮਾਂ ਤੇ ਯਾਤਰਾਵਾਂ ਦਾ ਕੇਂਦਰ ਬਣਿਆ ਪੰਜਾਬ

ਭਾਰਤ ਵਿੱਚ ਸਿਆਸੀ ਆਗੂਆਂ ਵੱਲੋਂ ਕੀਤੀਆਂ ਜਾਂਦੀਆਂ ਯ਼ਾਤਰਾਵਾਂ ਕਿੰਨੀਆਂ ਕੁ ਹੁੰਦੀਆਂ ਨੇ ਸਫਲ?

ਜਗਮੋਹਨ ਸਿੰਘ ਲੱਕੀ

ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦਾ ਸਮਾਂ ਜਿਵੇਂ-ਜਿਵੇਂ ਨੇੜੇ ਆਉਂਦਾ ਜਾ ਰਿਹਾ ਹੈ, ਉਵੇਂ ਹੀ ਪੰਜਾਬ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹੋ ਰਹੀਆਂ ਹਨ। ਇਸ ਸਮੇਂ ਪੰਜਾਬ ਵਿੱਚ ਕਾਂਗਰਸ ਵੱਲੋਂ ਕੀਤੀ ਜਾ ਰਹੀ 'ਪੰਜਾਬ ਮੰਗਦਾ ਇਨਸਾਫ਼' ਮੁਹਿੰਮ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਵੱਲੋਂ ਕੀਤੀ ਜਾ ਰਹੀ 'ਜਵਾਨੀ ਸੰਭਾਲ ਸਾਈਕਲ ਯਾਤਰਾ' ਕਾਰਨ ਪੰਜਾਬ ਦੀ ਸਿਆਸਤ ਵਿੱਚ ਉਬਾਲ ਆਇਆ ਹੋਇਆ ਹੈ। ਇਸੇ ਦੌਰਾਨ ਪੰਜਾਬ ਦੀ ਸੱਤਾਧਾਰੀ ਸਿਆਸੀ ਪਾਰਟੀ ਆਮ ਆਦਮੀ ਪਾਰਟੀਆਂ ਵੱਲੋਂ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਦੂਜੀ ਸੂਚੀ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। ਜਿਸ ਕਰਕੇ ਪੰਜਾਬ ਵਿੱਚ ਹਰ ਪਾਸੇ ਚੋਣਾਂਵੀਂ ਮਾਹੌਲ ਬਣਿਆ ਹੋਇਆ ਹੈ ਅਤੇ ਵੱਖ- ਵੱਖ ਸਿਆਸੀ ਪਾਰਟੀਆਂ ਵਿੱਚ ਵਿਧਾਨ ਸਭਾ ਚੋਣਾਂ ਲਈ ਆਪਣੇ ਉਮੀਦਵਾਰ ਐਲਾਨਣ ਦੀ ਵੀ ਦੌੜ ਸ਼ੁਰੂ ਹੋ ਚੁੱਕੀ ਹੈ। ਇਸ ਤੋਂ ਪਹਿਲਾਂ ਅਕਾਲੀ ਦਲ ਬਾਦਲ ਅਤੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਵੀ ਵਿਧਾਨ ਸਭਾ ਚੋਣਾਂ ਲਈ ਆਪਣੇ ਕਈ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁੱਕਿਆ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਦੀ ਅਗਵਾਈ ਹੇਠ 'ਪੰਜਾਬ ਮੰਗਦਾ ਇਨਸਾਫ਼' ਮੁਹਿੰਮ ਦਾ ਆਗਾਜ਼ ਕਰਨ ਮੌਕੇ ਚੰਡੀਗੜ੍ਹ ਵਿੱਚ ਸੀਨੀਅਰ ਕਾਂਗਰਸੀ ਆਗੂਆਂ ਨੇ ਕਿਹਾ ਕਿ ਕਾਂਗਰਸ ਦੇ ਸੀਨੀਅਰ ਆਗੂ ਅਤੇ ਪਾਰਟੀ ਵਰਕਰ ਵੱਖ-ਵੱਖ ਖੇਤਰਾਂ ਵਿੱਚ ਮੁਹਿੰਮ ਚਲਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ ਕਿ ਪੰਜਾਬ ਵਿੱਚ ਨਸ਼ਿਆਂ, ਵਿਗੜਦੀ ਅਮਨ-ਕਾਨੂੰਨ ਦੀ ਸਥਿਤੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਹੋਰ ਮੁੱਦਿਆਂ 'ਤੇ ਸਰਕਾਰ ਨੂੰ ਘੇਰਿਆ ਜਾਵੇ। ਕਾਂਗਰਸ ਦਾ ਮਕਸਦ ਸਿਰਫ਼ ਮੌਜੂਦਾ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕਰਨਾ ਹੀ ਨਹੀਂ, ਸਗੋਂ ਪੰਜਾਬ ਨੂੰ ਮੁੜ ਤਰੱਕੀ ਅਤੇ ਖੁਸ਼ਹਾਲੀ ਦੇ ਰਾਹ 'ਤੇ ਲਿਜਾਉਣ ਲਈ ਸਪੱਸ਼ਟ ਵਿਜ਼ਨ ਤਿਆਰ ਕਰਨਾ ਵੀ ਹੈ। ਇਸ ਲਈ ਸੂਬੇ ਦੇ ਬੁੱਧੀਜੀਵੀਆਂ, ਸਿੱਖਿਆ ਸ਼ਾਸਤਰੀਆਂ, ਮਾਹਿਰਾਂ, ਉਦਯੋਗਪਤੀਆਂ, ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਨੌਜਵਾਨਾਂ, ਔਰਤਾਂ ਅਤੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਹਰ ਵਰਗ ਤੱਕ ਪਹੁੰਚ ਕਰ ਕੇ ਪੁੱਛਿਆ ਜਾਵੇਗਾ ਕਿ ਉਹ ਪੰਜਾਬ ਦੇ ਭਵਿੱਖ ਨੂੰ ਕਿਸ ਰੂਪ ਵਿੱਚ ਦੇਖਦਾ ਹੈ ਅਤੇ ਸੂਬੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੁਝਾਅ ਲਏ ਜਾਣਗੇ, ਜਿਨ੍ਹਾਂ ਨੂੰ ਕਾਂਗਰਸ ਵੱਲੋਂ ਚੋਣ ਮਨੋਰਥ ਪੱਤਰ ਵਿੱਚ ਸ਼ਾਮਲ ਕੀਤਾ ਜਾਵੇਗਾ।

ਸਾਬਕਾ ਮੁੱਖ ਮੰਤਰੀ ਚੰਨੀ ਵੱਲੋਂ ਲੰਘੇ ਦਿਨੀਂ ਸ੍ਰੀ ਚਮਕੌਰ ਸਾਹਿਬ ਤੋਂ 'ਜਵਾਨੀ ਸੰਭਾਲ ਸਾਈਕਲ ਯਾਤਰਾ' ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਹ ਸਾਈਕਲ ਯਾਤਰਾ 625 ਕਿਲੋਮੀਟਰ ਦੀ ਹੋਵੇਗੀ ਜੋ ਕਿ ਵੱਖ-ਵੱਖ 27 ਵਿਧਾਨ ਸਭਾ ਹਲਕਿਆਂ ਵਿੱਚ ਕੱਢੀ ਜਾ ਰਹੀ ਹੈ। ਪੰਜਾਬ ਕਾਂਗਰਸ ਦੀ 'ਪੰਜਾਬ ਮੰਗਦਾ ਇਨਸਾਫ਼' ਮੁਹਿੰਮ ਅਤੇ 'ਜਵਾਨੀ ਸੰਭਾਲ ਸਾਈਕਲ ਯਾਤਰਾ' ਕਾਰਨ ਪੰਜਾਬ ਵਿੱਚ ਕਾਂਗਰਸੀ ਆਗੂਆਂ ਤੇ ਵਰਕਰਾਂ ਵਿੱਚ ਉਤਸ਼ਾਹ ਵੇਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਪੰਜਾਬ ਵਿੱਚ ਭਾਜਪਾ ਵੱਲੋਂ ਵੀ ਯਾਤਰਾ ਦਾ ਆਯੋਜਨ ਕੀਤਾ ਜਾ ਚੁੱਕਿਆ ਹੈ। ਅਕਾਲੀ ਦਲ ਬਾਦਲ ਅਤੇ ਆਮ ਆਦਮੀ ਪਾਰਟੀ ਵੱਲੋਂ ਵੀ ਸਿਆਸੀ ਰੈਲੀਆਂ ਅਤੇ ਸਿਆਸੀ ਮੁਹਿੰਮਾਂ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ।

ਪੰਜਾਬ ਇਸ ਸਮੇਂ ਸਿਆਸੀ ਗਤੀਵਿਧੀਆਂ ਦਾ ਮੁੱਖ ਕੇਂਦਰ ਬਣਿਆ ਹੋਇਆ ਹੈ। ਵੱਖ- ਵੱਖ ਪਾਰਟੀਆਂ ਦੇ ਆਗੂ ਦਾਅਵਾ ਕਰ ਰਹੇ ਹਨ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਕਿਸੇ ਸਮੇਂ ਵੀ ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਕੀਤਾ ਜਾ ਸਕਦਾ ਹੈ, ਇਸ ਲਈ ਚੋਣ ਲੜਨ ਦੀਆਂ ਚਾਹਵਾਨ ਸਿਆਸੀ ਪਾਰਟੀਆਂ ਨੇ ਵੀ ਚੋਣ ਬਿਗਲ ਵਜਾ ਦਿੱਤਾ ਹੋਇਆ ਹੈ, ਜਿਸ ਕਾਰਨ ਪੰਜਾਬ ਸਿਆਸਤ ਦੇ ਮੁੱਖ ਘੇਰੇ ਵਿੱਚ ਆ ਗਿਆ ਹੈ।

ਕਾਂਗਰਸ ਵੱਲੋਂ ਪੰਜਾਬ 'ਚ ਕੀਤੀਆਂ ਜਾ ਰਹੀਆਂ ਯਾਤਰਾਵਾਂ ਅਤੇ ਮੁਹਿੰਮਾਂ ਦਾ ਇੱਕੋ ਇੱਕ ਮਕਸਦ ਵਿਧਾਨ ਸਭਾ ਚੋਣਾਂ ਦੌਰਾਨ ਸਿਆਸੀ ਲਾਹਾ ਲੈਣਾ ਹੈ। ਇਹਨਾਂ ਮੁਹਿੰਮਾਂ ਅਤੇ ਯਾਤਰਾਵਾਂ ਨੇ ਕੁਝ ਸਮਾਂ ਪਹਿਲਾਂ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਵੱਲੋਂ ਕੀਤੀ ਗਈ 'ਭਾਰਤ ਜੋੜੋ ਯਾਤਰਾ' ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਰਾਹੁਲ ਗਾਂਧੀ ਨੇ 'ਭਾਰਤ ਜੋੜੋ' ਯਾਤਰਾ ਕਾਂਗਰਸ ਪਾਰਟੀ ਦੇ 100 ਤੋਂ ਵੱਧ ਮੈਂਬਰਾਂ ਨਾਲ ਕੰਨਿਆ ਕੁਮਾਰੀ ਤੋਂ ਸ਼ੁਰੂ ਕੀਤੀ ਸੀ ਅਤੇ ਇਹ ਸ੍ਰੀ ਨਗਰ ਦੇ ਲਾਲ ਚੌਕ ਵਿੱਚ ਖ਼ਤਮ ਹੋਈ ਸੀ। ਇਸ ਯਾਤਰਾ ਦੌਰਾਨ ਰਾਹੁਲ ਗਾਂਧੀ ਅਤੇ ਉਹਨਾਂ ਦੇ ਸਮਰਥਕਾਂ ਨੇ ਪੰਜ ਮਹੀਨਿਆਂ ਵਿੱਚ 12 ਸੂਬਿਆਂ ਵਿੱਚੋਂ ਦੀ ਲੰਘਦੇ ਹੋਏ 3,570 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਸੀ।

ਪੰਜਾਬ ਸਮੇਤ ਪੂਰੇ ਭਾਰਤ ਵਿੱਚ ਵੱਖ- ਵੱਖ ਆਗੂਆਂ ਵੱਲੋਂ ਕੀਤੀਆਂ ਗਈਆਂ ਸਿਆਸੀ ਯਾਤਰਾਵਾਂ ਦਾ ਇਤਿਹਾਸ ਕਾਫ਼ੀ ਲੰਬਾ ਹੈ। 1983 ਵਿੱਚ ਉਸ ਸਮੇਂ ਦੇ ਵਿਰੋਧੀ ਧਿਰ ਦੇ ਨੇਤਾ ਚੰਦਰ ਸ਼ੇਖਰ ਨੇ ਆਪਣੇ ਆਪ ਨੂੰ ਜ਼ਮੀਨੀ ਪੱਧਰ ਦੇ ਨੇਤਾ ਵਜੋਂ ਦਿਖਾਉਣ ਲਈ ਛੇ ਮਹੀਨੇ ਦੀ 4,000 ਕਿਲੋਮੀਟਰ ਲੰਬੀ ਦੇਸ਼ ਪੱਧਰੀ ਯਾਤਰਾ ਕੀਤੀ ਸੀ। ਭਾਰਤ ਦੇ ਆਮ ਲੋਕਾਂ ਨੇ ਇਸ 56 ਸਾਲਾ ਸਿਆਸਤਦਾਨ ਨੂੰ 'ਮੈਰਾਥਨ ਮੈਨ' ਕਿਹਾ ਸੀ ਪਰ ਇਸ ਯਾਤਰਾ ਨੇ ਉਨ੍ਹਾਂ ਨੂੰ ਕੋਈ ਸਿਆਸੀ ਲਾਭ ਨਹੀਂ ਦਿੱਤਾ। ਅਗਲੇ ਸਾਲ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਕਾਂਗਰਸ ਨੇ ਹਮਦਰਦੀ ਦੀ ਲਹਿਰ 'ਤੇ ਸਵਾਰ ਹੋ ਕੇ ਭਾਰੀ ਜਿੱਤ ਪ੍ਰਾਪਤ ਕੀਤੀ ਸੀ। ਭਾਰਤੀ ਰਾਜਨੀਤੀ ਨੂੰ ਬਦਲਣ ਵਾਲੀ ਇੱਕ ਹੋਰ ਮਹੱਤਵਪੂਰਨ ਦੇਸ਼ ਵਿਆਪੀ ਯਾਤਰਾ 1990 ਵਿੱਚ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਕੀਤੀ ਗਈ ਸੀ। ਉਨ੍ਹਾਂ ਨੇ ਪੱਛਮ ਵਿੱਚ ਸੋਮਨਾਥ ਦੇ ਪ੍ਰਾਚੀਨ ਮੰਦਰ ਸ਼ਹਿਰ ਤੋਂ ਉੱਤਰ ਵਿੱਚ ਅਯੁੱਧਿਆ ਤੱਕ ਇੱਕ ਮਿੰਨੀ-ਟਰੱਕ ਵਿੱਚ 10,000 ਕਿਲੋਮੀਟਰ ਦੀ ਯਾਤਰਾ ਦੀ ਯੋਜਨਾ ਬਣਾਈ ਸੀ, ਜੋ ਇੱਕ ਰੱਥ ਵਰਗਾ ਦਿਖਾਈ ਦਿੰਦਾ ਸੀ। ਇਹ ਯਾਤਰਾ ਅਯੁੱਧਿਆ ਵਿੱਚ ਬਾਬਰੀ ਮਸਜਿਦ ਵਾਲੀ ਥਾਂ 'ਤੇ ਮੰਦਰ ਬਣਾਉਣ ਦੀ ਮੁਹਿੰਮ ਨੂੰ ਸਮਰਥਨ ਜੁਟਾਉਣ ਲਈ ਕੀਤੀ ਗਈ ਸੀ। ਅਡਵਾਨੀ ਦੀ ਯਾਤਰਾ ਸ਼ੁਰੂ ਕਰਨ ਤੋਂ ਮਹਿਜ਼ ਇੱਕ ਮਹੀਨੇ ਬਾਅਦ ਹੀ ਉਨ੍ਹਾਂ ਦੀ ਯਾਤਰਾ ਨੂੰ ਰੋਕ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਬਿਹਾਰ ਵਿੱਚ ਤਤਕਾਲੀ ਮੁੱਖ ਮੰਤਰੀ ਅਤੇ ਵਿਰੋਧੀ ਆਗੂ ਲਾਲੂ ਪ੍ਰਸਾਦ ਯਾਦਵ ਦੇ ਹੁਕਮਾਂ 'ਤੇ ਬਿਹਾਰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ ਜੇ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਦੌਰਾਨ ਨੇਤਾਵਾਂ ਵੱਲੋਂ ਕੀਤੀਆਂ ਯਾਤਰਾਵਾਂ ਦਾ ਵਰਣਨ ਕੀਤਾ ਜਾਵੇ ਤਾਂ ਬ੍ਰਿਟਿਸ਼ ਸ਼ਾਸਨ ਦਾ ਵਿਰੋਧ ਕਰਨ ਲਈ 1930 ਵਿੱਚ ਗੁਜਰਾਤ ਦੇ ਪੱਛਮੀ ਤੱਟ 'ਤੇ ਮਹਾਤਮਾ ਗਾਂਧੀ ਦੀ 380 ਕਿਲੋਮੀਟਰ ਦੀ ਯਾਤਰਾ ਭਾਰਤ ਦਾ ਹੁਣ ਤੱਕ ਦਾ ਸਭ ਤੋਂ ਇਤਿਹਾਸਕ ਮਾਰਚ ਹੈ। ਇਸ ਸਮੇਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ ਕਿ ਪੰਜਾਬ ਕਾਂਗਰਸ ਦੀ 'ਪੰਜਾਬ ਮੰਗਦਾ ਇਨਸਾਫ਼' ਮੁਹਿੰਮ ਅਤੇ ਸਾਬਕਾ ਮੁੱਖ ਮੰਤਰੀ ਚੰਨੀ ਵੱਲੋਂ ਇਸ ਸਮੇਂ ਕੀਤੀ ਜਾ ਰਹੀ 'ਜਵਾਨੀ ਸੰਭਾਲ ਸਾਈਕਲ ਯਾਤਰਾ' ਕਾਂਗਰਸ ਪਾਰਟੀ ਨੂੰ ਪੰਜਾਬ ਵਿੱਚ ਮੁੜ ਸੁਰਜੀਤ ਕਰਨਗੀਆਂ ਜਾਂ ਸਿਆਸੀ ਤਬਦੀਲੀ ਦਾ ਧੁਰਾ ਬਣ ਜਾਣਗੀਆਂ?

ਪੰਜਾਬ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਕੀਤੀਆਂ ਜਾ ਰਹੀਆਂ ਸਾਈਕਲ ਤੇ ਪੈਦਲ ਯਾਤਰਾਵਾਂ, ਸਿਆਸੀ ਮੁਹਿੰਮਾਂ, ਸਿਆਸੀ ਰੈਲੀਆਂ ਅਤੇ ਜਨਤਾ ਨਾਲ ਮੇਲਜੋਲ ਦਾ ਵੋਟਰਾਂ 'ਤੇ ਕੀ ਪ੍ਰਭਾਵ ਪੈਂਦਾ ਹੈ? (ਬਾਕੀ ਸ.ਫ਼ਾ 26 'ਤੇ)

ਮੈਸੇਜਿੰਗ, ਸੋਸ਼ਲ ਮੀਡੀਆ ਅਤੇ ਹੋਰ ਕਿਸਮਾਂ ਦੇ ਜਨਤਕ ਇਕੱਠਾਂ ਦੁਆਰਾ ਸੰਦੇਸ਼ ਭੇਜਣ ਦੇ ਨਵੇਂ ਤਰੀਕੇ ਸ਼ੁਰੂ ਹੋ ਗਏ ਹਨ। ਅੱਜ ਦੇ ਵੋਟਰ ਪੜ੍ਹੇ ਲਿਖੇ ਅਤੇ ਸਿਆਸੀ ਤੌਰ 'ਤੇ ਪੂਰੀ ਤਰ੍ਹਾਂ ਜਾਗਰੂਕ ਹਨ। ਇਸ ਕਰਕੇ ਕੋਈ ਵੀ ਸਿਆਸੀ ਪਾਰਟੀ ਵੋਟਰਾਂ ਨੂੰ ਵਰਗਲਾ ਕੇ ਸੱਤਾ ਪ੍ਰਾਪਤ ਨਹੀਂ ਕਰ ਸਕਦੀ। ਅਸਲੀਅਤ ਤਾਂ ਇਹ ਹੈ ਕਿ ਲੰਬੀਆਂ ਸਿਆਸੀ ਯਾਤਰਾਵਾਂ ਉਦੋਂ ਹੀ ਸਫਲ ਹੋਣਗੀਆਂ ਜਦੋਂ ਸਿਆਸੀ ਨੇਤਾਵਾਂ ਕੋਲ 'ਜਨਤਕ ਸੰਪਰਕ ਅਤੇ ਭਰੋਸੇਯੋਗਤਾ' ਹੋਵੇਗੀ।

ਅਮਰੀਕਾ ਵੱਲੋਂ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡਾਂ ਦੇ ਨਿਯਮਾਂ ਨੂੰ ਸਖ਼ਤ ਕਰਨ ਦੀ ਤਿਆਰੀ, ਵਿਦੇਸ਼ੀ ਕਾਮਿਆਂ ਲਈ ਹੋ ਸਕਦੀ ਮੁਸ਼ਕਿਲ

ਵਾਸ਼ਿੰਗਟਨ ਵਾਸ਼ਿੰਗਟਨ/ ਏ.ਟੀ.ਨਿਊਜ਼ः ਅਮਰੀਕਾ ਨੇ ਵਿਦੇਸ਼ੀ ਕਾਮਿਆਂ ਲਈ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡਾਂ ਦੇ ਨਿਯਮਾਂ ਨੂੰ ਸਖ਼ਤ ਕਰਨ ਦਾ ਪ੍ਰਸਤਾਵ ਰੱਖਿਆ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਫਿਜ਼ੀਕਲ ਥੈਰੇਪਿਸਟ ਅਤੇ ਨਰਸਾਂ ਤੋਂ ਲੈ ਕੇ ਉੱਚ-ਹੁਨਰਮੰਦ ਪੇਸ਼ੇਵਰਾਂ ਤੱਕ ਦੀਆਂ ਨੌਕਰੀਆਂ ਦੀ ਭਰਤੀ ਵਿੱਚ ਅਮਰੀਕੀਆਂ ਨੂੰ ਪਹਿਲ ਮਿਲੇ।

ਕਿਰਤ ਵਿਭਾਗ ਨੇ ਮੰਗਲਵਾਰ ਨੂੰ ਪ੍ਰੋਗਰਾਮ ਇਲੈਕਟ ?ਰਾਨਿਕ ਰਿਵਿਊ ਮੈਨੇਜਮੈਂਟ ਇਮੀਗ੍ਰੇਂਟ ਵੀਜ਼ਾ ਪ੍ਰਕਿਰਿਆ ਤਹਿਤ ਲੇਬਰ ਮਾਰਕੀਟ ਟੈਸਟ ਨੂੰ ਆਧੁਨਿਕ ਬਣਾਉਣ ਲਈ ਇੱਕ ਨਵੇਂ ਨਿਯਮ ਦਾ ਪ੍ਰਸਤਾਵ ਦਿੱਤਾ, ਜੋ ਕਿ 20 ਸਾਲਾਂ ਵਿੱਚ ਨਿਯਮਾਂ ਦੀ ਪਹਿਲੀ ਵੱਡੀ ਸੋਧ ਹੈ। ਪ੍ਰਸਤਾਵਿਤ ਤਬਦੀਲੀਆਂ ਤਹਿਤ ਰੁਜ਼ਗਾਰਦਾਤਾਵਾਂ 'ਤੇ ਵਿਦੇਸ਼ੀ ਕਾਮਿਆਂ ਦੇ ਅਨੁਕੂਲ ਨੌਕਰੀ ਦੇ ਮੌਕੇ ਤਿਆਰ ਕਰਨ'ਤੇ ਪਾਬੰਦੀ ਹੋਵੇਗੀ।ਪ੍ਰਸਤਾਵਿਤ ਨਿਯਮ ਤਹਿਤ ਰੁਜ਼ਗਾਰਦਾਤਾਵਾਂ ਨੂੰ ਨੌਕਰੀਆਂ ਦਾ ਇਸ਼ਤਿਹਾਰ ਦੇਣ ਵੇਲੇ ਇੱਕੋ ਜਿਹੇ ਚੈਨਲਾਂ ਅਤੇ ਤਰੀਕਿਆਂ ਦੀ ਵਰਤੋਂ ਕਰਕੇ ਕਾਮਿਆਂ ਦੀ ਭਰਤੀ ਵਿੱਚ ਬਰਾਬਰੀ ਦਾ ਮੌਕਾ ਦੇਣਾ ਜ਼ਰੂਰੀ ਹੋਵੇਗਾ। ਇਹ ਪ੍ਰਸਤਾਵ ਰਵਾਇਤੀ ਪ੍ਰਿੰਟ ਇਸ਼ਤਿਹਾਰਾਂ ਦੀ ਥਾਂ ਰੁਜ਼ਗਾਰਦਾਤਾਵਾਂ ਦੀਆਂ ਵੈੱਬਸਾਈਟਾਂ, ਜੌਬ ਪੋਰਟਲਾਂ, ਸੋਸ਼ਲ ਮੀਡੀਆ ਪਲੇਟਫਾਰਮਾਂ, ਰੁਜ਼ਗਾਰ ਮੇਲਿਆਂ ਅਤੇ ਕੈਂਪਸ ਭਰਤੀ ਰਾਹੀਂ ਆਨਲਾਈਨ ਭਰਤੀ ਕਰਨ ਦੀ ਮੰਗ ਕਰਦਾ ਹੈ।

ਇਹ ਅਸਾਮੀਆਂ ਦਾ ਇਸ਼ਤਿਹਾਰ ਦੇਣ ਦੀ ਘੱਟੋ-ਘੱਟ ਮਿਆਦ ਨੂੰ ਮੌਜੂਦਾ 30 ਦਿਨਾਂ ਤੋਂ ਵਧਾ ਕੇ 90 ਕੈਲੰਡਰ



ਦਿਨ ਕਰ ਦੇਵੇਗਾ ਅਤੇ ਰੁਜ਼ਗਾਰਦਾਤਾਵਾਂ ਨੂੰ ਇਹ ਸਾਬਤ ਕਰਨ ਦੀ ਲੋੜ ਹੋਵੇਗੀ ਕਿ ਉਨ੍ਹਾਂ ਨੇ ਯੋਗ ਅਮਰੀਕੀ ਕਾਮਿਆਂ ਦੀ ਭਰਤੀ ਲਈ ਅਸਲ ਕੋਸ਼ਿਸ਼ਾਂ ਕੀਤੀਆਂ ਹਨ।

ਕਿਰਤ ਸਕੱਤਰ ਕੀਥ ਸੋਂਡਰਲਿੰਗ ਨੇ ਕਿਹਾ, 'ਇਹ ਪ੍ਰਸਤਾਵਿਤ ਨਿਯਮ ਤਬਦੀਲੀ ਇਹ ਯਕੀਨੀ ਬਣਾਏਗੀ ਕਿ ਵਿਦੇਸ਼ੀ ਕਿਰਤੀਆਂ ਦੇ ਮੁਕਾਬਲੇ ਉੱਚ-ਹੁਨਰਮੰਦ, ਉੱਚ-ਤਨਖ਼ਾਹ ਵਾਲੇ ਨੌਕਰੀ ਦੇ ਮੌਕਿਆਂ ਲਈ ਅਮਰੀਕੀ ਕਾਮੇ ਸਭ ਤੋਂ ਪਹਿਲੀ ਕਤਾਰ ਵਿੱਚ ਹੋਣ।' ਵਿਭਾਗ ਨੇ ਉਸ ਪ੍ਰਸ਼ਾਸਕੀ ਛੋਟ ਨੂੰ ਖ਼ਤਮ ਕਰਨ ਦਾ ਵੀ ਪ੍ਰਸਤਾਵ ਰੱਖਿਆ ਹੈ ਜੋ ਰੁਜ਼ਗਾਰਦਾਤਾਵਾਂ ਨੂੰ ਕੁਝ ਖ਼ਾਸ ਕਿੱਤਿਆਂ ਲਈ ਕਾਨੂੰਨੀ ਲੇਬਰ ਮਾਰਕੀਟ ਟੈਸਟ ਨੂੰ ਬਾਈਪਾਸ ਕਰਨ ਦੀ ਇਜਾਜ਼ਤ ਦਿੰਦੀ ਸੀ। ਸੋਧੇ ਹੋਏ ਢਾਂਚੇ ਤਹਿਤ, ਫਿਜ਼ੀਕਲ ਥੈਰੇਪਿਸਟ, ਨਰਸਾਂ ਅਤੇ ਵਿਗਿਆਨ ਜਾਂ ਕਲਾ ਵਿੱਚ ਬੇਮਿਸਾਲ ਯੋਗਤਾ ਦੀ ਮੰਗ ਕਰਨ ਵਾਲੇ ਅਹੁਦਿਆਂ ਲਈ ਭਰਤੀ ਕਰਨ ਵਾਲੇ ਰੁਜ਼ਗਾਰਦਾਤਾਵਾਂ ਨੂੰ ਯੋਗ ਅਮਰੀਕੀ ਬਿਨੈਕਾਰਾਂ 'ਤੇ ਵਿਚਾਰ ਕਰਨਾ ਹੋਵੇਗਾ।

ਇਹ ਪ੍ਰਸਤਾਵ ਉਨ੍ਹਾਂ ਅਮਰੀਕੀ ਕਾਮਿਆਂ ਲਈ ਸੁਰੱਖਿਆ ਉਪਾਵਾਂ ਨੂੰ ਮਜ਼ਬੂਤ ਕਰਨ ਦੀ ਵੀ ਮੰਗ ਕਰਦਾ ਹੈ ਜਿਨ੍ਹਾਂ ਦੀ ਛਾਂਟੀ ਕੀਤੀ ਗਈ ਹੈ ਰੁਜ਼ਗਾਰਦਾਤਾਵਾਂ ਨੂੰ ਲੇਬਰ ਸਰਟੀਫਿਕੇਸ਼ਨ ਅਤੇ ਇਮੀਗ੍ਰੇਂਟ ਪਟੀਸ਼ਨ ਪ੍ਰਕਿਰਿਆਵਾਂ ਦੌਰਾਨ ਯੋਗ ਛਾਂਟੀ ਕੀਤੇ ਗਏ ਕਾਮਿਆਂ 'ਤੇ ਵਿਚਾਰ ਕਰਨਾ ਜਾਰੀ ਰੱਖਣਾ ਹੋਵੇਗਾ।

ਇਹ ਉਨ੍ਹਾਂ ਕੁਝ ਰੁਜ਼ਗਾਰਦਾਤਾਵਾਂ ਨੂੰ ਉਸੇ ਜਾਂ ਮਿਲਦੇ-ਜੁਲਦੇ ਅਹੁਦਿਆਂ ਲਈ ਸਥਾਈ ਲੇਬਰ ਸਰਟੀਫਿਕੇਸ਼ਨ ਦੀ ਮੰਗ ਕਰਨ ਤੋਂ ਰੋਕੇਗਾ ਜਿਨ੍ਹਾਂ ਨੇ ਪਿਛਲੇ ਦੋ ਸਾਲਾਂ ਦੌਰਾਨ ਅਮਰੀਕੀ ਕਾਮਿਆਂ ਦੀ ਛਾਂਟੀ ਕੀਤੀ ਹੈ। PERM ਲੇਬਰ ਸਰਟੀਫਿਕੇਸ਼ਨ ਸਥਾਈ ਨਿਵਾਸ ਲਈ ਵਿਦੇਸ਼ੀ ਨਾਗਰਿਕਾਂ ਨੂੰ ਸਪਾਂਸਰ ਕਰਨ ਦੀ ਕੋਸ਼ਿਸ਼ ਕਰ ਰਹੇ ਜ਼ਿਆਦਾਤਰ ਅਮਰੀਕੀ ਰੁਜ਼ਗਾਰਦਾਤਾਵਾਂ ਲਈ ਪਹਿਲਾ ਕਦਮ ਹੈ।

ਅਮਰੀਕੀ ਯੂਨੀਵਰਸਿਟੀਆਂ 'ਚ ਪੜ੍ਹਨ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਆਈ ਵੱਡੀ ਗਿਰਾਵਟ

ਕੌਮਾਂਤਰੀ ਵਿਦਿਆਰਥੀਆਂ ਦੀ ਘੱਟ ਗਿਣਤੀ ਕਾਰਨ ਅਮਰੀਕੀ ਅਰਥਚਾਰੇ ਨੂੰ 2.4 ਬਿਲੀਅਨ ਡਾਲਰ ਦਾ ਨੁਕਸਾਨ

ਨਿਊਯਾਰਕ/ਏ.ਟੀ.ਨਿਊਜ਼ : ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰਨ ਅਤੇ ਉੱਚ ਸਿੱਖਿਆ ਢਾਂਚੇ ਵਿੱਚ ਕੀਤੇ ਜਾ ਰਹੇ ਬਦਲਾਵਾਂ ਕਾਰਨ, ਅਮਰੀਕੀ ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਈ ਹੈ।

ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਐਜੂਕੇਸ਼ਨ ਦੇ ਇੱਕ ਸਰਵੇਖਣ ਅਨੁਸਾਰ, ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲਿਆਂ ਵਿੱਚ ਕੁੱਲ 9 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ, ਪਹਿਲੀ ਵਾਰ ਅਮਰੀਕਾ ਆਉਣ ਵਾਲੇ ਨਵੇਂ ਵਿਦਿਆਰਥੀਆਂ ਦੀ ਗਿਣਤੀ ਵੀ 15 ਫ਼ੀਸਦੀ ਘਟੀ ਹੈ। ਰਿਪੋਰਟ ਮੁਤਾਬਕ, ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੀ ਕਮੀ ਆਈ ਹੈ।

ਅਮੈਰੀਕਨ ਐਸੋਸੀਏਸ਼ਨ ਆਫ਼ ਯੂਨੀਵਰਸਿਟੀ ਪ੍ਰੋਫ਼ੈਸਰਜ਼ ਦੀ ਜਨਰਲ ਕੌਂਸਲ, ਵੀਨਾ ਦੁਬਲ ਨੇ ਕਿਹਾ, 'ਕੋਈ ਵੀ ਹੁਣ ਆਪਣੇ ਬੱਚਿਆਂ ਨੂੰ ਅਮਰੀਕਾ ਪੜ੍ਹਨ ਲਈ ਭੇਜਣਾ ਨਹੀਂ ਚਾਹੁੰਦਾ। ਇਹ ਹੁਣ ਇੱਕ ਅਸੁਰੱਖਿਅਤ ਥਾਂ ਜਾਪਦੀ ਹੈ। ਟਰੰਪ ਪ੍ਰਸ਼ਾਸਨ ਵੱਲੋਂ ਦੁਨੀਆ ਭਰ ਦੇ ਪਰਿਵਾਰਾਂ ਨੂੰ ਇਹੀ ਸੁਨੇਹਾ ਦਿੱਤਾ ਜਾ ਰਿਹਾ ਹੈ।'

ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਵੱਲੋਂ ਲਿਆਂਦੀਆਂ ਜਾ



ਰਹੀਆਂ ਨਵੀਆਂ ਨੀਤੀਆਂ ਵੀ ਇਸ ਗਿਰਾਵਟ ਦਾ ਵੱਡਾ ਕਾਰਨ ਹਨ। ਡੀ ਐੱਚ ਐੱਸ ਨੇ ਪ੍ਰਸਤਾਵ ਦਿੱਤਾ ਹੈ ਕਿ 'ਓਪੀਟੀ' ਪ੍ਰੋਗਰਾਮ ਤਹਿਤ ਟ੍ਰੇਨਿੰਗ ਕਰਨ ਵਾਲੇ ਹਰ ਵਿਦਿਆਰਥੀ ਲਈ ਸੰਸਥਾਵਾਂ ਨੂੰ 70,000 ਡਾਲਰ ਫ਼ੀਸ ਅਦਾ ਕਰਨੀ ਪਵੇਗੀ। ਡੀ ਐੱਚ ਐੱਸ ਸਕੱਤਰ ਮਾਰਕਵੇਨ ਮੁਲਿਨ ਨੇ ਕਿਹਾ ਕਿ ਇਨ੍ਹਾਂ ਬਦਲਾਵਾਂ ਦਾ ਮਕਸਦ ਉਨ੍ਹਾਂ ਖਾਮੀਆਂ ਨੂੰ ਦੂਰ ਕਰਨਾ ਹੈ ਜਿਨ੍ਹਾਂ ਦਾ ਫ਼ਾਇਦਾ ਉਠਾ ਕੇ ਵਿਦਿਆਰਥੀ ਆਪਣੀ ਪੜ੍ਹਾਈ ਦਾ ਸਮਾਂ ਵਧਾਉਂਦੇ ਹਨ।

ਸਰਵੇਖਣ ਵਿੱਚ ਸ਼ਾਮਲ 800 ਤੋਂ ਵੱਧ ਕਾਲਜਾਂ ਵਿੱਚੋਂ 88 ਫ਼ੀਸਦੀ ਨੇ ਵੀਜ਼ਾ ਪ੍ਰਕਿਰਿਆ ਅਤੇ 70 ਫ਼ੀਸਦੀ ਨੇ ਸਫ਼ਰ ਪਾਬੰਦੀਆਂ ਨੂੰ ਦਾਖਲਿਆਂ ਵਿੱਚ ਆਈ ਗਿਰਾਵਟ ਦਾ ਮੁੱਖ ਕਾਰਨ ਮੰਨਿਆ ਹੈ। ਖੋਜ ਮੁਖੀ ਮਿਰਕਾ ਮਾਰਟੇਲ ਅਨੁਸਾਰ, ਸਿਰਫ਼ ਸਿਆਸੀ ਮਾਹੌਲ ਹੀ ਨਹੀਂ, ਸਗੋਂ ਅਮਰੀਕੀ ਡਿਗਰੀ ਦੀ ਵਧਦੀ ਫ਼ੀਸ ਅਤੇ ਵਿਸ਼ਵ ਪੱਧਰ 'ਤੇ ਵੱਧ ਰਹੇ ਮੁਕਾਬਲੇ ਕਾਰਨ ਵਿਦਿਆਰਥੀ ਹੁਣ ਚੀਨ ਵਰਗੇ ਹੋਰ ਦੇਸ਼ਾਂ ਵੱਲ ਰੁਖ਼ ਕਰ ਰਹੇ ਹਨ।

ਕੌਮਾਂਤਰੀ ਵਿਦਿਆਰਥੀਆਂ ਦੀ ਕਮੀ ਕਾਰਨ ਇਸ ਵਾਰ ਅਮਰੀਕੀ ਅਰਥਚਾਰੇ ਨੂੰ 2.4 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ ਅਤੇ ਕਾਲਜਾਂ ਦੇ ਬਜਟ 'ਤੇ ਡੂੰਘਾ ਅਸਰ ਪਿਆ ਹੈ। ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿੱਚ ਪਿਛਲੇ ਦੋ ਸਾਲਾਂ ਵਿੱਚ ਕੌਮਾਂਤਰੀ ਦਾਖਲੇ 1,542 ਤੋਂ ਘੱਟ ਕੇ 828 ਰਹਿ ਗਏ ਹਨ, ਜੋ ਕਿ 46 ਫ਼ੀਸਦੀ ਦੀ ਵੱਡੀ ਗਿਰਾਵਟ ਹੈ। ਅੰਕੜੇ ਦੱਸਦੇ ਹਨ ਕਿ ਸਭ ਤੋਂ ਵੱਧ ਅਸਰ ਗ੍ਰੈਜੂਏਟ ਪੱਧਰ 'ਤੇ ਪਿਆ ਹੈ, ਜਿੱਥੇ 15 ਫ਼ੀਸਦੀ ਦੀ ਕਮੀ ਆਈ ਹੈ। ਅਮਰੀਕੀ ਸਿੱਖਿਆ ਕੌਂਸਲ ਨੂੰ ਉਮੀਦ ਹੈ ਕਿ ਸੰਸਦੀ ਨਿਗਰਾਨੀ ਨਾਲ ਵਿਦਿਆਰਥੀਆਂ ਲਈ ਨੀਤੀਆਂ ਵਿੱਚ ਭਵਿੱਖ 'ਚ ਕੁਝ ਸਥਿਰਤਾ ਆ ਸਕਦੀ ਹੈ।

ਅਮਰੀਕੀ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਸਰਗਰਮ ਹੋਇਆ ਅਮਰੀਕੀ ਕਿਰਤ ਵਿਭਾਗ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ 'ਚ ਰੁਜ਼ਗਾਰ ਆਧਾਰਿਤ ਇਮੀਗ੍ਰੇਸ਼ਨ ਪ੍ਰੋਗਰਾਮਾਂ ਦੀ ਕਥਿਤ ਦੁਰਵਰਤੋਂ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਨੇ ਸਖ਼ਤੀ ਵਧਾਉਣ ਦੇ ਸੰਕੇਤ ਦਿੱਤੇ ਹਨ। ਐੱਚ-1-ਬੀ ਵੀਜ਼ਾ ਅਤੇ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਪ੍ਰਕਿਰਿਆ ਵਿੱਚ ਗੜਬੜੀ ਦੇ ਦੋਸ਼ਾਂ ਦੀ ਜਾਂਚ ਦਾ ਘੇਰਾ ਹੁਣ ਹੋਰ ਕੰਪਨੀਆਂ ਅਤੇ ਵਿਦਿਅਕ ਅਦਾਰਿਆਂ ਤੱਕ ਪਹੁੰਚ ਸਕਦਾ ਹੈ। ਅਮਰੀਕੀ ਕਿਰਤ ਵਿਭਾਗ ਦੇ ਇੰਸਪੈਕਟਰ ਜਨਰਲ ਐਂਥਨੀ ਡੀ. ਐਸਪੋਸਿਟੋ ਨੇ ਕਿਹਾ ਹੈ ਕਿ ਅਸਥਾਈ ਵਰਕ ਵੀਜ਼ਾ ਕੰਪਨੀਆਂ ਲਈ ਲੰਬੇ ਸਮੇਂ ਤੱਕ ਕਾਰੋਬਾਰ ਚਲਾਉਣ ਦਾ ਮਾਧਿਅਮ ਨਹੀਂ ਹੋ ਸਕਦੇ। ਉਨ੍ਹਾਂ ਸਪੱਸ਼ਟ ਕੀਤਾ ਕਿ ਐੱਚ-1-ਬੀ ਵੀਜ਼ਾ ਦੀ ਵਰਤੋਂ ਉਦੋਂ ਹੀ ਹੋਣੀ ਚਾਹੀਦੀ ਹੈ, ਜਦੋਂ ਕਿਸੇ ਅਹੁਦੇ ਲਈ ਯੋਗ ਅਤੇ ਇੱਛੁਕ ਅਮਰੀਕੀ ਕਰਮਚਾਰੀ ਉਪਲੱਬਧ ਨਾ ਹੋਵੇ।



ਅਮਰੀਕੀ ਕਰਮਚਾਰੀਆਂ ਨੂੰ ਤਰਜੀਹ ਦੇਣ 'ਤੇ ਜ਼ੋਰ

ਇੱਕ ਇੰਟਰਵਿਊ 'ਚ ਡੀ. ਐਸਪੋਸਿਟੋ ਨੇ ਕਿਹਾ ਕਿ ਐੱਚ-1ਬੀ ਵੀਜ਼ਾ ਵਿਵਸਥਾ ਦਾ ਉਦੇਸ਼ ਉਨ੍ਹਾਂ ਅਹੁਦਿਆਂ ਲਈ ਵਿਦੇਸ਼ੀ ਪ੍ਰਤਿਭਾਵਾਂ ਨੂੰ ਮੌਕਾ ਦੇਣਾ ਹੈ, ਜਿਨ੍ਹਾਂ ਨੂੰ ਭਰਨ ਲਈ ਅਮਰੀਕਾ 'ਚ ਢੁੱਕਵੇਂ ਕਰਮਚਾਰੀ ਨਹੀਂ ਮਿਲ ਰਹੇ। ਉਨ੍ਹਾਂ ਕਿਹਾ ਕਿ ਕੰਪਨੀਆਂ ਇਸ ਪ੍ਰੋਗਰਾਮ ਨੂੰ ਨਿਯਮਤ ਕਾਰੋਬਾਰੀ ਮਾਡਲ ਵਾਂਗ ਨਹੀਂ ਵਰਤ ਸਕਦੀਆਂ। ਉਨ੍ਹਾਂ ਮੁਤਾਬਕ, ਇਹ ਕਾਰਵਾਈ ਪ੍ਰਵਾਸ ਵਿਰੋਧੀ ਨਹੀਂ, ਸਗੋਂ ਅਮਰੀਕੀ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਪ੍ਰਤਿਭਾਸ਼ਾਲੀ ਅਤੇ ਯੋਗ ਲੋਕਾਂ ਦੀ ਕਮੀ ਨਹੀਂ ਹੈ ਅਤੇ ਘਰੇਲੂ ਕਰਮਚਾਰੀਆਂ ਨੂੰ ਤਰਜੀਹ ਮਿਲਣੀ ਚਾਹੀਦੀ ਹੈ।

ਭਾਰਤੀ ਆਈ.ਟੀ. ਕੰਪਨੀਆਂ ਵੀ ਜਾਂਚ ਦੇ ਘੇਰੇ 'ਚ

ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਟਰੰਪ ਪ੍ਰਸ਼ਾਸਨ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਪ੍ਰਕਿਰਿਆ ਵਿੱਚ ਕਥਿਤ ਗੜਬੜੀਆਂ ਦੀ ਜਾਂਚ ਕਰ ਰਿਹਾ ਹੈ। ਅਕਤੂਬਰ ਵਿਚ ਮਾਈਕ੍ਰੋਸਾਫਟ, ਅਡੋਬ ਅਤੇ 6 ਹੋਰ ਤਕਨਾਲੋਜੀ ਤੇ ਆਊਟਸੋਰਸਿੰਗ ਕੰਪਨੀਆਂ ਖ਼ਿਲਾਫ਼ ਸਥਾਈ ਕਿਰਤ ਪ੍ਰਮਾਣੀਕਰਨ (ਪੀ. ਈ. ਆਰ. ਐੱਮ.) ਪ੍ਰੋਗਰਾਮ ਤਹਿਤ ਅਰਜ਼ੀ ਪ੍ਰਕਿਰਿਆ ਮੁਅੱਤਲ ਕੀਤੀ ਗਈ ਸੀ। ਇਨ੍ਹਾਂ ਵਿਚ ਕਾਗਨੀਜ਼ੈਂਟ, ਇਨਫੋਸਿਸ, ਟਾਟਾ ਕੰਸਲਟੈਂਸੀ ਸਰਵਿਸਿਜ਼, ਵਿਪਰੋ, ਐੱਚ. ਸੀ. ਐੱਲ. ਟੈਕਨਾਲੋਜੀਜ਼ ਅਤੇ ਕੈਪਜੈਮਿਨੀ ਸ਼ਾਮਲ ਹਨ।

ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਖ਼ਤਮ ਕਰਨ ਲਈ ਅਮਰੀਕਾ ਵੱਲੋਂ ਨਵੀਂ ਪੇਸ਼ਕਸ਼

ਯੂਕ੍ਰੇਨ ਨੂੰ ਮਿਲ ਸਕਦੀ ਹੈ 'ਨਾਟੋ' ਦੀ ਮੈਂਬਰਸ਼ਿਪ

ਵਾਸ਼ਿੰਗਟਨ/ਏ.ਟੀ.ਨਿਊਜ਼ : ਰੂਸ ਅਤੇ ਯੂਕ੍ਰੇਨ ਵਿਚਾਲੇ ਪਿਛਲੇ ਕਰੀਬ 5 ਸਾਲਾਂ ਤੋਂ ਚੱਲਦੀ ਆ ਰਹੀ ਜੰਗ ਨੂੰ ਖ਼ਤਮ ਕਰਨ ਲਈ ਅਮਰੀਕਾ ਨੇ ਇੱਕ ਨਵਾਂ ਅਤੇ ਅਹਿਮ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਪੇਸ਼ਕਸ਼ ਤਹਿਤ ਜੇਕਰ ਯੂਕ੍ਰੇਨ ਡੋਨਬਾਸ ਇਲਾਕੇ ਤੋਂ ਆਪਣੀਆਂ ਫ਼ੌਜਾਂ ਪਿੱਛੇ ਹਟਾ ਲਵੇ ਤਾਂ ਉਸ ਨੂੰ 'ਨਾਟੋ' ਦੀ ਮੈਂਬਰਸ਼ਿਪ ਦਿੱਤੀ ਜਾ ਸਕਦੀ ਹੈ। ਅਮਰੀਕਾ ਦੇ ਇਸ ਸੁਝਾਅ 'ਤੇ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੇਂਸਕੀ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਅਮਰੀਕਾ ਅਤੇ ਨਾਟੋ ਦੇ ਹੋਰ ਸਹਿਯੋਗੀ ਦੇਸ਼ ਯੂਕ੍ਰੇਨ ਨੂੰ ਸੁਰੱਖਿਆ ਦੀ ਗਾਰੰਟੀ ਦੇਣ ਤਾਂ ਡੋਨਬਾਸ ਬਾਰੇ ਕਿਸੇ ਵੀ ਸਮਝੌਤੇ 'ਤੇ ਆਖ਼ਰੀ ਫ਼ੈਸਲਾ ਯੂਕ੍ਰੇਨ ਦੀ ਜਨਤਾ ਦਾ ਹੋਵੇਗਾ।

ਰੂਸ ਲੰਬੇ ਸਮੇਂ ਤੋਂ ਡੋਨਬਾਸ ਖੇਤਰ 'ਤੇ ਆਪਣਾ ਕਬਜ਼ਾ ਚਾਹੁੰਦਾ ਹੈ, ਜਦਕਿ ਯੂਕ੍ਰੇਨ ਭਵਿੱਖ 'ਚ ਰੂਸੀ ਹਮਲਿਆਂ ਤੋਂ ਬਚਣ ਲਈ ਨਾਟੋ ਦੀ ਮੈਂਬਰਸ਼ਿਪ ਨੂੰ ਸਭ ਤੋਂ ਵੱਡਾ ਸੁਰੱਖਿਆ ਕਵਚ ਮੰਨਦਾ ਹੈ। ਹਾਲਾਂਕਿ, ਮਾਸਕੋ ਸ਼ੁਰੂ ਤੋਂ ਹੀ ਯੂਕ੍ਰੇਨ ਦੇ ਨਾਟੋ 'ਚ ਸ਼ਾਮਲ ਹੋਣ ਦਾ ਸਖ਼ਤ ਵਿਰੋਧ ਕਰਦਾ ਆ ਰਿਹਾ ਹੈ, ਜਿਸ ਕਾਰਨ ਇਸ ਪ੍ਰਸਤਾਵ 'ਤੇ ਰੂਸ ਦੀ ਸਹਿਮਤੀ ਬਣਨਾ ਇੱਕ ਵੱਡੀ ਚੁਣੌਤੀ ਹੈ।ਜੇਕਰ ਯੂਕ੍ਰੇਨ ਅਮਰੀਕਾ ਦੀ ਗੱਲ ਮੰਨ ਕੇ ਡੋਨਬਾਸ ਖੇਤਰ ਨੂੰ ਛੱਡ ਕੇ ਨਾਟੋ 'ਚ ਸ਼ਾਮਲ ਹੁੰਦਾ ਹੈ ਤਾਂ ਇਸ ਗੱਲ ਤੋਂ ਰੂਸ ਵੀ ਨਾਰਾਜ਼ ਹੋ ਸਕਦਾ ਹੈ, ਕਿਉਂਕਿ ਉਹ ਸ਼ੁਰੂ ਤੋਂ ਹੀ ਯੂਕ੍ਰੇਨ ਦੇ ਨਾਟੋ 'ਚ ਸ਼ਾਮਲ ਹੋਣ ਦੇ ਖ਼ਿਲਾਫ਼ ਰਿਹਾ ਹੈ। ਜੇ ਯੂਕ੍ਰੇਨ ਨਾਟੋ 'ਚ ਸ਼ਾਮਲ ਹੋ ਗਿਆ ਤਾਂ ਨਾਟੋ ਰੂਸ ਦੀ ਸਰਹੱਦ ਤੱਕ ਆ ਪਹੁੰਚੇਗਾ, ਜੋ ਕਿ ਰੂਸ ਲਈ ਵੱਡੀ ਮੁਸੀਬਤ ਬਣ ਜਾਵੇਗਾ। ਇਸ ਕਾਰਨ ਇਸ ਸਮਝੌਤੇ 'ਤੇ ਸਹਿਮਤੀ ਬਣਨਾ ਵੀ ਬਹੁਤ ਮੁਸ਼ਕਿਲ ਜਾਪਦੀ ਹੈ।ਜ਼ੈਲੇਂਸਕੀ ਨੇ ਹਾਲ ਹੀ 'ਚ ਸੰਯੁਕਤ ਅਰਬ ਅਮੀਰਾਤ ਦੀ ਰਾਜਧਾਨੀ ਅਬੂ ਧਾਬੀ 'ਚ ਯੂਕ੍ਰੇਨ, ਅਮਰੀਕਾ ਅਤੇ ਰੂਸ ਦੇ ਵਫ਼ਦਾਂ ਵਿਚਾਲੇ



ਹੋਈ ਤਿੰਨ-ਪੱਖੀ ਬੈਠਕ ਨੂੰ ਰਚਨਾਤਮਕ ਅਤੇ ਸਾਰਥਕ ਦੱਸਿਆ ਹੈ। ਇਸ ਗੱਲਬਾਤ 'ਚ ਜੰਗੀ ਕੈਦੀਆਂ ਦੀ ਰਿਹਾਈ, ਤਣਾਅ ਘਟਾਉਣ ਅਤੇ ਯੂਕ੍ਰੇਨ ਲਈ ਸੁਰੱਖਿਆ ਗਾਰੰਟੀਆਂ ਵਰਗੇ ਮੁੱਦਿਆਂ 'ਤੇ ਚਰਚਾ ਹੋਈ।

ਐਲਨ ਮਸਕ ਦੀ ਕੰਪਨੀ 'ਸਪੇਸਐਕਸ' ਨੇ ਪੁਲਾੜ ਖੋਜ ਦੇ ਖੇਤਰ 'ਚ ਸਿਰਜਿਆ ਨਵਾਂ ਇਤਿਹਾਸ

ਵਾਸ਼ਿੰਗਟਨ/ਟੈਕਸਾਸ/ਏ.ਟੀ.ਨਿਊਜ਼ : ਪੁਲਾੜ ਖੋਜ ਦੇ ਖੇਤਰ ਵਿੱਚ ਨਵਾਂ ਇਤਿਹਾਸ ਸਿਰਜਦਿਆਂ ਐਲਨ ਮਸਕ ਦੀ ਕੰਪਨੀ 'ਸਪੇਸਐਕਸ' ਨੇ ਲੰਘੇ ਦਿਨੀਂ ਆਪਣੇ ਵਿਸ਼ਾਲ 'ਸਟਾਰਸ਼ਿਪ' ਪੁਲਾੜ ਯਾਨ ਨੂੰ ਔਰਬਿਟ ਤੋਂ ਵਾਪਸ ਧਰਤੀ 'ਤੇ ਲਿਆ ਕੇ ਲਾਂਚ ਟਾਵਰ 'ਮੇਕਾਜ਼ਿਲਾ' ਦੀਆਂ ਮਸ਼ੀਨੀ ਬਾਹਾਂ ਵਿੱਚ ਸਿੱਧਾ ਅਤੇ ਸੁਰੱਖਿਅਤ ਫੜਨ ਦਾ ਅਦਭੁੱਤ ਕਾਰਨਾਮਾ ਕਰ ਦਿਖਾਇਆ ਹੈ। ਇਹ ਪੁਲਾੜ ਇਤਿਹਾਸ ਵਿੱਚ ਪਹਿਲਾ ਮੌਕਾ ਹੈ ਜਦੋਂ ਕਿਸੇ ਔਰਬਿਟਲ ਰਾਕੇਟ ਦਾ ਉੱਪਰਲਾ ਹਿੱਸਾ ਪੁਲਾੜ ਤੋਂ ਵਾਪਸ ਪਰਤ ਕੇ ਲਾਂਚ ਸਾਈਟ 'ਤੇ ਸਿੱਧਾ ਉੱਤਰਿਆ ਹੈ, ਜੋ ਭਵਿੱਖ ਵਿੱਚ ਰਾਕੇਟਾਂ ਦੀ ਮੁੜ ਵਰਤੋਂ ਦੀ ਦਿਸ਼ਾ ਨੂੰ ਪੂਰੀ ਤਰ੍ਹਾਂ ਬਦਲ ਦੇਵੇਗਾ।

ਇਸ ਪ੍ਰਾਪਤੀ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਐਲਨ ਮਸਕ ਨੇ ਐਕਸ 'ਤੇ ਇੰਜੀਨੀਅਰਾਂ ਅਤੇ



ਟੀਮ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਵਿਗਿਆਨਕ ਕਲਪਨਾ ਵਰਗੇ ਦ੍ਰਿਸ਼ ਨੂੰ ਹਕੀਕਤ ਵਿੱਚ ਬਦਲ ਦਿੱਤਾ। ਨਾਸਾ ਦੇ ਪ੍ਰਸ਼ਾਸਕ ਜੈਰੇਡ ਆਈਜ਼ੈਕਮੈਨ ਨੇ ਵੀ ਇਸ ਨੂੰ ਜਾਦੂਈ ਪਲ ਦੱਸਦਿਆਂ ਕਿਹਾ ਕਿ ਇਹ ਸਫ਼ਲਤਾ ਮਨੁੱਖ ਨੂੰ ਚੰਦਰਮਾ ਦੇ ਮਿਸ਼ਨ ਦੇ ਹੋਰ ਨੇੜੇ ਲੈ ਗਈ ਹੈ।

ਸਪੇਸਐਕਸ ਅਨੁਸਾਰ, ਸਟਾਰਸ਼ਿਪ ਨੇ ਆਪਣੀ 15ਵੀਂ ਉਡਾਣ ਲਈ ਪਿਛਲੇ ਦਿਨੀਂ ਟੈਕਸਾਸ ਸਥਿਤ 'ਸਟਾਰਬੇਸ' ਤੋਂ ਉਡਾਣ ਭਰੀ ਸੀ। 'ਸੁਪਰ ਹੈਵੀ ਬੂਸਟਰ' ਤੋਂ ਵੱਖ ਹੋਣ ਮਗਰੋਂ ਸਟਾਰਸ਼ਿਪ ਨੇ ਔਰਬਿਟ ਵਿੱਚ ਪਹੁੰਚ ਕੇ 26 ਸਟਾਰਲਿੰਕ ਸੈਟੇਲਾਈਟ ਸਥਾਪਤ ਕੀਤੇ। ਹਾਲਾਂਕਿ, ਵਾਪਸੀ ਸਮੇਂ ਈਂਧਨ ਘੱਟ ਹੋਣ ਕਾਰਨ ਬੂਸਟਰ ਨੂੰ ਸੁਰੱਖਿਆ ਵਜੋਂ ਸਮੁੰਦਰ ਵੱਲ ਮੋੜ ਕੇ ਨਸ਼ਟ ਕਰਨਾ ਪਿਆ, ਪਰ ਸਟਾਰਸ਼ਿਪ 20 ਘੰਟਿਆਂ ਤੋਂ ਵੱਧ ਸਮਾਂ ਪੁਲਾੜ ਵਿੱਚ ਰਹਿਣ ਤੋਂ ਬਾਅਦ ਲਗਭਗ 22.5 ਘੰਟਿਆਂ ਮਗਰੋਂ ਵਾਪਸ ਟੈਕਸਾਸ ਪਰਤ ਆਇਆ। ਬੱਦਲਾਂ ਵਿੱਚੋਂ ਨਿਕਲਣ ਮਗਰੋਂ ਤਿੰਨ ਰੈਪਟਰ ਇੰਜਣਾਂ ਦੀ ਮਦਦ ਨਾਲ ਯਾਨ ਦੀ ਗਤੀ ਹੌਲੀ ਕਰਕੇ ਇਸ ਨੂੰ ਮੇਕਾਜ਼ਿਲਾ ਦੀਆਂ ਮਸ਼ੀਨੀ ਬਾਹਾਂ ਵਿੱਚ ਸੁਰੱਖਿਅਤ ਉਤਾਰ ਲਿਆ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਕਾਂਗਰਸ ਦੇ ਦੋਵਾਂ ਸਦਨਾਂ ਵਿਚੋਂ ਬਹੁਮਤ ਗੁਆਉਣ ਮਗਰੋਂ ਟਰੰਪ ਦੀਆਂ ਚੁਣੌਤੀਆਂ ਵਧੀਆਂ

ਵਾਸ਼ਿੰਗਟਨ/ਏ .ਟੀ .ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਇਨ੍ਹੀਂ ਦਿਨੀਂ ਆਪਣੇ ਸਿਆਸੀ ਕਰੀਅਰ ਦੇ ਸਭ ਤੋਂ ਔਖੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਹਾਲ ਹੀ ਵਿੱਚ ਸਾਹਮਣੇ ਆਏ ਤਾਜ਼ਾ ਸਰਵੇਖਣਾਂ ਅਤੇ 3 ਨਵੰਬਰ 2026 ਨੂੰ ਹੋਈਆਂ ਅਮਰੀਕੀ ਮੱਧਕਾਲੀ (ਮਿਡਟਰਮ) ਚੋਣਾਂ ਦੇ ਨਤੀਜਿਆਂ ਨੇ ਉਨ੍ਹਾਂ ਦੀਆਂ ਮੁਸ਼ਕਿਲਾਂ ਕਾਫ਼ੀ ਵਧਾ ਦਿੱਤੀਆਂ ਹਨ। ਰਾਇਟਰਜ਼/ਇਪਸੋਸ ਦੇ ਤਾਜ਼ਾ ਪੋਲ ਮੁਤਾਬਕ ਟਰੰਪ ਦੀ ਲੋਕਪ੍ਰਿਅਤਾ ਡਿੱਗ ਕੇ ਮਹਿਜ਼ 32 ਫੀਸਦੀ 'ਤੇ ਆ ਗਈ ਹੈ, ਜੋ ਕਿ ਉਨ੍ਹਾਂ ਦੇ ਕਾਰਜਕਾਲ ਦਾ ਸਭ ਤੋਂ ਹੇਠਲਾ ਪੱਧਰ ਹੈ। ਇਸ ਵੱਡੀ ਗਿਰਾਵਟ ਤੋਂ ਬਾਅਦ ਹੁਣ ਇਹ ਚਰਚਾ ਤੇਜ਼ ਹੋ ਗਈ ਹੈ ਕਿ ਕੀ ਟਰੰਪ ਆਪਣਾ ਬਾਕੀ ਬਚਿਆ ਦੋ ਸਾਲ ਦਾ ਕਾਰਜਕਾਲ ਪੂਰਾ ਕਰ ਸਕਣਗੇ ਜਾਂ ਫਿਰ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਅਸਤੀਫ਼ਾ ਦੇਣਾ ਪਵੇਗਾ ?

ਕੀ ਹੈ ਅਪਰੂਵਲ ਰੇਟਿੰਗ ਅਤੇ ਕਿਉਂ ਡਿੱਗਿਆ ਟਰੰਪ ਦਾ ਗ੍ਰਾਫ਼ ?

ਸਿਆਸਤ ਵਿੱਚ 'ਅਪਰੂਵਲ ਰੇਟਿੰਗ' ਦਾ ਮਤਲਬ ਹੁੰਦਾ ਹੈ ਕਿ ਕਿਸੇ ਦੇਸ਼ ਦੇ ਕਿੰਨੇ ਫੀਸਦੀ ਨਾਗਰਿਕ ਆਪਣੇ ਰਾਸ਼ਟਰਪਤੀ ਜਾਂ ਸਰਕਾਰ ਦੀਆਂ ਨੀਤੀਆਂ ਅਤੇ ਕੰਮਕਾਜ ਤੋਂ ਖੁਸ਼ ਹਨ। ਤਾਜ਼ਾ ਸਰਵੇਖਣ ਦੱਸਦਾ ਹੈ ਕਿ ਅਮਰੀਕਾ ਦੇ 100 ਵਿੱਚੋਂ ਸਿਰਫ਼ 32 ਲੋਕ ਹੀ ਟਰੰਪ ਦੇ ਫੈਸਲਿਆਂ ਨਾਲ ਸਹਿਮਤ ਹਨ। ਹਾਲਾਂਕਿ ਪਿਛਲੇ ਮਹੀਨੇ ਦੇ ਮੁਕਾਬਲੇ ਇਸ ਵਿੱਚ 1 ਫੀਸਦੀ ਦਾ ਮਾਮੂਲੀ ਸੁਧਾਰ ਹੋਇਆ ਹੈ, ਪਰ ਇਹ ਅੰਕੜਾ ਹਾਲੇ ਵੀ ਬੇਹੱਦ ਚਿੰਤਾਜਨਕ ਹੈ। ਆਮ ਅਮਰੀਕੀ ਨਾਗਰਿਕਾਂ ਦੀ ਟਰੰਪ ਪ੍ਰਤੀ ਨਾਰਾਜ਼ਗੀ ਦੇ ਪਿੱਛੇ ਤਿੰਨ ਮੁੱਖ ਕਾਰਨ ਸਾਹਮਣੇ ਆਏ ਹਨ।

ਸਰਵੇਖਣ ਮੁਤਾਬਕ ਸਿਰਫ਼ 21 ਫੀਸਦੀ ਅਮਰੀਕੀ ਹੀ ਮੰਨਦੇ ਹਨ ਕਿ ਟਰੰਪ ਮਹਿੰਗਾਈ ਨੂੰ ਕਾਬੂ ਕਰਨ ਵਿੱਚ ਸਫਲ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕਮਾਈ ਨਾਲੋਂ ਖ਼ਰਚੇ ਜ਼ਿਆਦਾ ਹੋ ਗਏ ਹਨ, ਜਿਸ ਕਾਰਨ ਘਰ ਚਲਾਉਣਾ ਮੁਸ਼ਕਿਲ ਹੋ ਗਿਆ ਹੈ।

ਇਰਾਨ ਨਾਲ ਚੱਲ ਰਹੀ ਜੰਗ ਦਾ ਸਿੱਧਾ ਅਸਰ ਅਮਰੀਕੀ ਅਰਥਵਿਵਸਥਾ 'ਤੇ ਪਿਆ ਹੈ। ਇਸ ਜੰਗ ਕਾਰਨ ਅਮਰੀਕਾ ਵਿੱਚ ਈਂਧਨ (ਪੈਟਰੋਲ-ਡੀਜ਼ਲ) ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਆਮ ਅਮਰੀਕੀ ਨਾਗਰਿਕ ਇਸ ਜੰਗ ਦੇ ਖ਼ਿਲਾਫ਼ ਹਨ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਜੰਗ ਵਿੱਚ ਅਮਰੀਕਾ ਦਾ ਆਪਣਾ ਕੋਈ ਸਿੱਧਾ ਫਾਇਦਾ ਨਹੀਂ ਹੈ, ਸਗੋਂ ਆਮ ਜਨਤਾ ਨੂੰ ਮਹਿੰਗਾਈ ਦੀ ਮਾਰ ਝੱਲਣੀ ਪੈ ਰਹੀ ਹੈ।

ਵੋਟਰਾਂ ਵਿੱਚ ਇਸ ਗੱਲ ਨੂੰ ਲੈ ਕੇ ਵੀ ਰੋਸ ਹੈ ਕਿ ਟਰੰਪ ਪ੍ਰਸ਼ਾਸਨ ਵਿੱਚ ਪਾਰਦਰਸ਼ਤਾ ਦੀ ਕਮੀ ਹੈ ਅਤੇ ਕਈ ਫੈਸਲਿਆਂ ਰਾਹੀਂ ਸੱਤਾਧਾਰੀ ਧਿਰ ਨੇ ਆਪਣੇ ਨਿੱਜੀ ਅਤੇ ਪਰਿਵਾਰਕ ਆਰਥਿਕ ਹਿੱਤਾਂ ਨੂੰ ਪਹਿਲ ਦਿੱਤੀ ਹੈ।

ਮਿਡਟਰਮ ਚੋਣਾਂ ਵਿੱਚ ਰਿਪਬਲਿਕਨ ਪਾਰਟੀ ਦੀ ਕਰਾਰੀ ਹਾਰ


ਲੋਕਾਂ ਦੀ ਇਸੇ ਨਾਰਾਜ਼ਗੀ ਦਾ ਸਿੱਧਾ ਅਸਰ 3 ਨਵੰਬਰ 2026 ਨੂੰ ਹੋਈਆਂ ਅਮਰੀਕੀ ਮੱਧਕਾਲੀ ਚੋਣਾਂ ਵਿੱਚ ਦੇਖਣ ਨੂੰ ਮਿਲਿਆ। ਟਰੰਪ ਦੀ ਰਿਪਬਲਿਕਨ ਪਾਰਟੀ ਨੂੰ ਇਨ੍ਹਾਂ ਚੋਣਾਂ ਵਿੱਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਅਮਰੀਕੀ ਸੰਸਦ (ਕਾਂਗਰਸ) ਦੇ ਦੋਵਾਂ ਸਦਨਾਂ ਤੋਂ ਉਨ੍ਹਾਂ ਦਾ ਕਬਜ਼ਾ ਖ਼ਤਮ ਹੋ ਗਿਆ ਹੈ।

435 ਮੈਂਬਰੀ ਹੇਠਲੇ ਸਦਨ ਵਿੱਚ ਬਹੁਮਤ ਲਈ 218 ਸੀਟਾਂ ਦੀ ਲੋੜ ਹੁੰਦੀ ਹੈ। ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 240 ਸੀਟਾਂ ਜਿੱਤ ਲਈਆਂ ਹਨ। ਸਾਲ 2008 ਤੋਂ ਬਾਅਦ ਹੇਠਲੇ ਸਦਨ ਵਿੱਚ ਇਹ ਡੈਮੋਕ੍ਰੇਟਸ ਦੀ ਸਭ ਤੋਂ ਵੱਡੀ ਜਿੱਤ ਹੈ।

ਉੱਪਰੀ ਸਦਨ ਵਿੱਚ ਵੀ ਡੈਮੋਕ੍ਰੇਟਸ ਨੇ 54 ਸੀਟਾਂ ਜਿੱਤ ਕੇ ਬਹੁਮਤ ਹਾਸਲ ਕਰ ਲਿਆ ਹੈ, ਜਦਕਿ ਰਿਪਬਲਿਕਨ ਪਾਰਟੀ 44 ਸੀਟਾਂ 'ਤੇ ਸਿਮਟ ਗਈ ਹੈ। ਹੈਰਾਨੀ ਦੀ ਗੱਲ ਇਹ ਰਹੀ ਕਿ ਡੈਮੋਕ੍ਰੇਟਸ ਨੇ ਟੈਕਸਾਸ, ਕੰਸਾਸ ਅਤੇ ਸਾਊਥ ਕੈਰੋਲੀਨਾ ਵਰਗੇ ਸੂਬਿਆਂ ਵਿੱਚ ਵੀ ਜਿੱਤ ਦਰਜ ਕੀਤੀ, ਜੋ ਰਵਾਇਤੀ ਤੌਰ 'ਤੇ ਰਿਪਬਲਿਕਨ ਪਾਰਟੀ ਦੇ ਗੜ੍ਹ ਮੰਨੇ ਜਾਂਦੇ ਹਨ। ਟੈਕਸਾਸ ਵਿੱਚ ਤਾਂ 30 ਸਾਲਾਂ ਬਾਅਦ ਕਿਸੇ ਡੈਮੋਕ੍ਰੇਟ ਉਮੀਦਵਾਰ ਨੇ ਸੂਬਾ ਪੱਧਰੀ ਚੋਣ ਜਿੱਤੀ ਹੈ।

ਚੋਣਾਂ ਵਿੱਚ ਮਿਲੀ ਇਸ ਹਾਰ ਤੋਂ ਬਾਅਦ ਟਰੰਪ ਨੂੰ ਸਿਰਫ਼ ਵਿਰੋਧੀਆਂ ਤੋਂ ਹੀ ਨਹੀਂ, ਸਗੋਂ ਆਪਣੀ ਹੀ ਰਿਪਬਲਿਕਨ ਪਾਰਟੀ ਦੇ ਅੰਦਰੋਂ ਵੀ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਦੇ ਕਈ ਸੀਨੀਅਰ ਆਗੂਆਂ ਦਾ ਮੰਨਣਾ ਹੈ ਕਿ ਟਰੰਪ ਦੀਆਂ ਨੀਤੀਆਂ ਕਾਰਨ ਪਾਰਟੀ ਨੂੰ ਇਹ ਨੁਕਸਾਨ ਝੱਲਣਾ ਪਿਆ ਹੈ। ਕਈ ਆਗੂ ਤਾਂ ਹੁਣ 2028 ਦੀਆਂ ਰਾਸ਼ਟਰਪਤੀ ਚੋਣਾਂ ਲਈ ਆਪਣੀ ਦਾਅਵੇਦਾਰੀ ਪੇਸ਼ ਕਰਨ ਦੀ ਤਿਆਰੀ ਕਰ ਰਹੇ ਹਨ ਅਤੇ ਟਰੰਪ ਦੇ ਖ਼ਿਲਾਫ਼ ਖੁੱਲ੍ਹ ਕੇ ਮੋਰਚਾ ਖੋਲ੍ਹਣ ਦੇ ਰੌਂਅ ਵਿੱਚ ਹਨ। ਹਾਲਾਂਕਿ, ਟਰੰਪ ਨੇ ਇਸ ਹਾਰ ਦੀ ਨਿੱਜੀ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਚੋਣ ਉਹ ਨਹੀਂ ਹਾਰੇ, (**ਬਾਕੀ ਸਫ਼ਾ 27 'ਤੇ**)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥



ਪੰਥਕ ਕਾਨਫਰੰਸ

ਖੁੱਲ੍ਹਾ ਸੱਦਾ ਪੱਤਰ

ਕੈਲੀਫੋਰਨੀਆ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਸੰਸਥਾਵਾਂ ਅਤੇ ਪੰਥਕ ਹਿਤੈਸ਼ੀਆਂ ਨੂੰ ਨਿੱਘਾ ਸੱਦਾ ਦਿੱਤਾ ਜਾਂਦਾ ਹੈ ਕਿ ਆਓ, ਅਸੀਂ ਸਾਰੇ ਮਿਲ ਬੈਠ ਕੇ ਮੌਜੂਦਾ ਪੰਥਕ ਮਸਲਿਆਂ 'ਤੇ ਗੰਭੀਰ ਅਤੇ ਉਸਾਰੂ ਵਿਚਾਰ-ਵਟਾਂਦਰਾ ਕਰੀਏ।

ਇਸ ਇਕੱਤਰਤਾ ਦਾ ਮੁੱਖ ਉਦੇਸ਼ ਹੈ:

- ਸਿੱਖ ਕੌਮ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਅਤੇ ਸਮੱਸਿਆਵਾਂ ਬਾਰੇ ਸਾਂਝੀ ਵਿਚਾਰ-ਚਰਚਾ ਕਰਨੀ।
- ਆਪਸੀ ਸਹਿਯੋਗ, ਏਕਤਾ ਅਤੇ ਤਾਲਮੇਲ ਨੂੰ ਹੋਰ ਮਜ਼ਬੂਤ ਬਣਾਉਣਾ।
- ਭਵਿੱਖ ਵਿੱਚ ਸਾਂਝੇ ਉਪਰਾਲਿਆਂ ਲਈ ਇੱਕ ਘੱਟੋ-ਘੱਟ ਸਾਂਝਾ ਪੰਥਕ ਪ੍ਰੋਗਰਾਮ ਉਲੀਕਣਾ।
- ਕੌਮ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਰਲ-ਮਿਲ ਕੇ ਠੋਸ ਅਤੇ ਅਮਲੀ ਕਦਮ ਚੁੱਕਣ ਦੀ ਰੂਪ-ਰੇਖਾ ਤਿਆਰ ਕਰਨੀ।

ਸਥਾਨ: ਗੁਰਦੁਆਰਾ ਸਾਹਿਬ, ਸਟਾਕਟਨ, ਕੈਲੀਫੋਰਨੀਆ

ਮਿਤੀ: ਸਨਿੱਚਰਵਾਰ, 21 ਨਵੰਬਰ 2026

ਸਮਾਂ: ਦੁਪਹਿਰ 2:00 ਵਜੇ ਤੋਂ ਸ਼ਾਮ 5:00 ਵਜੇ ਤੱਕ

ਗੁਰਦੁਆਰਾ ਸਾਹਿਬ ਸਟੋਕਟਨ ਸਨਿੱਚਰਵਾਰ ਨਵੰਬਰ 21 ਨੂੰ
2 ਵਜੇ ਤੋਂ ਲੈ ਕੇ 5 ਵਜੇ ਤੱਕ

ਆਓ, ਆਪਸੀ ਮਤਭੇਦਾਂ ਤੋਂ ਉੱਪਰ ਉੱਠ ਕੇ, ਪੰਥ ਦੀ ਚੜ੍ਹਦੀ ਕਲਾ ਅਤੇ ਸਾਂਝੇ ਭਵਿੱਖ ਲਈ ਇੱਕਜੁੱਟ ਹੋਈਏ।

ਵੱਲੋਂ: ਗੁਰਦੁਆਰਾ ਸਾਹਿਬ ਸਟੋਕਟਨ, ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਸੰਸਥਾਵਾਂ ਦੇ ਸਹਿਯੋਗ ਨਾਲ

ਹੋਰ ਜਾਣਕਾਰੀ ਲਈ ਸੰਪਰਕ ਕਰੋ: 1-844-736-1984

ਆਪ ਜੀ ਦੀ ਸ਼ਮੂਲੀਅਤ, ਸਲਾਹ ਅਤੇ ਸਹਿਯੋਗ ਪੰਥ ਦੇ ਸਾਂਝੇ ਭਵਿੱਖ ਲਈ ਬਹੁਤ ਮਹੱਤਵਪੂਰਨ ਹਨ।

ਪੰਨੂ ਕਤਲ ਸਾਜ਼ਿਸ਼ ਮਾਮਲਾ

ਅਮਰੀਕੀ ਸਰਕਾਰ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਲਈ ਮੰਗੀ 24 ਸਾਲ ਦੀ ਸਜ਼ਾ

ਵਕੀਲਾਂ ਨੇ ਕੀਤੀ 12 ਸਾਲ ਦੀ ਅਪੀਲ, 20 ਨਵੰਬਰ ਨੂੰ ਹੋਵੇਗਾ ਫੈਸਲਾ



ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਖ਼ਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਮਾਮਲੇ ਵਿੱਚ ਅਮਰੀਕੀ ਸਰਕਾਰ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ (55) ਲਈ ਸਖ਼ਤ ਸਜ਼ਾ ਦੀ ਮੰਗ ਕੀਤੀ ਹੈ। ਅਮਰੀਕੀ ਸਰਕਾਰੀ ਵਕੀਲਾਂ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਨਿਖਿਲ ਗੁਪਤਾ ਨੂੰ ਲਗਭਗ 24 ਸਾਲ (293 ਮਹੀਨੇ) ਦੀ ਕੈਦ ਦੀ ਸਜ਼ਾ ਸੁਣਾਈ ਜਾਵੇ। ਦੂਜੇ ਪਾਸੇ, ਗੁਪਤਾ ਦੇ ਵਕੀਲਾਂ ਨੇ ਅਦਾਲਤ ਤੋਂ ਰਹਿਮ ਦੀ ਅਪੀਲ ਕਰਦਿਆਂ ਇਸ ਸਜ਼ਾ ਨੂੰ ਘਟਾ ਕੇ 12 ਸਾਲ (144 ਮਹੀਨੇ) ਕਰਨ ਦੀ ਮੰਗ ਕੀਤੀ ਹੈ। ਇਸ ਹਾਈ-ਪ੍ਰੋਫਾਈਲ ਮਾਮਲੇ ਵਿੱਚ ਅਦਾਲਤ ਵੱਲੋਂ 20 ਨਵੰਬਰ 2026 ਨੂੰ ਅੰਤਿਮ ਫੈਸਲਾ ਸੁਣਾਇਆ ਜਾਣਾ ਹੈ।

ਕੀ ਹੈ ਪੂਰਾ ਮਾਮਲਾ ਅਤੇ ਤਾਜ਼ਾ ਅਪਡੇਟ ?

ਨਿਖਿਲ ਗੁਪਤਾ ਨੇ ਇਸ ਸਾਲ ਦੇ ਸ਼ੁਰੂ ਵਿੱਚ ਅਮਰੀਕੀ ਅਦਾਲਤ ਦੇ ਸਾਹਮਣੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਉਸ ਨੇ ਮੰਨਿਆ ਸੀ ਕਿ ਉਹ ਨਿਊਯਾਰਕ ਵਿੱਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਲਈ ਸੁਪਾਰੀ ਦੇਣ (ਮਰਡਰ-ਫਾਰ-ਹਾਇਰ), ਕਤਲ ਦੀ ਸਾਜ਼ਿਸ਼ ਰਚਣ ਅਤੇ ਮਨੀ ਲਾਂਡਰਿੰਗ (ਪੈਸਿਆਂ ਦੇ ਗ਼ੈਰ-ਕਾਨੂੰਨੀ ਲੈਣ-ਦੇਣ) ਦੀ ਸਾਜ਼ਿਸ਼ ਵਿੱਚ ਸ਼ਾਮਲ ਸੀ। ਦੱਸ ਦੇਈਏ ਕਿ ਗੁਰਪਤਵੰਤ ਸਿੰਘ ਪੰਨੂ ਕੋਲ ਅਮਰੀਕਾ ਅਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ। ਪਿਛਲੇ ਦਿਨੀਂ ਦੱਖਣੀ ਜ਼ਿਲ੍ਹਾ ਨਿਊਯਾਰਕ ਦੇ ਜ਼ਿਲ੍ਹਾ ਜੱਜ ਵਿਕਟਰ ਮਾਰੇਰੋ ਦੇ ਸਾਹਮਣੇ ਅਮਰੀਕੀ ਅਟਾਰਨੀ ਜੇਮਜ਼ ਮੈਕਡੋਨਲਡ ਨੇ 20 ਪੰਨਿਆਂ ਦੀ ਇੱਕ ਲਿਖਤੀ ਅਰਜ਼ੀ ਦਾਖਲ ਕੀਤੀ। ਇਸ ਵਿੱਚ ਸਰਕਾਰੀ ਪੱਖ ਨੇ ਨਿਖਿਲ ਗੁਪਤਾ ਦੇ ਅਪਰਾਧ ਨੂੰ ਬੇਹੱਦ ਗੰਭੀਰ ਦੱਸਿਆ। ਅਮਰੀਕੀ ਵਕੀਲ ਨੇ ਕਿਹਾ ਕਿ ਗੁਪਤਾ ਅਮਰੀਕੀ ਧਰਤੀ 'ਤੇ ਇੱਕ ਅਮਰੀਕੀ ਨਾਗਰਿਕ ਨੂੰ ਮੌਤ ਦੇ ਘਾਟ ਉਤਾਰਨ ਦੀ ਵਿਦੇਸ਼ੀ ਸਾਜ਼ਿਸ਼ ਦਾ ਇੱਕ ਅਹਿਮ ਹਿੱਸਾ ਸੀ। ਸਰਕਾਰੀ ਵਕੀਲ ਨੇ ਅਦਾਲਤ ਨੂੰ ਕਿਹਾ, 'ਅਦਾਲਤ ਨੂੰ ਅਜਿਹੀ ਸਜ਼ਾ ਸੁਣਾਉਣੀ ਚਾਹੀਦੀ ਹੈ ਜੋ ਇਸ ਅਪਰਾਧ ਦੀ ਗੰਭੀਰਤਾ ਨੂੰ ਦਰਸਾਉਂਦੀ ਹੋਵੇ ਅਤੇ ਇਹ ਸਪੱਸ਼ਟ ਸੁਨੇਹਾ ਦੇਵੇ ਕਿ ਇਸ ਦੇਸ਼ ਵਿੱਚ ਵਿਚਾਰਾਂ ਦੀ ਆਜ਼ਾਦੀ ਨੂੰ ਹਿੰਸਾ ਨਾਲ ਦਬਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਸਜ਼ਾ ਦੇ ਦਿਸ਼ਾ-ਨਿਰਦੇਸ਼ ਅਤੇ ਸਰਕਾਰ ਦੀ ਦਲੀਲ

ਅਮਰੀਕੀ ਸਜ਼ਾ ਦਿਸ਼ਾ-ਨਿਰਦੇਸ਼ਾਂ ਮੁਤਾਬਕ ਇਸ ਅਪਰਾਧ ਲਈ 235 ਤੋਂ 293 ਮਹੀਨਿਆਂ ਦੀ ਕੈਦ ਦੀ ਵਿਵਸਥਾ ਹੈ। ਅਮਰੀਕੀ ਸਰਕਾਰ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਗੁਪਤਾ ਨੂੰ ਇਸ ਸੂਚੀ ਦੀ ਸਭ ਤੋਂ ਵੱਧ ਸਜ਼ਾ ਯਾਨੀ 293 ਮਹੀਨੇ ਦੀ ਕੈਦ ਦਿੱਤੀ ਜਾਵੇ।

ਸਰਕਾਰੀ ਦਸਤਾਵੇਜ਼ਾਂ ਵਿੱਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਨਿਖਿਲ ਗੁਪਤਾ ਅਤੇ ਉਸ ਦੇ ਸਹਿ-ਸਾਜ਼ਿਸ਼ਕਾਰਾਂ ਨੇ, ਜਿਨ੍ਹਾਂ ਵਿੱਚ ਭਾਰਤ ਸਰਕਾਰ ਦਾ ਘੱਟੋ-ਘੱਟ ਇੱਕ ਕਰਮਚਾਰੀ ਵੀ ਸ਼ਾਮਲ ਸੀ, ਸਿਰਫ਼ ਪੀੜਤ ਦੀ ਰਾਜਨੀਤਿਕ ਵਿਚਾਰਧਾਰਾ ਕਾਰਨ ਉਸ ਨੂੰ ਅਮਰੀਕਾ ਵਿੱਚ ਮਾਰਨ ਦੀ ਯੋਜਨਾ ਬਣਾਈ ਸੀ। ਦੂਜੇ ਪਾਸੇ, ਨਿਖਿਲ ਗੁਪਤਾ ਦੇ ਵਕੀਲਾਂ ਨੇ ਅਦਾਲਤ ਵਿੱਚ ਆਪਣਾ ਪੱਖ ਰੱਖਦਿਆਂ ਸਜ਼ਾ ਵਿੱਚ ਵੱਡੀ ਕਟੌਤੀ ਕਰਨ ਦੀ ਮੰਗ ਕੀਤੀ ਹੈ। ਵਕੀਲਾਂ ਨੇ ਦੱਸਿਆ ਕਿ ਅਦਾਲਤ ਦੇ ਪ੍ਰੋਬੇਸ਼ਨ ਵਿਭਾਗ ਨੇ ਸਾਰੇ ਤੱਥਾਂ ਦੀ ਜਾਂਚ ਕਰਨ ਤੋਂ ਬਾਅਦ 235 ਤੋਂ 293 ਮਹੀਨਿਆਂ ਦੀ ਬਜਾਏ 144 ਮਹੀਨੇ (12 ਸਾਲ) ਦੀ ਕੈਦ ਅਤੇ ਉਸ ਤੋਂ ਬਾਅਦ ਤਿੰਨ ਸਾਲ ਦੀ ਨਿਗਰਾਨੀ ਹੇਠ ਰਿਹਾਈ ਦੀ ਸਿਫ਼ਾਰਸ਼ ਕੀਤੀ ਹੈ। ਗੁਪਤਾ ਦੇ ਵਕੀਲਾਂ ਨੇ ਇਸ ਸਿਫ਼ਾਰਸ਼ ਦਾ ਸਮਰਥਨ ਕੀਤਾ ਹੈ। ਵਕੀਲਾਂ ਨੇ ਗੁਪਤਾ ਦੀ ਸਜ਼ਾ ਘੱਟ ਕਰਨ ਪਿੱਛੇ ਇਹ ਕਾਰਨ ਦੱਸੇ ਹਨ ਕਿ 55 ਸਾਲਾ ਨਿਖਿਲ ਗੁਪਤਾ ਦਾ ਇਸ ਤੋਂ ਪਹਿਲਾਂ ਕੋਈ ਵੀ ਅਪਰਾਧਿਕ ਇਤਿਹਾਸ ਨਹੀਂ ਰਿਹਾ ਹੈ। ਵਕੀਲਾਂ ਮੁਤਾਬਕ, ਜਿਸ ਸਮੇਂ ਇਹ ਘਟਨਾ ਵਾਪਰੀ, ਉਸ ਵੇਲੇ ਗੁਪਤਾ ਸ਼ਰਾਬ ਦੀ ਭਿਆਨਕ ਲਤ ਦਾ ਸ਼ਿਕਾਰ ਸੀ, ਜਿਸ ਦਾ ਕੋਈ ਇਲਾਜ ਨਹੀਂ ਹੋਇਆ ਸੀ। ਇਸ ਕਾਰਨ ਉਸ ਦੀ ਸੋਚਣ-ਸਮਝਣ ਦੀ ਸ਼ਕਤੀ ਪ੍ਰਭਾਵਿਤ ਹੋ ਗਈ ਸੀ। ਵਕੀਲਾਂ ਨੇ ਕਿਹਾ ਕਿ 55 ਸਾਲ ਦੀ ਉਮਰ ਵਿੱਚ ਕੋਈ ਵੀ ਲੰਬੀ ਸਜ਼ਾ ਬਹੁਤ ਵੱਡੀ ਹੁੰਦੀ ਹੈ। ਬਚਾਅ ਪੱਖ ਨੇ ਦਾਅਵਾ ਕੀਤਾ ਕਿ ਗੁਪਤਾ ਨੇ ਇਸ ਮਾਮਲੇ ਦੇ ਸਹਿ-ਮੁਲਜ਼ਮ ਵਿਕਾਸ ਯਾਦਵ ਦੇ ਦਬਾਅ ਹੇਠ ਇਹ ਸਭ ਕੀਤਾ। ਗੁਪਤਾ ਨੂੰ ਲੱਗਦਾ ਸੀ ਕਿ ਯਾਦਵ ਦੇ ਪਿੱਛੇ ਭਾਰਤੀ ਸਟੇਟ (ਸਰਕਾਰ) ਦੀ ਤਾਕਤ ਹੈ, ਜਿਸ ਕਾਰਨ ਉਹ ਇਨਕਾਰ ਨਹੀਂ ਕਰ ਸਕਿਆ। ਇਸ ਸੌਦੇ ਵਿੱਚ ਗੁਪਤਾ ਨੂੰ ਆਪਣਾ ਕੋਈ ਨਿੱਜੀ ਆਰਥਿਕ ਫਾਇਦਾ ਨਹੀਂ ਹੋਣਾ ਸੀ। ਗੁਪਤਾ ਪਿਛਲੇ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਬੰਦ ਹੈ—ਪਹਿਲਾਂ ਚੈੱਕ ਗਣਰਾਜ ਵਿੱਚ ਅਤੇ ਫਿਰ ਨਿਊਯਾਰਕ ਦੇ ਮੈਟਰੋਪੋਲੀਟਨ ਡਿਟੈਂਸ਼ਨ ਸੈਂਟਰ ਵਿੱਚ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਸ ਨੂੰ ਸੁਧਾਰਨ ਅਤੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਉਸ ਦੇ ਪਰਿਵਾਰ ਅਤੇ ਭਾਈਚਾਰੇ ਦਾ ਪੂਰਾ ਸਹਿਯੋਗ ਮਿਲੇਗਾ।

(ਬਾਕੀ ਸਫ਼ਾ 26 'ਤੇ)

ਕੈਨੇਡਾ ਵਿੱਚ ਵਧਦੀ ਮਹਿੰਗਾਈ ਨੇ ਕੱਢੇ ਵੱਟ

ਕਮਾਈ ਤੇ ਖ਼ਰਚੇ 'ਚ 12 ਡਾਲਰ ਦਾ ਫ਼ਰਕ, ਔਖਾ ਹੋਇਆ ਗੁਜ਼ਾਰਾ

ਸੁਨਹਿਰੀ ਭਵਿੱਖ ਦੀ ਆਸ 'ਤੇ ਕੈਨੇਡਾ ਗਏ ਪਰਿਵਾਰ ਆਰਥਿਕ ਸੰਕਟ ਵਿੱਚ, ਡਬਲ ਸ਼ਿਫਟਾਂ ਲਾ ਕੇ ਵੀ ਨਹੀਂ ਪੂਰੇ ਹੋ ਰਹੇ ਖ਼ਰਚੇ



ਓਟਾਵਾ/ਹਿਲਫ਼ੈਕਸ/ਏ.ਟੀ.ਨਿਊਜ਼: ਬਿਹਤਰ ਜੀਵਨ ਪੱਧਰ ਦੀ ਆਸ ਲੈ ਕੇ ਕੈਨੇਡਾ ਗਏ ਹਜ਼ਾਰਾਂ ਪੰਜਾਬੀ ਪਰਿਵਾਰ ਅਤੇ ਨੌਜਵਾਨ ਇਸ ਵੇਲੇ ਗੰਭੀਰ ਆਰਥਿਕ ਸੰਕਟ ਨਾਲ ਜੂਝ ਰਹੇ ਹਨ। ਹਾਲਾਤ ਇਹ ਬਣ ਗਏ ਹਨ ਕਿ ਦਿਨ-ਰਾਤ ਮਿਹਨਤ ਕਰਨ ਅਤੇ ਦੋ-ਦੋ ਨੌਕਰੀਆਂ (ਸ਼ਿਫਟਾਂ) ਕਰਨ ਦੇ ਬਾਵਜੂਦ ਲੋਕਾਂ ਲਈ ਘਰ ਦਾ ਗੁਜ਼ਾਰਾ ਚਲਾਉਣਾ ਮੁਸ਼ਕਿਲ ਹੋ ਗਿਆ ਹੈ। ਹਾਲ ਹੀ ਵਿੱਚ 'ਕੈਨੇਡੀਅਨ ਸੈਂਟਰ ਫ਼ਾਰ ਪਾਲਿਸੀ ਆਲਟਰਨੇਟਿਵ' ਵੱਲੋਂ ਜਾਰੀ ਕੀਤੀ ਗਈ ਤਾਜ਼ਾ ਰਿਪੋਰਟ ਨੇ ਕੈਨੇਡਾ ਦੇ ਐਟਲਾਂਟਿਕ ਸੂਬਿਆਂ—ਨੋਵਾ ਸਕੋਸ਼ੀਆ, ਨਿਊਫਾਊਂਡਲੈਂਡ ਐਂਡ ਲੈਬਰਾਡੋਰ ਅਤੇ ਪ੍ਰਿੰਸ ਐਡਵਰਡ ਆਈਲੈਂਡ—ਵਿੱਚ ਵਧ ਰਹੀ ਮਹਿੰਗਾਈ ਅਤੇ ਘੱਟ ਉਜਰਤ ਦੇ ਡੂੰਘੇ ਪਾੜੇ ਨੂੰ ਪੇਸ਼ ਕੀਤਾ ਹੈ।

ਕਮਾਈ ਅਤੇ ਖ਼ਰਚੇ ਵਿਚਾਲੇ 12 ਡਾਲਰ ਦਾ ਵੱਡਾ ਪਾੜਾ

ਕੈਨੇਡੀਅਨ ਸੈਂਟਰ ਫ਼ਾਰ ਪਾਲਿਸੀ ਆਲਟਰਨੇਟਿਵ ਦੀ ਤਾਜ਼ਾ ਰਿਪੋਰਟ ਅਨੁਸਾਰ, ਇਨ੍ਹਾਂ ਸੂਬਿਆਂ ਦੇ ਲਗਪਗ ਅੱਧੇ ਕਾਮੇ ਇੰਨੀ ਘੱਟ ਤਨਖ਼ਾਹ 'ਤੇ ਕੰਮ ਕਰ ਰਹੇ ਹਨ ਕਿ ਉਹ ਆਪਣੀਆਂ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਪਾ ਰਹੇ। ਅੰਕੜਿਆਂ ਮੁਤਾਬਕ ਨੋਵਾ ਸਕੋਸ਼ੀਆ ਵਿੱਚ ਸਨਮਾਨਜਨਕ ਜੀਵਨ ਜਿਊਣ ਲਈ (ਲਿਵਿੰਗ ਵੇਜ) ਔਸਤਨ 28.63 ਡਾਲਰ ਪ੍ਰਤੀ ਘੰਟਾ ਦੀ ਲੋੜ ਹੈ, ਜਦਕਿ ਹੈਲਿਫ਼ੈਕਸ ਸ਼ਹਿਰ ਵਿੱਚ ਇਹ ਦਰ 30 ਡਾਲਰ ਪ੍ਰਤੀ ਘੰਟਾ ਤੱਕ ਪਹੁੰਚ ਗਈ ਹੈ। ਇਸੇ ਤਰ੍ਹਾਂ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਵਿੱਚ ਸੂਬਾਈ ਔਸਤ 27.18 ਡਾਲਰ ਅਤੇ ਲੈਬਰਾਡੋਰ ਦੇ ਉੱਤਰੀ ਹਿੱਸੇ ਵਿੱਚ 30.50 ਡਾਲਰ ਪ੍ਰਤੀ ਘੰਟਾ ਹੋ ਗਈ ਹੈ। ਦੂਜੇ ਪਾਸੇ, ਸਰਕਾਰੀ ਘੱਟੋ-ਘੱਟ ਮਜ਼ਦੂਰੀ (ਮਿਨੀਮਮ ਵੇਜ) ਨੋਵਾ ਸਕੋਸ਼ੀਆ ਵਿੱਚ ਸਿਰਫ਼ 17 ਡਾਲਰ ਅਤੇ ਨਿਊਫਾਊਂਡਲੈਂਡ ਵਿੱਚ 16.35 ਡਾਲਰ ਪ੍ਰਤੀ ਘੰਟਾ ਹੈ। ਭਾਵ, ਪ੍ਰਤੀ ਘੰਟਾ ਲੋੜੀਂਦੀ ਆਮਦਨ ਅਤੇ ਸਰਕਾਰੀ ਉਜਰਤ ਵਿੱਚ 11 ਤੋਂ 12 ਡਾਲਰ ਦਾ ਸਿੱਧਾ ਅੰਤਰ ਹੈ।

ਕੈਨੇਡਾ ਵਿੱਚ ਮਹਿੰਗਾਈ ਵਧਣ ਦੇ ਮੁੱਖ ਕਾਰਨ ਕੀ ਹਨ ?

ਆਰਥਿਕ ਮਾਹਿਰਾਂ ਅਤੇ ਤਾਜ਼ਾ ਖੋਜ ਰਿਪੋਰਟਾਂ ਮੁਤਾਬਕ ਕੈਨੇਡਾ, ਖ਼ਾਸ ਕਰਕੇ ਐਟਲਾਂਟਿਕ ਖੇਤਰ ਵਿੱਚ ਮਹਿੰਗਾਈ ਬੇਕਾਬੂ ਹੋਣ ਪਿੱਛੇ ਕਈ ਠੋਸ ਕਾਰਨ ਹਨ:ਰਿਹਾਇਸ਼ (ਹਾਊਸਿੰਗ) ਦੀ ਘਾਟ ਕਾਰਨ ਘਰਾਂ ਦੇ ਕਿਰਾਏ ਅਸਮਾਨ ਨੂੰ ਛੂਹ ਰਹੇ ਹਨ। ਨੋਵਾ ਸਕੋਸ਼ੀਆ ਦੇ ਉੱਤਰੀ ਇਲਾਕਿਆਂ (ਜਿਵੇਂ ਟਰੂਰੋ) ਵਿੱਚ ਗੁਜ਼ਾਰੇ ਦੀ ਲਾਗਤ ਵਧਣ ਦਾ ਸਭ ਤੋਂ ਵੱਡਾ ਕਾਰਨ ਕਿਰਾਏ ਵਿੱਚ ਹੋਇਆ 10 ਫ਼ੀਸਦੀ ਤੱਕ ਦਾ ਉਛਾਲ ਹੈ। ਰਾਇਲ ਬੈਂਕ ਆਫ਼ ਕੈਨੇਡਾ ਦੀ ਤਾਜ਼ਾ ਆਰਥਿਕ ਰਿਪੋਰਟ ਦੱਸਦੀ ਹੈ ਕਿ ਐਟਲਾਂਟਿਕ ਸੂਬਿਆਂ ਵਿੱਚ ਪੈਟਰੋਲ, ਡੀਜ਼ਲ ਅਤੇ ਘਰਾਂ ਨੂੰ ਗਰਮ ਰੱਖਣ ਵਾਲੇ ਬਾਲਣ (ਫਿਊਲ ਆਇਲ) ਦੀਆਂ ਕੀਮਤਾਂ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਤੇਜ਼ੀ ਨਾਲ ਵਧੀਆਂ ਹਨ। ਜਨਤਕ ਆਵਾਜਾਈ (ਪਬਲਿਕ ਟਰਾਂਸਪੋਰਟ) ਦੀ ਘਾਟ ਕਾਰਨ ਲੋਕਾਂ ਨੂੰ ਨਿੱਜੀ ਵਾਹਨ ਰੱਖਣੇ ਪੈਂਦੇ ਹਨ, ਜਿਸ ਦਾ ਬੀਮਾ ਅਤੇ ਤੇਲ ਖ਼ਰਚ ਬਜਟ ਵਿਗਾੜ ਰਿਹਾ ਹੈ। ਸਪਲਾਈ ਚੇਨ ਦੇ ਦਬਾਅ ਅਤੇ ਕਾਰੋਬਾਰਾਂ ਦੀ ਵਧਦੀ ਲਾਗਤ ਕਾਰਨ ਕਰਿਆਨੇ (ਗਰੋਸਰੀ) ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ, ਜਿਸ ਦਾ ਸਿੱਧਾ ਅਸਰ ਆਮ ਰਸੋਈ ਦੇ ਬਜਟ 'ਤੇ ਪਿਆ ਹੈ।

(ਬਾਕੀ ਸਫ਼ਾ 26 'ਤੇ)

ਸਵਾਲਾਂ ਦੇ ਘੇਰੇ ਵਿੱਚ ਆਈ ਕੈਨੇਡਾ ਦੀ ਸਿਹਤ ਪ੍ਰਣਾਲੀ

433 ਅਰਬ ਡਾਲਰ ਦੇ ਖਰਚੇ ਦੇ ਬਾਵਜੂਦ ਸੇਵਾਵਾਂ 'ਤੇ ਉੱਠੇ ਸਵਾਲ



ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਮੁਫ਼ਤ ਸਿਹਤ ਸੰਭਾਲ ਖਰਚੇ ਵਿੱਚ ਲਗਾਤਾਰ ਵਾਧਾ ਹੋਣ ਕਾਰਨ ਇਸ ਦੀ ਸਹੀ ਵਰਤੋਂ 'ਤੇ ਸਵਾਲ ਉੱਠਣ ਲੱਗੇ ਹਨ। ਕੈਨੇਡਾ ਦੀ ਸਿਹਤ ਜਾਣਕਾਰੀ ਬਾਰੇ ਸੰਸਥਾ ਵੱਲੋਂ ਜਾਰੀ ਤਾਜ਼ਾ ਰਿਪੋਰਟ ਵਿੱਚ ਇਸ ਸਾਲ ਸਰਕਾਰ ਅਤੇ ਬੀਮਾ ਕੰਪਨੀਆਂ ਉੱਤੇ ਇਸ ਖਰਚ ਦਾ ਭਾਰ 433 ਅਰਬ ਡਾਲਰ ਹੋ ਜਾਵੇਗਾ, ਜੋ ਪਿਛਲੇ ਸਾਲ ਦੇ ਮੁਕਾਬਲੇ 5 ਫ਼ੀਸਦੀ ਵੱਧ ਹੈ। ਅੰਕੜਿਆਂ ਮੁਤਾਬਕ ਇਹ ਖਰਚ ਪ੍ਰਤੀ ਜੀਅ ਔਸਤਨ 10,398 ਡਾਲਰ ਹੋਵੇਗਾ। ਹਾਲਾਂਕਿ ਆਲਮੀ ਪੱਧਰ 'ਤੇ ਕੈਨੇਡਾ ਵਿਕਸਤ ਦੇਸ਼ਾਂ ਦੀ ਸੂਚੀ ਵਿੱਚ ਪਹਿਲਾਂ ਹੀ ਸ਼ਾਮਲ ਹੈ, ਜੋ ਆਪਣੇ ਨਾਗਰਿਕਾਂ ਦੀ ਸਿਹਤ ਸੰਭਾਲ 'ਤੇ ਸਭ ਤੋਂ ਵੱਧ ਖਰਚ ਕਰਦੇ ਹਨ ਪਰ ਇਸ ਦੇ ਬਾਵਜੂਦ ਕੈਨੇਡਾ ਵਿੱਚ ਲੋਕਾਂ ਨੂੰ ਇਲਾਜ ਲਈ ਲੰਮੀ ਉਡੀਕ, ਪਰਿਵਾਰਕ ਡਾਕਟਰ ਮਿਲਣ 'ਚ ਔਕੜਾਂ ਅਤੇ ਹਸਪਤਾਲਾਂ ਦੇ ਭੀੜ-ਭੜੱਕੇ ਦੀ ਸ਼ਿਕਾਇਤ ਰਹਿੰਦੀ ਹੈ। ਮਾਹਿਰਾਂ ਵੱਲੋਂ ਸਵਾਲ ਉਠਾਏ ਜਾਣ ਲੱਗੇ ਹਨ ਕਿ ਇੰਨਾ ਖਰਚ ਕਰਕੇ ਵੀ ਮਾੜੇ ਹਾਲਾਤ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ, ਤਾਂ ਇੰਨਾ ਪੈਸਾ ਕਿਹੜੇ ਖੂਹ-ਖਾਤੇ ਪੈਂਦਾ ਹੈ ?ਯੂਨੀਵਰਸਿਟੀ ਆਫ਼ ਬੀ.ਸੀ. 'ਚ ਤਾਇਨਾਤ ਸਿਹਤ ਸੇਵਾਵਾਂ ਅਤੇ ਨੀਤੀ ਖੋਜ ਕੇਂਦਰ ਦੇ ਨਿਰਦੇਸ਼ਕ ਜੇਸਨ ਸਦਰਲੈਂਡ ਦਾ ਮੰਨਣਾ ਹੈ ਕਿ ਸਿਹਤ ਖਰਚਿਆਂ ਦੇ ਨਵੇਂ ਰਿਕਾਰਡ ਵਿੱਚ ਪਹਿਲਾਂ ਤੋਂ ਮੌਜੂਦ ਚੀਜ਼ਾਂ ਦੀ ਮਾਤਰਾ ਵੱਧ ਹੋ ਸਕਦੀ ਹੈ, ਪਰ ਵੱਖਰਾ ਕੁਝ ਵੀ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਸੇਵਾਵਾਂ ਪ੍ਰਦਾਨ ਕਰਨ ਦੇ ਢੰਗਾਂ ਵਿੱਚ ਵੱਡੇ ਬਦਲਾਅ ਨਹੀਂ ਕੀਤੇ ਜਾਂਦੇ, ਉਦੋਂ ਤੱਕ ਸਿਹਤ ਸੇਵਾਵਾਂ ਵਿੱਚ ਸੁਧਾਰ ਦੀ ਉਮੀਦ ਕਰਨਾ ਵਿਅਰਥ ਹੈ। ਉਪਰੋਕਤ ਸੰਸਥਾ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਰੇਕ ਦਸਵੇਂ ਮਰੀਜ਼ ਨੂੰ ਐਮਰਜੈਂਸੀ ਸੇਵਾਵਾਂ ਦੀ 14 ਘੰਟੇ ਤੋਂ ਵੱਧ ਉਡੀਕ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ।ਉਕਤ ਸੰਸਥਾ ਦੀ ਰਿਪੋਰਟ ਅਨੁਸਾਰ ਸਾਲ 2024 ਵਿੱਚ ਕੈਨੇਡਾ ਨੇ ਆਪਣੇ ਘਰੇਲੂ ਉਤਪਾਦ ਦਾ ਸਾਢੇ 11 ਫ਼ੀਸਦੀ ਹਿੱਸਾ ਸਿਹਤ ਸੰਭਾਲ 'ਤੇ ਖਰਚ ਕੀਤਾ,

(ਬਾਕੀ ਸਫ਼ਾ 26 'ਤੇ)

ਆਸਟ੍ਰੇਲੀਆ ਦੀ ਸੰਸਦ ਭਵਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 557ਵਾਂ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਵਿਧਾਨ ਪ੍ਰੀਸ਼ਦ ਦੀ ਮੈਂਬਰ ਡਾ. ਪਰਵਿੰਦਰ ਕੌਰ ਨੇ ਪੱਛਮੀ ਜਗਤ ਨੂੰ 'ਸੱਚਾ ਸੌਦਾ' ਤੇ 'ਲੰਗਰ ਪ੍ਰਥਾ' ਦਾ ਸੁਣਾਇਆ ਇਤਿਹਾਸ



ਪਰਥ (ਆਸਟ੍ਰੇਲੀਆ)/ਏ.ਟੀ.ਨਿਊਜ਼: ਆਸਟ੍ਰੇਲੀਆ ਦੀ ਕਿਸੇ ਵੀ ਸੰਸਦ ਵਿੱਚ ਚੁਣੀ ਜਾਣ ਵਾਲੀ ਪਹਿਲੀ ਸਿੱਖ ਔਰਤ ਵਜੋਂ ਇਤਿਹਾਸ ਸਿਰਜਣ ਤੋਂ ਬਾਅਦ, ਪੰਜਾਬ ਦੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੀ ਜੰਮਪਲ ਡਾ. ਪਰਵਿੰਦਰ ਕੌਰ ਨੇ ਹੁਣ ਪੱਛਮੀ ਆਸਟ੍ਰੇਲੀਆ ਦੀ ਸੰਸਦ ਵਿੱਚ ਗੁਰੂ ਨਾਨਕ ਦੇਵ ਜੀ ਦੇ ਬਰਾਬਰੀ, ਸਾਂਝੀਵਾਲਤਾ ਅਤੇ ਲੰਗਰ ਦੇ ਫ਼ਲਸਫ਼ੇ ਦਾ ਪ੍ਰਚਾਰ ਕਰਕੇ ਵਿਦੇਸ਼ੀ ਧਰਤੀ 'ਤੇ ਪੰਜਾਬ ਅਤੇ ਸਿੱਖ ਕੌਮ ਦਾ ਮਾਣ ਵਧਾਇਆ ਹੈ। ਪੱਛਮੀ ਆਸਟ੍ਰੇਲੀਆ ਦੀ ਵਿਧਾਨ ਪ੍ਰੀਸ਼ਦ ਦੀ ਮੈਂਬਰ ਅਤੇ ਡਿਪਟੀ ਚੇਅਰ ਆਫ਼ ਕਮੇਟੀਜ਼ ਡਾ. ਪਰਵਿੰਦਰ ਕੌਰ ਵੱਲੋਂ ਸਦੀਆਂ ਪੁਰਾਣੀ ਲੰਗਰ ਪ੍ਰਥਾ ਦੇ ਪਿਛੋਕੜ ਅਤੇ ਮਹੱਤਵ ਬਾਰੇ ਦਿੱਤੇ ਭਾਸ਼ਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਦੀ ਚੁਫੇਰਿਓਂ ਭਰਪੂਰ ਪ੍ਰਸ਼ੰਸਾ ਹੋ ਰਹ

ਕੀ ਪੂਰੀ ਤਰ੍ਹਾਂ ਬਦਲ ਜਾਵੇਗਾ ਅਕਾਲੀ-ਭਾਜਪਾ ਗੱਠਜੋੜ ਦਾ ਪੁਰਾਣਾ ਸੀਟ ਵੰਡ ਫਾਰਮੂਲਾ ?

ਭਾਜਪਾ ਵੱਲੋਂ 117 ਵਿਧਾਨ ਸਭਾ ਸੀਟਾਂ 'ਚੋਂ 47 ਤੋਂ 50 ਸੀਟਾਂ 'ਤੇ ਚੋਣ ਲੜਨ ਦੀ ਦਾਅਵੇਦਾਰੀ ਦੀ ਚਰਚਾ

ਪੰਜਾਬ 'ਚ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸੰਭਾਵੀ ਗੱਠਜੋੜ ਦੀਆਂ ਚਰਚਾਵਾਂ ਨੇ ਸੀਟਾਂ ਦੀ ਵੰਡ ਨੂੰ ਸਭ ਤੋਂ ਅਹਿਮ ਸਿਆਸੀ ਮੁੱਦਾ ਬਣਾ ਦਿੱਤਾ ਹੈ। ਭਾਜਪਾ ਵੱਲੋਂ 117 ਵਿਧਾਨ ਸਭਾ ਸੀਟਾਂ 'ਚੋਂ 47 ਤੋਂ 50 ਸੀਟਾਂ 'ਤੇ ਚੋਣ ਲੜਨ ਦੀ ਦਾਅਵੇਦਾਰੀ ਦੀ ਚਰਚਾ ਹੈ। ਜੇਕਰ ਇਹ ਮੰਗ ਸਵੀਕਾਰ ਹੁੰਦੀ ਹੈ ਤਾਂ ਪੰਜਾਬ ਦੀ ਸਿਆਸਤ 'ਚ ਲਗਭਗ 2 ਦਹਾਕਿਆਂ ਤੱਕ ਚੱਲੇ ਅਕਾਲੀ-ਭਾਜਪਾ ਗੱਠਜੋੜ ਦਾ ਪੁਰਾਣਾ ਸੀਟ ਵੰਡ ਫਾਰਮੂਲਾ ਪੂਰੀ ਤਰ੍ਹਾਂ ਬਦਲ ਜਾਵੇਗਾ। 1997 ਤੋਂ 2017 ਤੱਕ ਦੋਵਾਂ ਪਾਰਟੀਆਂ ਵਿਚਾਲੇ ਸੀਟਾਂ ਦਾ ਇਕ ਤੈਅ ਫਾਰਮੂਲਾ ਰਿਹਾ। ਇਸ ਤਹਿਤ ਅਕਾਲੀ ਦਲ 94 ਅਤੇ ਭਾਜਪਾ 23 ਸੀਟਾਂ 'ਤੇ ਚੋਣ ਲੜਦੀ ਸੀ। ਇਸ ਵਿਵਸਥਾ 'ਚ ਅਕਾਲੀ ਦਲ ਵੱਡੇ ਸਹਿਯੋਗੀ ਦੀ ਭੂਮਿਕਾ 'ਚ ਸੀ, ਜਦੋਂ ਕਿ ਭਾਜਪਾ ਮੁੱਖ ਤੌਰ 'ਤੇ ਸ਼ਹਿਰੀ ਅਤੇ ਹਿੰਦੂ ਬਹੁਲ ਖੇਤਰਾਂ 'ਚ ਚੋਣ ਲੜਦੀ ਸੀ। ਦੋਵਾਂ ਪਾਰਟੀਆਂ ਨੇ ਲਗਾਤਾਰ 5 ਵਿਧਾਨ ਸਭਾ ਚੋਣਾਂ ਇਸੇ ਅਨੁਪਾਤ 'ਚ ਲੜੀਆਂ। 2020 'ਚ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਦੋਵਾਂ ਪਾਰਟੀਆਂ ਦਾ ਗੱਠਜੋੜ ਟੁੱਟ ਗਿਆ



ਸੀ। ਹੁਣ 6 ਸਾਲ ਬਾਅਦ ਗੱਠਜੋੜ ਦੀਆਂ ਸੰਭਾਵਨਾਵਾਂ ਵਿਚਾਲੇ ਭਾਜਪਾ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਸੀਟਾਂ ਦੀ ਹਿੱਸੇਦਾਰੀ ਚਾਹੁੰਦੀ ਵਿਖਾਈ ਦੇ ਰਹੀ ਹੈ।

1977 'ਚ ਅਕਾਲੀ ਦਲ ਨੇ ਛੱਡੀਆਂ ਸਨ 41 ਸੀਟਾਂ

ਸੀਟਾਂ ਦੀ ਵੰਡ ਦਾ ਇਤਿਹਾਸ ਦੇਖੀਏ ਤਾਂ ਅਕਾਲੀ ਦਲ ਲਈ ਆਪਣੇ ਸਹਿਯੋਗੀ ਦਲ ਨੂੰ ਵੱਡੀ ਗਿਣਤੀ 'ਚ ਸੀਟਾਂ ਛੱਡਣਾ ਕੋਈ ਨਵੀਂ ਗੱਲ ਨਹੀਂ ਹੈ। ਸਾਲ 1977 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਲਈ 41 ਸੀਟਾਂ ਛੱਡੀਆਂ ਸਨ, ਜਦੋਂਕਿ ਖ਼ੁਦ 70 ਸੀਟਾਂ 'ਤੇ ਚੋਣ ਲੜੀ ਸੀ। ਉਦੋਂ ਜਨਤਾ ਪਾਰਟੀ ਨੇ 25 ਅਤੇ ਅਕਾਲੀ ਦਲ ਨੇ 58 ਸੀਟਾਂ ਜਿੱਤੀਆਂ ਸਨ। ਉਦੋਂ ਭਾਜਪਾ ਦੇ 23 ਸੀਟਾਂ ਵਾਲੇ ਕੋਟੇ ਤੋਂ ਇਲਾਵਾ ਆਦਮਪੁਰ, ਅੰਮ੍ਰਿਤਸਰ ਦੱਖਣੀ, ਬਲਾਚੌਰ, ਬਠਿੰਡਾ, ਗੜ੍ਹਦੀਵਾਲਾ, ਜਲੰਧਰ ਕੈਂਟ, ਕਪੂਰਥਲਾ, ਮਾਨਸਾ, ਮੋਗਾ ਅਤੇ ਸੰਗਰੂਰ ਹਲਕਿਆਂ 'ਚ ਜਨਤਾ ਪਾਰਟੀ ਦੇ ਉਮੀਦਵਾਰ ਜਿੱਤੇ ਸਨ। ਬਨੂੜ, ਡਕਾਲਾ, ਗੁਰਦਾਸਪੁਰ, ਗੁਰੂਹਰਸਹਾਏ ਅਤੇ ਲਹਿਰਾ ਸੀਟਾਂ 'ਤੇ ਜਨਤਾ ਪਾਰਟੀ ਦੂਜੇ ਸਥਾਨ 'ਤੇ ਰਹੀ ਸੀ। ਅਕਾਲੀ-ਭਾਜਪਾ ਗੱਠਜੋੜ 'ਚ 1997 ਤੋਂ ਇਹ ਸਾਰੀਆਂ ਸੀਟਾਂ ਅਕਾਲੀ ਦਲ ਕੋਲ ਰਹੀਆਂ ਹਨ। ਹਾਲਾਂਕਿ, 1977 ਅਤੇ 2027 ਦੇ ਸਿਆਸੀ ਹਲਾਤਾਂ 'ਚ ਵੱਡਾ ਫ਼ਰਕ ਹੈ। ਹੁਣ ਭਾਜਪਾ ਖ਼ੁਦ ਨੂੰ ਪੰਜਾਬ 'ਚ ਇੱਕ ਆਜ਼ਾਦ ਸਿਆਸੀ ਤਾਕਤ ਵਜੋਂ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਹੀ ਕਾਰਨ ਹੈ ਕਿ ਉਹ 23 ਸੀਟਾਂ ਦੇ ਪੁਰਾਣੇ ਫਾਰਮੂਲੇ 'ਤੇ ਪਰਤਣ ਦੀ ਬਜਾਏ ਆਪਣੀ ਹਿੱਸੇਦਾਰੀ ਲੱਗਭਗ ਦੁੱਗਣੀ ਕਰਨ ਦੀ ਇੱਛੁਕ ਦੱਸੀ ਜਾ ਰਹੀ ਹੈ।

ਗੱਠਜੋੜ ਦੀਆਂ ਸ਼ਰਤਾਂ ਵੀ ਹੋਣਗੀਆਂ ਅਹਿਮ

ਸੀਟਾਂ ਤੋਂ ਇਲਾਵਾ ਮੁੱਖ ਮੰਤਰੀ ਅਹੁਦੇ ਦਾ ਚਿਹਰਾ, ਚੋਣ ਏਜੰਡਾ, ਦੋਵਾਂ ਪਾਰਟੀਆਂ ਦੇ ਵਰਕਰਾਂ ਵਿਚਾਲੇ ਤਾਲਮੇਲ ਅਤੇ ਪੰਜਾਬ ਦੇ ਪ੍ਰਮੁੱਖ ਮੁੱਦਿਆਂ 'ਤੇ ਸਾਂਝਾ ਰੁਖ਼ ਵੀ ਗੱਠਜੋੜ ਦੀ ਗੱਲਬਾਤ 'ਚ ਅਹਿਮ ਹੋਣਗੇ। ਫਿਲਹਾਲ ਇੰਨਾ ਸਪੱਸ਼ਟ ਹੈ ਕਿ ਜੇਕਰ ਗੱਠਜੋੜ ਆਕਾਰ ਲੈਂਦਾ ਹੈ ਤਾਂ 1997 'ਚ ਤੈਅ ਹੋਇਆ 94-23 ਦਾ ਫਾਰਮੂਲਾ ਇਤਿਹਾਸ ਬਣ ਜਾਵੇਗਾ। ਇਸ ਵਾਰ ਸਵਾਲ ਸਿਰਫ਼ ਇਹ ਨਹੀਂ ਹੋਵੇਗਾ ਕਿ ਕੌਣ ਕਿੰਨੀਆਂ ਸੀਟਾਂ 'ਤੇ ਚੋਣ ਲੜੇਗਾ, ਸਗੋਂ ਇਹ ਵੀ ਹੋਵੇਗਾ ਕਿ ਪੰਜਾਬ ਦੀ ਸਿਆਸਤ 'ਚ ਦੋਵਾਂ ਸਹਿਯੋਗੀਆਂ ਵਿਚਾਲੇ ਲੀਡਰਸ਼ਿਪ ਅਤੇ ਸਿਆਸੀ ਪ੍ਰਭਾਵ ਦਾ ਸੰਤੁਲਨ ਕਿਸ ਤਰ੍ਹਾਂ ਤੈਅ ਹੁੰਦਾ ਹੈ।

ਪੂਨੀਆ, ਗੁੱਜਰ ਅਤੇ ਢਿੱਲੋਂ ਸਮੇਤ ਕਈ ਭਾਜਪਾ ਆਗੂਆਂ ਨੇ ਸੀਟਾਂ 'ਤੇ ਕੀਤੀ ਚਰਚਾ

ਗੱਠਜੋੜ ਦੀ ਰੂਪ-ਰੇਖਾ ਨੂੰ ਲੈ ਕੇ ਐਤਵਾਰ ਨੂੰ ਯੂ. ਟੀ. ਗੈਸਟ ਹਾਊਸ 'ਚ ਭਾਜਪਾ ਆਗੂਆਂ ਦੀਆਂ ਮੀਟਿੰਗਾਂ ਦੇ ਕਈ ਦੌਰ ਚੱਲੇ। ਇਨ੍ਹਾਂ 'ਚ ਪ੍ਰਦੇਸ਼ ਭਾਜਪਾ ਇੰਚਾਰਜ ਡਾ. ਸਤੀਸ਼ ਪੂਨੀਆ, ਸਹਿ-ਇੰਚਾਰਜ ਡਾ. ਅਲਕਾ ਗੁੱਜਰ ਅਤੇ ਵਰਿੰਦਰ ਸਚਦੇਵਾ, ਪ੍ਰਦੇਸ਼ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਸੰਗਠਨ ਮੰਤਰੀ ਮੰਥਰੀ ਸ੍ਰੀਨਿਵਾਸੁਲੂ ਹਾਜ਼ਰ ਰਹੇ। ਇਨ੍ਹਾਂ ਮੀਟਿੰਗਾਂ 'ਚ ਭਾਜਪਾ ਦੀਆਂ ਸੰਭਾਵੀ ਸੀਟਾਂ 'ਤੇ ਵਿਸਥਾਰ ਨਾਲ ਚਰਚਾ ਹੋਈ, ਤਾਂ ਜੋ ਪਾਰਟੀ ਲੀਡਰਸ਼ਿਪ ਅਕਾਲੀ ਦਲ ਨਾਲ ਗੱਲਬਾਤ 'ਚ ਆਪਣੀ ਸਥਿਤੀ ਮਜ਼ਬੂਤ ਕਰ ਸਕੇ। ਇਸ ਤੋਂ ਬਾਅਦ ਗੁਰਪੁਰਬ ਦੇ ਨੇੜੇ-ਤੇੜੇ ਗੱਠਜੋੜ ਦਾ ਐਲਾਨ ਹੋਣ ਦੀ ਉਮੀਦ ਪ੍ਰਗਟਾਈ ਜਾ ਰਹੀ ਹੈ। ਖ਼ਾਸ ਗੱਲ ਇਹ ਹੈ ਕਿ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗੱਠਜੋੜ ਨੂੰ ਲੈ ਕੇ ਗੱਲਬਾਤ ਇੱਕ ਵਾਰ ਫਿਰ ਟੁੱਟ ਗਈ ਸੀ। ਅਕਾਲੀ ਦਲ ਨਾਲ ਲੁਧਿਆਣਾ ਸ਼ਹਿਰ ਦੀ ਇੱਕ ਸੀਟ, ਬਟਾਲਾ ਅਤੇ ਡੇਰਾਬੱਸੀ ਸਮੇਤ ਕੁਝ ਹੋਰ ਹਲਕਿਆਂ ਨੂੰ ਲੈ ਕੇ ਪੇਚ ਫਸਿਆ ਹੋਇਆ ਹੈ। ਹਾਲਾਂਕਿ, ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਅਤੇ ਸੁਨੀਲ ਜਾਖੜ ਵੱਲੋਂ ਗੱਠਜੋੜ ਦੇ ਪੱਖ 'ਚ ਬਿਆਨ ਦੇਣ ਤੋਂ ਬਾਅਦ ਗੱਲਬਾਤ ਮੁੜ ਸ਼ੁਰੂ ਹੋਣ ਦੀ ਚਰਚਾ ਸੀ, ਪਰ ਪਰਦੇ ਦੇ ਪਿੱਛੇ ਇਸ 'ਚ ਪ੍ਰਮੁੱਖ ਭੂਮਿਕਾ ਕੌਮੀ ਮੀਤ ਪ੍ਰਧਾਨ ਮਨਪ੍ਰੀਤ ਬਾਦਲ ਵੱਲੋਂ ਨਿਭਾਏ ਜਾਣ ਦੀ ਗੱਲ ਸਾਹਮਣੇ ਆ ਰਹੀ ਹੈ।

ਕਾਂਗਰਸ ਕਰ ਰਹੀ ਹੈ 117 ਵਿਧਾਨ ਸਭਾ ਹਲਕਿਆਂ ਵਿੱਚ ਸਰਵੇਖਣ

ਉਮੀਦਵਾਰਾਂ ਦੀ ਪਹਿਲੀ ਸੂਚੀ ਦਸੰਬਰ ਦੇ ਪਹਿਲੇ ਹਫ਼ਤੇ ਪੇਸ਼ ਕਰੇਗੀ ਕਾਂਗਰਸ

ਚੰਡੀਗੜ੍ਹ/ਏ.ਟੀ.ਨਿਊਜ਼: ਕਰੀਬ 50 ਉਮੀਦਵਾਰਾਂ ਦੀ ਪਹਿਲੀ ਸੂਚੀ ਦੇ ਐਲਾਨ ਤੋਂ ਪਹਿਲਾਂ ਕਾਂਗਰਸ ਨੇ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਇੱਕ ਸਕ੍ਰੀਨਿੰਗ ਕਮੇਟੀ (ਛਾਂਟੀ ਕਮੇਟੀ) ਦਾ ਗਠਨ ਕਰ ਦਿੱਤਾ ਹੈ।

ਸੂਬਾ ਚੋਣ ਕਮੇਟੀ ਸੰਭਾਵੀ ਉਮੀਦਵਾਰਾਂ ਦੇ ਨਾਵਾਂ ਨੂੰ ਸ਼ਾਰਟਲਿਸਟ ਕਰੇਗੀ ਅਤੇ ਅੱਗੇ ਦੀ ਜਾਂਚ ਤੇ ਪ੍ਰਵਾਨਗੀ ਲਈ ਉਨ੍ਹਾਂ ਨੂੰ ਸਕ੍ਰੀਨਿੰਗ ਕਮੇਟੀ ਕੋਲ ਭੇਜੇਗੀ। ਪੰਜਾਬ ਲਈ ਇਸ ਤਿੰਨ ਮੈਂਬਰੀ ਕਮੇਟੀ ਦੀ ਅਗਵਾਈ ਮਹਾਰਾਸ਼ਟਰ ਲਈ ਏ.ਆਈ.ਸੀ.ਸੀ. ਦੇ ਇੰਚਾਰਜ ਡਾ. ਸਿਰੀਵੇਲਾ ਪ੍ਰਸਾਦ ਕਰਨਗੇ, ਜਦਕਿ ਏ.ਆਈ.ਸੀ.ਸੀ. ਦੇ ਰਾਸ਼ਟਰੀ ਸਕੱਤਰ ਸਚਿਨ ਸਾਵੰਤ ਅਤੇ ਤਾਮਿਲਨਾਡੂ ਦੇ ਇੰਚਾਰਜ ਨਿਵੇਦਿਤ ਅਲਵਾ ਇਸ ਦੇ ਮੈਂਬਰ ਹੋਣਗੇ।



ਪੰਜਾਬ ਦੇ ਇੰਚਾਰਜ ਏ.ਆਈ.ਸੀ.ਸੀ. ਦੇ ਜਨਰਲ ਸਕੱਤਰ ਸਚਿਨ ਪਾਇਲਟ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪਰਗਟ ਸਿੰਘ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਜਨਰਲ ਸਕੱਤਰ ਇੰਚਾਰਜ ਨਾਲ ਜੁੜੇ ਏ.ਆਈ.ਸੀ.ਸੀ. ਦੇ ਸਕੱਤਰ ਇਸ ਦੇ ਅਹੁਦੇਦਾਰ (ਐਕਸ-ਆਫੀਸ਼ੀਓ) ਮੈਂਬਰ ਹੋਣਗੇ।ਪਾਰਟੀ ਸਾਰੀਆਂ 117 ਵਿਧਾਨ ਸਭਾ ਹਲਕਿਆਂ ਵਿੱਚ ਸਰਵੇਖਣ ਕਰ ਰਹੀ ਹੈ ਅਤੇ ਸੰਭਾਵੀ ਉਮੀਦਵਾਰਾਂ ਦੀਆਂ ਸੰਭਾਵਨਾਵਾਂ ਦਾ ਜਾਇਜ਼ਾ ਲੈਣ ਲਈ ਵੋਟਰਾਂ, ਸਥਾਨਕ ਵਰਕਰਾਂ ਤੇ ਹੋਰ ਹਿੱਸੇਦਾਰਾਂ ਤੋਂ ਫੀਡਬੈਕ ਲੈ ਰਹੀ ਹੈ। ਇਹ ਕਵਾਇਦ ਟਿਕਟਾਂ ਬਾਰੇ ਅੰਤਿਮ ਫ਼ੈਸਲਾ ਲੈਣ ਤੋਂ ਪਹਿਲਾਂ ਲੀਡਰਸ਼ਿਪ ਨੂੰ ਜਾਣਕਾਰੀ ਮੁਹੱਈਆ ਕਰਵਾਏਗੀ।

ਪਾਰਟੀ ਸੂਤਰਾਂ ਨੇ ਦੱਸਿਆ ਕਿ ਉਮੀਦਵਾਰਾਂ ਦੀ ਪਹਿਲੀ ਸੂਚੀ ਦਸੰਬਰ ਦੇ ਪਹਿਲੇ ਹਫ਼ਤੇ ਜਾਰੀ ਕੀਤੀ ਜਾਣੀ ਹੈ। ਇੱਕ ਸੀਨੀਅਰ ਆਗੂ ਨੇ ਕਿਹਾ ਕਿ ਪਹਿਲੀ ਸੂਚੀ ਵਿੱਚ ਜਿਨ੍ਹਾਂ ਆਗੂਆਂ ਦੇ ਨਾਂ ਸਾਫ਼ ਹੋਣ ਦੀ ਉਮੀਦ ਹੈ, ਉਨ੍ਹਾਂ ਵਿੱਚੋਂ ਬਹੁਤੇ ਚਾਹੁੰਦੇ ਹਨ ਕਿ ਸੂਚੀ ਵਿੱਚ ਦੇਰੀ ਕੀਤੀ ਜਾਵੇ ਕਿਉਂਕਿ ਜਲਦੀ ਐਲਾਨ ਹੋਣ ਨਾਲ ਉਨ੍ਹਾਂ ਦਾ ਚੋਣ ਪ੍ਰਚਾਰ ਦਾ ਸਮਾਂ ਬਹੁਤ ਲੰਬਾ ਹੋ ਜਾਵੇਗਾ।

ਪ੍ਰਧਾਨ ਮੰਤਰੀ ਮੋਦੀ ਦੇ 12 ਸਾਲਾਂ ਦੇ ਕਾਰਜਕਾਲ 'ਚ ਵਿਦੇਸ਼ ਯਾਤਰਾਵਾਂ 'ਤੇ ਖ਼ਰਚ ਹੋਏ 900 ਕਰੋੜ ਰੁਪਏ ਤੋਂ ਵੱਧ

81 ਦੇਸ਼ਾਂ ਦੇ ਕੀਤੇ 183 ਦੌਰੇ, ਅਮਰੀਕਾ ਦੀ ਸਭ ਤੋਂ ਵੱਧ 10 ਵਾਰ ਕੀਤੀ ਯਾਤਰਾ

ਨਵੀਂ ਦਿੱਲੀ/ਏ.ਟੀ.ਨਿਊਜ਼: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਤਾ ਸੰਭਾਲਣ ਤੋਂ ਬਾਅਦ ਪਿਛਲੇ 12 ਸਾਲਾਂ ਦੌਰਾਨ ਉਨ੍ਹਾਂ ਦੀਆਂ ਵਿਦੇਸ਼ ਯਾਤਰਾਵਾਂ ਉੱਤੇ 900 ਕਰੋੜ ਰੁਪਏ ਤੋਂ ਵੱਧ ਦਾ ਖ਼ਰਚਾ ਆਇਆ ਹੈ। ਵਿਦੇਸ਼ ਮੰਤਰਾਲੇ ਵੱਲੋਂ ਸੰਸਦ ਦੇ ਦੋਵਾਂ ਸਦਨਾਂ (ਲੋਕ ਸਭਾ ਅਤੇ ਰਾਜ ਸਭਾ) ਵਿੱਚ ਪੁੱਛੇ ਗਏ ਸਵਾਲਾਂ ਦੇ ਜਵਾਬ ਵਿੱਚ ਇਹ ਅਹਿਮ ਜਾਣਕਾਰੀ ਸਾਂਝੀ ਕੀਤੀ ਗਈ ਹੈ। ਮੰਤਰਾਲੇ ਵੱਲੋਂ ਪੇਸ਼ ਕੀਤੇ ਗਏ ਅੰਕੜੇ ਜੂਨ 2014 ਤੋਂ ਜੁਲਾਈ 2026 ਤੱਕ ਦੇ ਹਨ। ਇਸ ਅਰਸੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕੁੱਲ 81 ਦੇਸ਼ਾਂ ਦੇ 183 ਦੌਰੇ ਕੀਤੇ ਹਨ। ਹਾਲਾਂਕਿ, ਜੁਲਾਈ 2026 ਤੋਂ ਬਾਅਦ ਕੀਤੇ ਗਏ ਤਿੰਨ ਹੋਰ ਵਿਦੇਸ਼ੀ ਦੌਰਿਆਂ (ਜਿਨ੍ਹਾਂ ਵਿੱਚ ਮੌਜੂਦਾ ਫਿਲੀਪੀਨਜ਼ ਦੌਰਾ ਵੀ ਸ਼ਾਮਲ ਹੈ) ਦੇ ਖ਼ਰਚੇ ਦਾ ਵੇਰਵਾ ਅਜੇ ਜਨਤਕ ਰਿਕਾਰਡ ਵਿੱਚ ਉਪਲਬਧ ਨਹੀਂ ਹੈ। ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਮੇਜ਼ਬਾਨ ਦੇਸ਼ ਪ੍ਰਧਾਨ ਮੰਤਰੀ ਦੇ ਠਹਿਰਨ ਦਾ ਖ਼ਰਚਾ ਚੁੱਕਦੇ ਹਨ, ਜਦਕਿ ਨਾਲ ਜਾਣ ਵਾਲੇ ਅਧਿਕਾਰੀਆਂ, ਸੁਰੱਖਿਆ ਵਿਵਸਥਾ ਅਤੇ ਆਵਾਜਾਈ ਆਦਿ 'ਤੇ ਭਾਰਤ ਸਰਕਾਰ ਵੱਲੋਂ ਖ਼ਰਚ ਕੀਤਾ ਜਾਂਦਾ ਹੈ।



ਕਿਸ ਸਾਲ ਹੋਏ ਸਭ ਤੋਂ ਵੱਧ ਦੌਰੇ ਅਤੇ ਖ਼ਰਚ ?

ਸਾਲ 2015: ਮੋਦੀ ਦੇ 12 ਸਾਲਾਂ ਦੇ ਕਾਰਜਕਾਲ ਵਿੱਚ ਸਭ ਤੋਂ ਵੱਧ 28 ਵਿਦੇਸ਼ੀ ਦੌਰੇ ਸਾਲ 2015 ਵਿੱਚ ਹੋਏ, ਜਿਨ੍ਹਾਂ 'ਤੇ 91.5 ਕਰੋੜ ਰੁਪਏ ਖ਼ਰਚ ਆਏ। ਇਸੇ ਸਾਲ ਉਨ੍ਹਾਂ ਅਚਾਨਕ ਪਾਕਿਸਤਾਨ ਦੇ ਲਾਹੌਰ ਦਾ ਦੌਰਾ ਵੀ ਕੀਤਾ ਸੀ।

ਸਾਲ 2025: ਖ਼ਰਚੇ ਦੇ ਪੱਖੋਂ ਸਾਲ 2025 ਸਭ ਤੋਂ ਉੱਪਰ ਰਿਹਾ, ਜਦੋਂ 23 ਦੇਸ਼ਾਂ ਦੀ ਯਾਤਰਾ 'ਤੇ ਘੱਟੋ-ਘੱਟ 187.8 ਕਰੋੜ ਰੁਪਏ ਖ਼ਰਚ ਹੋਏ।

ਸਾਲ 2026: ਇਸ ਸਾਲ ਹੁਣ ਤੱਕ ਪ੍ਰਧਾਨ ਮੰਤਰੀ 16 ਵਿਦੇਸ਼ੀ ਦੌਰੇ ਕਰ ਚੁੱਕੇ ਹਨ, ਜਿਨ੍ਹਾਂ ਵਿੱਚੋਂ ਜੁਲਾਈ ਤੱਕ ਹੋਏ ਦੌਰਿਆਂ 'ਤੇ ਘੱਟੋ-ਘੱਟ 74.6 ਕਰੋੜ ਰੁਪਏ ਖ਼ਰਚ ਹੋਏ ਹਨ।

ਅਮਰੀਕਾ ਦੌਰੇ ਰਹੇ ਸਭ ਤੋਂ ਵੱਧ ਅਤੇ ਮਹਿੰਗੇ

ਅੰਕੜਿਆਂ ਮੁਤਾਬਕ ਪ੍ਰਧਾਨ ਮੰਤਰੀ ਮੋਦੀ ਨੇ ਸਭ ਤੋਂ ਵੱਧ 10 ਵਾਰ ਅਮਰੀਕਾ ਦੀ ਯਾਤਰਾ ਕੀਤੀ ਹੈ। ਇਸ ਤੋਂ ਬਾਅਦ ਯੂ.ਏ.ਈ., ਜਾਪਾਨ ਅਤੇ ਫਰਾਂਸ ਦਾ ਨੰਬਰ ਆਉਂਦਾ ਹੈ, ਜਿੱਥੇ ਉਹ 8-8 ਵਾਰ ਗਏ। ਸਾਲ 2019 ਦਾ ਅਮਰੀਕਾ ਦੌਰਾ (ਜਿਸ ਦੌਰਾਨ ਹਿਊਸਟਨ ਵਿੱਚ 'ਹਾਊਡੀ ਮੋਦੀ' ਪ੍ਰੋਗਰਾਮ ਹੋਇਆ ਸੀ) ਸਭ ਤੋਂ ਮਹਿੰਗੇ ਦੌਰਿਆਂ ਵਿੱਚੋਂ ਇੱਕ ਸੀ, ਜਿਸ 'ਤੇ 37.7 ਕਰੋੜ ਰੁਪਏ ਖ਼ਰਚ ਹੋਏ ਸਨ।

ਮਨਮੋਹਨ ਸਿੰਘ ਦੇ ਕਾਰਜਕਾਲ ਨਾਲ ਤੁਲਨਾ

ਰਿਪੋਰਟ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਉਨ੍ਹਾਂ ਮਈ 2004 ਤੋਂ ਮਈ 2014 ਤੱਕ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ 96 ਦੇਸ਼ਾਂ ਦੀ ਯਾਤਰਾ ਕੀਤੀ ਸੀ (ਜਦਕਿ ਮੋਦੀ ਨੇ ਆਪਣੇ ਪਹਿਲੇ 10 ਸਾਲਾਂ ਵਿੱਚ 133 ਦੌਰੇ ਕੀਤੇ)। ਮਨਮੋਹਨ ਸਿੰਘ ਦੇ ਕੁੱਲ ਖ਼ਰਚੇ ਦਾ ਪੂਰਾ ਵੇਰਵਾ ਉਪਲਬਧ ਨਹੀਂ ਹੈ, ਪਰ ਉਨ੍ਹਾਂ ਦੇ 10 ਸਾਲਾਂ ਦੌਰਾਨ ਸਿਰਫ਼ ਚਾਰਟਰਡ ਜਹਾਜ਼ਾਂ 'ਤੇ ਕਰੀਬ 795 ਕਰੋੜ ਰੁਪਏ ਖ਼ਰਚ ਹੋਏ ਸਨ।

ਲੰਬੀ ਕਾਨੂੰਨੀ ਜੱਦੋਜਹਿਦ ਮਗਰੋਂ ਅੰਮ੍ਰਿਤਪਾਲ ਸਿੰਘ ਨੂੰ ਮਿਲੀ ਪੈਰੋਲ

22 ਤੇ 23 ਨਵੰਬਰ ਦੇ ਸਮਾਗਮਾਂ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਹੋਵੇਗੀ ਸ਼ਮੂਲੀਅਤ; ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਸਖ਼ਤ ਸੁਰੱਖਿਆ ਹੇਠ ਲਿਆਂਦਾ ਜਾਵੇਗਾ

ਅੰਮ੍ਰਿਤਸਰ/ਏ.ਟੀ.ਨਿਊਜ਼ਃ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੁਣੇ ਗਏ ਸੰਸਦ ਮੈਂਬਰ ਅਤੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਨੂੰ ਆਪਣੀ ਸਵਰਗਵਾਸੀ ਦਾਦੀ ਮਾਤਾ ਚਰਨ ਕੌਰ ਦੇ ਅੰਤਿਮ ਸਸਕਾਰ ਵਿੱਚ ਸ਼ਾਮਲ ਹੋਣ ਲਈ ਅਦਾਲਤ ਵੱਲੋਂ 21 ਨਵੰਬਰ ਦੀ ਆਰਜ਼ੀ ਕਸਟਡੀ ਪੈਰੋਲ ਮਿਲ ਗਈ ਹੈ। ਹਾਲਾਂਕਿ, ਇਸ ਮਨੁੱਖੀ ਅਤੇ ਭਾਵੁਕ ਮਸਲੇ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਕਾਨੂੰਨੀ ਅਤੇ ਪ੍ਰਸ਼ਾਸਨਿਕ ਖਿੱਚੋਤਾਣ ਨੇ ਪੰਜਾਬ ਦੀ ਸਿਆਸਤ ਅਤੇ ਪੰਥਕ ਹਲਕਿਆਂ ਵਿੱਚ ਇੱਕ ਵੱਡੀ ਬਹਿਸ ਛੇੜ ਦਿੱਤੀ ਹੈ। ਇੱਕ ਪਾਸੇ ਜਿੱਥੇ ਲੱਖਾਂ ਵੋਟਾਂ ਨਾਲ ਜਿੱਤੇ ਲੋਕ ਨੁਮਾਇੰਦੇ ਨੂੰ ਆਪਣੇ ਬਜ਼ੁਰਗ ਦੀਆਂ ਅੰਤਿਮ ਰਸਮਾਂ ਨਿਭਾਉਣ ਲਈ ਵੀ ਕਈ-ਕਈ ਦਿਨ ਅਦਾਲਤਾਂ ਦੇ ਚੱਕਰ ਕੱਟਣੇ ਪਏ, ਉੱਥੇ ਹੀ ਦੂਜੇ ਪਾਸੇ ਸਰਕਾਰੀ ਤੰਤਰ ਵੱਲੋਂ ਲਗਾਈਆਂ ਗਈਆਂ ਸਖ਼ਤ ਸ਼ਰਤਾਂ ਅਤੇ ਦੇਰੀ ਨੂੰ ਲੈ ਕੇ ਸਿੱਖ ਸੰਗਤਾਂ ਅਤੇ ਪਰਿਵਾਰ ਵੱਲੋਂ ਤਿੱਖੇ ਸਵਾਲ ਉਠਾਏ ਜਾ ਰਹੇ ਹਨ।

ਮਨੁੱਖੀ ਅਧਿਕਾਰਾਂ ਬਨਾਮ ਸਰਕਾਰੀ ਸਖ਼ਤੀ: 13 ਦਿਨਾਂ ਦਾ ਲੰਬਾ ਇੰਤਜ਼ਾਰ

ਭਾਈ ਅੰਮ੍ਰਿਤਪਾਲ ਸਿੰਘ ਦੀ 84 ਸਾਲਾ ਦਾਦੀ ਮਾਤਾ ਚਰਨ ਕੌਰ ਦਾ ਬੀਤੀ 8 ਨਵੰਬਰ ਨੂੰ ਲੰਮੀ ਬਿਮਾਰੀ ਉਪਰੰਤ ਦੇਹਾਂਤ ਹੋ ਗਿਆ ਸੀ। ਪਰਿਵਾਰ ਦੀ ਦਿਲੀ ਇੱਛਾ ਸੀ ਕਿ ਅੰਮ੍ਰਿਤਪਾਲ ਸਿੰਘ, ਜਿਨ੍ਹਾਂ ਦਾ ਆਪਣੀ ਦਾਦੀ ਨਾਲ ਬਚਪਨ ਤੋਂ ਹੀ ਬੇਹੱਦ ਗੂੜ੍ਹਾ ਪਿਆਰ ਅਤੇ ਲਗਾਅ ਸੀ, ਆਪਣੇ ਹੱਥੀਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਅਤੇ ਸਿੱਖ ਮਰਿਆਦਾ ਅਨੁਸਾਰ ਬਾਕੀ ਰਸਮਾਂ ਵਿੱਚ ਸ਼ਾਮਲ ਹੋਣ। ਇਸੇ ਉਮੀਦ ਵਿੱਚ ਪਰਿਵਾਰ ਵੱਲੋਂ ਮਾਤਾ ਚਰਨ ਕੌਰ ਦੀ ਮ੍ਰਿਤਕ ਦੇਹ ਨੂੰ ਅੰਮ੍ਰਿਤਸਰ ਨੇੜਲੇ ਵੱਲਾ ਸਥਿਤ ਗੁਰੂ ਰਾਮਦਾਸ ਹਸਪਤਾਲ ਦੇ ਮੁਰਦਾਘਰ ਵਿੱਚ ਰੱਖਿਆ ਗਿਆ।

ਪਰ ਅਸਾਮ ਦੀ ਡਿਬਰੂਗੜ੍ਹ ਜੇਲ੍ਹ, ਜੋ ਕਿ ਪੰਜਾਬ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਹੈ, ਵਿੱਚ ਬੰਦ ਹੋਣ ਕਾਰਨ ਇਹ ਪ੍ਰਕਿਰਿਆ ਇੰਨੀ ਗੁੰਝਲਦਾਰ ਬਣਾ ਦਿੱਤੀ ਗਈ ਕਿ ਪਰਿਵਾਰ ਨੂੰ 13 ਦਿਨਾਂ ਤੱਕ ਅੰਤਿਮ ਸੰਸਕਾਰ ਰੋਕਣਾ ਪਿਆ। ਇਸ ਤੋਂ ਪਹਿਲਾਂ ਅੰਮ੍ਰਿਤਸਰ ਦੀ ਅਦਾਲਤ ਨੇ 13 ਨਵੰਬਰ ਨੂੰ ਸੁਣਵਾਈ ਕਰਦਿਆਂ 14 ਨਵੰਬਰ ਨੂੰ ਦੁਪਹਿਰ 12 ਤੋਂ 3 ਵਜੇ ਤੱਕ ਤਿੰਨ ਘੰਟਿਆਂ ਦੀ ਪੈਰੋਲ ਦਿੱਤੀ ਸੀ। ਪਰ ਜੇਲ੍ਹ ਪ੍ਰਸ਼ਾਸਨ ਅਤੇ ਸਰਕਾਰੀ ਏਜੰਸੀਆਂ ਵੱਲੋਂ ਇੰਨੇ ਘੱਟ ਸਮੇਂ ਵਿੱਚ ਯਾਤਰਾ ਅਤੇ ਸੁਰੱਖਿਆ ਪ੍ਰਬੰਧ ਨਾ ਹੋ ਸਕਣ ਦਾ ਬਹਾਨਾ ਬਣਾ ਕੇ ਉਨ੍ਹਾਂ ਨੂੰ ਨਹੀਂ ਲਿਆਂਦਾ ਗਿਆ। ਇਸ ਦੇਰੀ ਕਾਰਨ ਪਰਿਵਾਰ ਦੇ ਦੁੱਖ ਵਿੱਚ ਹੋਰ ਵਾਧਾ ਹੋਇਆ ਅਤੇ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਗਿਆ।

ਅਦਾਲਤ ਦਾ ਤਾਜ਼ਾ ਫ਼ੈਸਲਾ ਅਤੇ ਸਖ਼ਤ ਸ਼ਰਤਾਂ

ਪਹਿਲੇ ਹੁਕਮਾਂ ਦੇ ਲਾਗੂ ਨਾ ਹੋਣ ਮਗਰੋਂ ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਐਡਵੋਕੇਟ ਹਰਜੋਤ ਸਿੰਘ ਮਾਨ ਅਤੇ ਰਿਤੂਰਾਜ ਸਿੰਘ ਵੱਲੋਂ ਵਧੀਕ ਜ਼ਿਲ੍ਹਾ



ਅਤੇ ਸੈਸ਼ਨ ਜੱਜ ਪਰਿੰਦਰ ਸਿੰਘ ਦੀ ਅਦਾਲਤ ਵਿੱਚ ਮੁੜ ਪਟੀਸ਼ਨ ਦਾਇਰ ਕੀਤੀ ਗਈ। ਪਰਿਵਾਰ ਵੱਲੋਂ ਮੰਗ ਕੀਤੀ ਗਈ ਸੀ ਕਿ 21 ਨਵੰਬਰ ਨੂੰ ਅੰਤਿਮ ਸੰਸਕਾਰ, 22 ਨਵੰਬਰ ਨੂੰ ਅਸਥੀਆਂ ਚੁਗਣ ਅਤੇ 23 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਤਿੰਨ ਦਿਨਾਂ ਦੀ ਰਾਹਤ ਦਿੱਤੀ ਜਾਵੇ।

ਅਦਾਲਤ ਨੇ ਮਾਮਲੇ ਦੇ ਮਨੁੱਖੀ ਪੱਖ ਨੂੰ ਸਮਝਦਿਆਂ 21 ਨਵੰਬਰ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਪੁਲਿਸ ਹਿਰਾਸਤ ਵਿੱਚ ਅੰਮ੍ਰਿਤਪਾਲ ਸਿੰਘ ਨੂੰ ਉਨ੍ਹਾਂ ਦੇ ਜੱਦੀ ਪਿੰਡ ਜੱਲੂਪੁਰ ਖੇੜਾ ਵਿਖੇ ਲਿਆਉਣ ਦੀ ਇਜਾਜ਼ਤ ਦੇ ਦਿੱਤੀ ਹੈ। ਹਾਲਾਂਕਿ, 22 ਅਤੇ 23 ਨਵੰਬਰ ਦੀਆਂ ਰਸਮਾਂ ਵਿੱਚ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਹਾਜ਼ਰ ਹੋਣ ਦੀ ਬਜਾਏ ਡਿਬਰੂਗੜ੍ਹ ਜੇਲ੍ਹ ਤੋਂ ਹੀ ਵੀਡੀਓ ਕਾਨਫਰੰਸਿੰਗ ਰਾਹੀਂ ਸ਼ਾਮਲ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਨਾਲ ਹੀ ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਡਿਬਰੂਗੜ੍ਹ ਤੋਂ ਅੰਮ੍ਰਿਤਸਰ ਲਿਆਉਣ ਅਤੇ ਵਾਪਸ ਲਿਜਾਣ ਦੇ ਹਵਾਈ ਸਫ਼ਰ ਅਤੇ ਸੁਰੱਖਿਆ ਪ੍ਰਬੰਧਾਂ ਦਾ ਸਾਰਾ ਖਰਚਾ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਖੁਦ ਚੁੱਕਣਾ ਪਵੇਗਾ। ਇਸ ਸਮੁੱਚੇ ਘਟਨਾਕ੍ਰਮ ਨੇ ਪੰਜਾਬ ਦੇ ਸਿਆਸੀ ਅਤੇ ਸਮਾਜਿਕ ਹਲਕਿਆਂ ਵਿੱਚ ਇਹ ਗੰਭੀਰ ਚਰਚਾ ਛੇੜ ਦਿੱਤੀ ਹੈ ਕਿ ਕੀ ਇੱਕ ਚੁਣੇ ਹੋਏ ਸੰਸਦ ਮੈਂਬਰ ਉੱਪਰ ਲਗਾਈਆਂ ਜਾ ਰਹੀਆਂ ਇਹ ਅਣਐਲਾਨੀਆਂ ਪਾਬੰਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਹਨ? ਭਾਈ ਅੰਮ੍ਰਿਤਪਾਲ ਸਿੰਘ ਅਪ੍ਰੈਲ 2023 ਤੋਂ ਬਿਨਾਂ ਕਿਸੇ ਅਦਾਲਤੀ ਸਜ਼ਾ ਦੇ, ਸਿਰਫ਼ ਐੱਨ.ਐੱਸ.ਏ ਵਰਗੇ ਸਖ਼ਤ ਕਾਨੂੰਨ ਤਹਿਤ ਪੰਜਾਬ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਅਸਾਮ ਦੀ ਜੇਲ੍ਹ ਵਿੱਚ ਨਜ਼ਰਬੰਦ ਹਨ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਹਲਕੇ ਦੇ ਲੱਖਾਂ ਵੋਟਰਾਂ ਨੇ ਉਨ੍ਹਾਂ ਨੂੰ ਰਿਕਾਰਡ ਤੋੜ ਵੋਟਾਂ ਨਾਲ ਜਿਤਾ ਕੇ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ (ਪਾਰਲੀਮੈਂਟ) ਵਿੱਚ ਆਪਣਾ ਨੁਮਾਇੰਦਾ ਚੁਣਿਆ ਸੀ। ਵਾਰਿਸ ਪੰਜਾਬ ਦੇ ਮੁੱਖ ਬੁਲਾਰੇ ਸ਼ਮਸ਼ੇਰ ਸਿੰਘ ਪੱਧਰੀ ਅਤੇ ਪਰਿਵਾਰਕ ਮੈਂਬਰਾਂ ਦਾ ਸਿੱਧਾ ਇਲਜ਼ਾਮ ਹੈ ਕਿ ਪੰਜਾਬ ਸਰਕਾਰ ਅਤੇ ਕੇਂਦਰੀ ਏਜੰਸੀਆਂ ਜਾਣਬੁੱਝ ਕੇ ਕਾਨੂੰਨੀ ਅੜਿੱਕੇ ਡਾਹ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਇੱਕ ਆਮ ਕੈਦੀ ਨੂੰ ਵੀ ਆਪਣੇ ਪਰਿਵਾਰਕ ਮੈਂਬਰਾਂ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋਣ ਦਾ ਸੰਵਿਧਾਨਕ ਅਤੇ ਮਨੁੱਖੀ ਹੱਕ ਹੁੰਦਾ ਹੈ, ਤਾਂ ਫਿਰ ਲੱਖਾਂ ਲੋਕਾਂ ਦੇ ਚੁਣੇ ਹੋਏ ਆਗੂ ਨਾਲ ਅਜਿਹਾ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ?

ਸਿਆਸੀ ਵਿਸ਼ਲੇਸ਼ਕਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਦਾ ਮੰਨਣਾ ਹੈ ਕਿ ਕਿਸੇ ਵੀ ਵਿਅਕਤੀ, ਭਾਵੇਂ ਉਸ ਦੇ ਵਿਚਾਰ ਸਰਕਾਰ ਨਾਲ ਮੇਲ ਨਾ ਖਾਂਦੇ ਹੋਣ, ਨੂੰ ਉਸ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਤੋਂ ਵਾਂਝਾ ਰੱਖਣਾ ਲੋਕਤੰਤਰ ਲਈ ਸ਼ੁਭ ਸੰਕੇਤ ਨਹੀਂ ਹੈ। ਅਦਾਲਤ ਵੱਲੋਂ ਸਿਰਫ਼ ਤਿੰਨ ਘੰਟਿਆਂ ਦੀ ਮੋਹਲਤ ਦੇਣਾ, ਸਫ਼ਰ ਦਾ ਸਾਰਾ ਖਰਚਾ ਪਰਿਵਾਰ ਸਿਰ ਪਾਉਣਾ ਅਤੇ ਭੋਗ ਸਮਾਗਮ ਵਰਗੀ ਅਹਿਮ ਧਾਰਮਿਕ ਰਸਮ ਵਿੱਚ ਵੀਡੀਓ ਕਾਨਫਰੰਸਿੰਗ ਦੀ ਸ਼ਰਤ ਲਗਾਉਣਾ ਦਰਸਾਉਂਦਾ ਹੈ ਕਿ ਸਰਕਾਰੀ ਤੰਤਰ ਅੰਮ੍ਰਿਤਪਾਲ ਸਿੰਘ ਦੀ ਲੋਕਪ੍ਰਿਯਤਾ ਤੋਂ ਕਿਸ ਕਦਰ ਭੈਅਭੀਤ ਹੈ।

ਪਿੰਡ ਜੱਲੂਪੁਰ ਖੇੜਾ ਅਤੇ ਸਮੁੱਚੇ ਮਾਝਾ ਖੇਤਰ ਵਿੱਚ ਇਸ ਵੇਲੇ ਸੋਗ ਦੇ ਨਾਲ-ਨਾਲ ਰੋਸ ਦੀ ਲਹਿਰ ਵੀ ਪਾਈ ਜਾ ਰਹੀ ਹੈ। ਸੰਗਤਾਂ ਦਾ ਕਹਿਣਾ ਹੈ ਕਿ ਪੰਜਾਬ ਦੀ ਧਰਤੀ 'ਤੇ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਅਤੇ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਵਾਲੇ ਨੌਜਵਾਨ ਆਗੂ ਨੂੰ ਆਪਣੇ ਹੀ ਸੂਬੇ ਦੀ ਧਰਤੀ 'ਤੇ ਪੈਰ ਰੱਖਣ ਲਈ ਵੀ ਅਦਾਲਤਾਂ ਦੇ ਤਰਲੇ ਕਰਨੇ ਪੈ ਰਹੇ ਹਨ।

ਹੁਣ ਸਾਰੀਆਂ ਨਜ਼ਰਾਂ 21 ਨਵੰਬਰ 'ਤੇ ਟਿਕੀਆਂ ਹੋਈਆਂ ਹਨ, ਜਦੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਭਾਈ ਅੰਮ੍ਰਿਤਪਾਲ ਸਿੰਘ ਕਰੀਬ ਡੇਢ ਸਾਲ ਬਾਅਦ ਪੰਜਾਬ ਦੀ ਧਰਤੀ 'ਤੇ ਕਦਮ ਰੱਖਣਗੇ ਅਤੇ ਆਪਣੀ ਦਾਦੀ ਮਾਤਾ ਚਰਨ ਕੌਰ ਨੂੰ ਅੰਤਿਮ ਵਿਦਾਇਗੀ ਦੇਣਗੇ। (ਬਾਕੀ ਸਫ਼ਾ 27 'ਤੇ)

ਸੋਨੀਆ ਗਾਂਧੀ ਦੇ ਸਮਾਗਮ 'ਚ ਕੈਪਟਨ ਦੀ ਹਾਜ਼ਰੀ ਨੇ ਸਿਆਸੀ ਹਲਕਿਆਂ 'ਚ ਛੇੜੀ ਚਰਚਾ

ਰਾਹੁਲ ਵੱਲੋਂ 'ਅਮਰਿੰਦਰ ਅੰਕਲ' ਦਾ ਵਿਸ਼ੇਸ਼ ਜ਼ਿਕਰ: ਕੀ ਪੰਜਾਬ ਚੋਣਾਂ ਤੋਂ ਪਹਿਲਾਂ ਬਦਲਣਗੇ ਸਿਆਸੀ ਸਮੀਕਰਨ?

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸੋਨੀਆ ਗਾਂਧੀ ਦੀ ਕਿਤਾਬ ਦੇ ਵਿਮੋਚਨ ਸਮਾਗਮ ਵਿੱਚ ਮੌਜੂਦਗੀ ਨੇ ਸੂਬੇ ਦੀ ਸਿਆਸਤ ਵਿੱਚ ਨਵੀਆਂ ਅਟਕਲਾਂ ਨੂੰ ਜਨਮ ਦਿੱਤਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ ਤਿੰਨ ਮਹੀਨੇ ਦਾ ਸਮਾਂ ਬਾਕੀ ਰਹਿ ਗਿਆ ਹੈ ਅਤੇ ਅਜਿਹੇ ਨਾਜ਼ੁਕ ਮੋੜ 'ਤੇ ਕੈਪਟਨ ਦੀ ਕਾਂਗਰਸ ਦੇ ਸਿਖਰਲੇ ਆਗੂਆਂ ਨਾਲ ਨੇੜਤਾ ਕਈ ਸਿਆਸੀ ਸਵਾਲ ਖੜ੍ਹੇ ਕਰਦੀ ਹੈ।

ਪਿਛਲੇ ਦਿਨੀਂ ਸੋਨੀਆ ਗਾਂਧੀ ਦੀ ਕਿਤਾਬ ਦੇ ਵਿਮੋਚਨ ਮੌਕੇ ਕੈਪਟਨ ਅਮਰਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਹਾਲਾਂਕਿ ਉਨ੍ਹਾਂ ਦੀ ਪਤਨੀ ਅਤੇ ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਇਸ ਮੌਕੇ ਉਨ੍ਹਾਂ ਦੇ ਨਾਲ ਨਹੀਂ ਸਨ। ਇਸ ਸਮਾਗਮ ਦੀ ਸਭ ਤੋਂ ਅਹਿਮ ਗੱਲ ਇਹ ਰਹੀ ਕਿ ਰਾਹੁਲ ਗਾਂਧੀ ਨੇ ਆਪਣੇ ਭਾਸ਼ਣ ਦੌਰਾਨ ਖ਼ਾਸ ਤੌਰ 'ਤੇ ਕੈਪਟਨ ਅਮਰਿੰਦਰ ਸਿੰਘ ਦਾ ਜ਼ਿਕਰ ਕੀਤਾ। ਜ਼ਿਕਰਯੋਗ ਹੈ ਕਿ ਰਾਹੁਲ ਗਾਂਧੀ ਪਹਿਲਾਂ ਵੀ ਕਹਿ ਚੁੱਕੇ ਹਨ ਕਿ 'ਅਮਰਿੰਦਰ ਅੰਕਲ' ਉਨ੍ਹਾਂ ਨੂੰ ਬਹੁਤ ਚੰਗੇ ਆਗੂ ਲੱਗਦੇ ਹਨ। ਸਿਆਸੀ ਹਲਕਿਆਂ ਵਿੱਚ ਇਸ ਜਨਤਕ ਪ੍ਰਸ਼ੰਸਾ ਅਤੇ ਹਾਜ਼ਰੀ ਨੂੰ ਮਹਿਜ਼ ਇੱਕ ਰਸਮੀ ਮੁਲਾਕਾਤ ਵਜੋਂ ਨਹੀਂ ਦੇਖਿਆ ਜਾ ਰਿਹਾ, ਸਗੋਂ ਇਸ ਪਿੱਛੇ ਡੂੰਘੇ ਸਿਆਸੀ ਅਰਥ ਕੱਢੇ ਜਾ ਰਹੇ ਹਨ।





ਭਾਜਪਾ ਛੱਡਣ ਦੀ ਦੁਚਿੱਤੀ ਅਤੇ ਕੇਂਦਰੀ ਏਜੰਸੀਆਂ ਦਾ ਪੱਖ

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਕੈਪਟਨ ਅਮਰਿੰਦਰ ਸਿੰਘ ਚੋਣਾਂ ਤੋਂ ਐਨ ਪਹਿਲਾਂ ਕੋਈ ਵੱਡਾ ਸਿਆਸੀ ਜੋਖ਼ਮ ਲੈਣ ਦੀ ਸਥਿਤੀ ਵਿੱਚ ਹਨ? ਆਪਣੀ ਪਾਰਟੀ (ਪੰਜਾਬ ਲੋਕ ਕਾਂਗਰਸ) ਦਾ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਰਲੇਵਾਂ ਕਰਨ ਤੋਂ ਬਾਅਦ, ਉਨ੍ਹਾਂ ਲਈ ਹੁਣ ਪਾਰਟੀ ਛੱਡਣ ਦਾ ਫ਼ੈਸਲਾ ਲੈਣਾ ਆਸਾਨ ਨਹੀਂ ਜਾਪਦਾ। ਇਸ ਝਿਜਕ ਪਿੱਛੇ ਕਈ ਕਾਰਨ ਦੱਸੇ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਇੱਕ ਪ੍ਰਮੁੱਖ ਕਾਰਨ ਕੇਂਦਰੀ ਜਾਂਚ ਏਜੰਸੀਆਂ ਦੀ ਕਾਰਵਾਈ ਦਾ ਡਰ ਮੰਨਿਆ ਜਾ ਰਿਹਾ ਹੈ। ਰਿਪੋਰਟ ਅਨੁਸਾਰ, ਉਨ੍ਹਾਂ ਦੀ ਪਤਨੀ ਪਰਨੀਤ ਕੌਰ ਖ਼ਿਲਾਫ਼ ਜਾਂਚ ਚੱਲ ਰਹੀ ਹੈ ਅਤੇ ਉਨ੍ਹਾਂ ਦੇ ਪੁੱਤਰ ਨਾਲ ਸਬੰਧਤ ਵੀ ਕੋਈ ਮਾਮਲਾ ਚਰਚਾ ਵਿੱਚ ਹੈ।

ਦੂਜੇ ਪਾਸੇ, ਇਸ ਸਥਿਤੀ ਦਾ ਇੱਕ ਰਣਨੀਤਕ ਪਹਿਲੂ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਜੇਕਰ ਕੈਪਟਨ ਅਮਰਿੰਦਰ ਸਿੰਘ ਇਸ ਸਮੇਂ ਭਾਜਪਾ ਛੱਡਣ ਦਾ ਫ਼ੈਸਲਾ ਲੈਂਦੇ ਹਨ, ਤਾਂ ਸ਼ਾਇਦ ਚੋਣਾਂ ਮੁਕੰਮਲ ਹੋਣ ਤੱਕ ਉਨ੍ਹਾਂ ਜਾਂ ਉਨ੍ਹਾਂ ਦੇ ਪਰਿਵਾਰ ਖ਼ਿਲਾਫ਼ ਕੋਈ ਵੱਡੀ ਕਾਰਵਾਈ ਨਾ ਹੋਵੇ। ਇਸ ਦਾ ਕਾਰਨ ਇਹ ਹੈ ਕਿ ਚੋਣਾਂ ਦੇ ਐਨ ਵਿਚਕਾਰ ਕੀਤੀ ਗਈ ਕਿਸੇ ਵੀ ਕਾਰਵਾਈ ਦਾ ਸਿਆਸੀ ਤੌਰ 'ਤੇ ਉਲਟਾ ਅਸਰ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਜਿਸ ਤੋਂ ਕੋਈ ਵੀ ਸੱਤਾਧਾਰੀ ਧਿਰ ਬਚਣਾ ਚਾਹੇਗੀ।

2022 ਦੇ ਸਿਆਸੀ ਸਬਕ ਅਤੇ ਕਾਂਗਰਸ ਲਈ ਸੰਭਾਵਨਾਵਾਂ

ਪੰਜਾਬ ਦੀ ਸਿਆਸਤ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਲਗਭਗ ਛੇ ਮਹੀਨੇ ਪਹਿਲਾਂ ਕਾਂਗਰਸ ਹਾਈਕਮਾਨ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦਾ ਫ਼ੈਸਲਾ ਪਾਰਟੀ ਲਈ ਬੇਹੱਦ ਨੁਕਸਾਨਦੇਹ ਸਾਬਤ ਹੋਇਆ ਸੀ। ਉਸ ਸਮੇਂ ਪਾਰਟੀ ਅੰਦਰਲੀ ਫੁੱਟ ਅਤੇ ਅਗਵਾਈ ਦੀ ਤਬਦੀਲੀ ਕਾਰਨ ਕਾਂਗਰਸ ਨੂੰ ਸੱਤਾ ਗੁਆਉਣੀ ਪਈ ਸੀ। ਰਿਪੋਰਟ ਵਿੱਚ ਇਸ ਗੱਲ ਵੱਲ ਇਸ਼ਾਰਾ ਕੀਤਾ ਗਿਆ ਹੈ ਕਿ ਜੇਕਰ ਹੁਣ ਚੋਣਾਂ ਤੋਂ ਠੀਕ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਵਿੱਚ ਵਾਪਸੀ ਹੁੰਦੀ ਹੈ, ਤਾਂ ਇਸ ਦਾ ਪੰਜਾਬ ਦੇ ਚੋਣ ਸਮੀਕਰਨਾਂ 'ਤੇ ਵਿਆਪਕ ਅਸਰ ਪੈ ਸਕਦਾ ਹੈ। ਜਿਸ ਅਨੁਪਾਤ ਵਿੱਚ 2022 ਵਿੱਚ ਉਨ੍ਹਾਂ ਨੂੰ ਹਟਾਉਣ ਨਾਲ ਕਾਂਗਰਸ ਨੂੰ ਨੁਕਸਾਨ ਝੱਲਣਾ ਪਿਆ ਸੀ, ਉਸੇ ਅਨੁਪਾਤ ਵਿੱਚ ਉਨ੍ਹਾਂ ਦੀ ਵਾਪਸੀ ਪਾਰਟੀ ਲਈ ਲਾਹੇਵੰਦ ਸਾਬਤ ਹੋ ਸਕਦੀ ਹੈ।

ਵੱਖ-ਵੱਖ ਸਿਆਸੀ ਪਹਿਲੂ ਅਤੇ ਸੰਤੁਲਿਤ ਦ੍ਰਿਸ਼ਟੀਕੋਣ

ਹਾਲਾਂਕਿ ਕੈਪਟਨ ਅਮਰਿੰਦਰ ਸਿੰਘ ਦੀ ਵਾਪਸੀ ਦੀਆਂ ਕਿਆਸਅਰਾਈਆਂ ਜ਼ੋਰਾਂ 'ਤੇ ਹਨ, ਪਰ ਇਸ ਦੇ ਕਈ ਵਿਹਾਰਕ ਅਤੇ ਸਿਆਸੀ ਪਹਿਲੂ ਵੀ ਹਨ ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪੰਜਾਬ ਕਾਂਗਰਸ ਦੀ ਮੌਜੂਦਾ ਲੀਡਰਸ਼ਿਪ, ਜੋ ਪਿਛਲੇ ਕੁਝ ਸਾਲਾਂ ਤੋਂ ਪਾਰਟੀ ਨੂੰ ਮੁੜ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਕੈਪਟਨ ਦੀ ਵਾਪਸੀ 'ਤੇ ਕਿਵੇਂ ਪ੍ਰਤੀਕਿਰਿਆ ਦੇਵੇਗੀ, ਇਹ ਇੱਕ ਅਹਿਮ ਸਵਾਲ ਹੈ। ਪੁਰਾਣੇ ਮਤਭੇਦਾਂ ਨੂੰ ਭੁਲਾ ਕੇ ਇਕੱਠੇ ਚੱਲਣਾ ਦੋਵਾਂ ਧਿਰਾਂ ਲਈ ਚੁਣੌਤੀਪੂਰਨ ਹੋ ਸਕਦਾ ਹੈ।

ਸਿਆਸੀ ਮਾਹਿਰਾਂ ਅ

ਅਕਾਲੀ ਦਲ (ਪੁਨਰ ਸੁਰਜੀਤ) ਨੂੰ ਲੱਗਾ ਵੱਡਾ ਝਟਕਾ

ਕੀ ਚੰਦੂਮਾਜਰਾ ਤੋਂ ਬਾਅਦ ਜਗੀਰ ਕੌਰ ਦੀ ਘਰ ਵਾਪਸੀ ਨਾਲ ਬਾਦਲ ਦਲ ਹੋਵੇਗਾ ਮਜ਼ਬੂਤ ?

ਭਾਜਪਾ ਨਾਲ ਮੁੜ ਸਮਝੌਤੇ ਦੇ ਸਵਾਲ 'ਤੇ ਸੁਖਬੀਰ ਨੇ ਵੱਟੀ ਚੁੱਪ; ਕਿਹਾ— ਸੱਤਾ 'ਚ ਆਉਣ 'ਤੇ ਸਾਰੇ ਮਸਲੇ ਹੱਲ ਹੋ ਜਾਣਗੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਬੀਤੇ ਦਿਨੀਂ ਬੇਗੋਵਾਲ ਵਿਖੇ ਹੋਏ ਇੱਕ ਸਮਾਗਮ ਦੌਰਾਨ ਦੂਜੀ ਵਾਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਮੁੜ ਸ਼ਮੂਲੀਅਤ ਕਰ ਲਈ ਸੀ। ਇਸ ਤੋਂ ਕੁਝ ਦਿਨ ਪਹਿਲਾਂ ਹੀ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਪਾਰਟੀ ਵਿੱਚ ਵਾਪਸੀ ਕੀਤੀ ਸੀ। ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਹੋਈ ਇਸ ਵਾਪਸੀ ਨੇ ਅਕਾਲੀ ਸਿਆਸਤ ਦੇ ਅੰਦਰੂਨੀ ਸਮੀਕਰਨਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਵੱਖ-ਵੱਖ ਅਕਾਲੀ ਧੜਿਆਂ ਦੇ ਭਵਿੱਖ ਤੇ ਸੰਭਾਵੀ ਸਿਆਸੀ ਗੱਠਜੋੜਾਂ ਬਾਰੇ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਮੌਕੇ ਉਨ੍ਹਾਂ ਨੂੰ ਭੁਲੱਥ ਹਲਕੇ ਦਾ ਇੰਚਾਰਜ ਵੀ ਨਿਯੁਕਤ ਕੀਤਾ ਗਿਆ। ਸੁਖਬੀਰ ਸਿੰਘ ਬਾਦਲ ਨੇ ਹੋਰ ਨਾਰਾਜ਼ ਅਕਾਲੀ ਆਗੂਆਂ ਨੂੰ ਵੀ ਆਪਣੇ ਮਤਭੇਦ ਭੁਲਾ ਕੇ ਪਾਰਟੀ ਵਿੱਚ ਵਾਪਸ ਆਉਣ ਦੀ ਅਪੀਲ ਕੀਤੀ ਹੈ। ਬਾਦਲ ਦਲ ਦੇ ਹਲਕਿਆਂ ਅਨੁਸਾਰ, ਇਨ੍ਹਾਂ ਦੋਵਾਂ ਟਕਸਾਲੀ ਆਗੂਆਂ ਦੀ ਵਾਪਸੀ ਨਾਲ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਅੰਦਰੂਨੀ ਤੌਰ 'ਤੇ ਮਜ਼ਬੂਤੀ ਮਿਲੀ ਹੈ ਅਤੇ ਪਾਰਟੀ ਅੰਦਰ ਉੱਠ ਰਹੇ ਬਗਾਵਤੀ ਸੁਰਾਂ ਨੂੰ ਠੱਲ੍ਹ ਪਈ ਹੈ।



ਬੀਬੀ ਜਗੀਰ ਕੌਰ ਦੀ ਵਾਪਸੀ ਨਾਲ ਦੋਆਬਾ ਖੇਤਰ (ਕਪੂਰਥਲਾ ਤੇ ਭੁਲੱਥ) ਅਤੇ ਸਿੱਖ ਹਲਕਿਆਂ ਵਿੱਚ ਪਾਰਟੀ ਨੂੰ ਫਾਇਦਾ ਮਿਲਣ ਦੀ ਉਮੀਦ ਹੈ, ਜਦਕਿ ਪ੍ਰੇਮ ਸਿੰਘ ਚੰਦੂਮਾਜਰਾ ਦੇ ਆਉਣ ਨਾਲ ਪੁਆਧ ਅਤੇ ਰੋਪੜ-ਪਟਿਆਲਾ ਖੇਤਰ ਵਿੱਚ ਪਾਰਟੀ ਦੀ ਸਥਿਤੀ ਮਜ਼ਬੂਤ ਹੋਵੇਗੀ।

ਇਸ ਨਾਲ ਹੇਠਲੇ ਪੱਧਰ ਦੇ ਵਰਕਰਾਂ ਦਾ ਮਨੋਬਲ ਵਧੇਗਾ ਅਤੇ ਪਾਰਟੀ ਛੱਡ ਕੇ ਗਏ ਹੋਰ ਆਗੂਆਂ 'ਤੇ ਵਾਪਸੀ ਲਈ ਦਬਾਅ ਬਣੇਗਾ। ਦੂਜੇ ਪਾਸੇ, ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਵਾਰ-ਵਾਰ ਪਾਰਟੀ ਛੱਡਣ ਅਤੇ ਮੁੜ ਸ਼ਾਮਲ ਹੋਣ ਕਾਰਨ ਆਮ ਵੋਟਰਾਂ ਵਿੱਚ ਇਨ੍ਹਾਂ ਆਗੂਆਂ ਦੀ ਭਰੋਸੇਯੋਗਤਾ 'ਤੇ ਪ੍ਰਸ਼ਨ ਚਿੰਨ੍ਹ ਵੀ ਲੱਗੇ ਹਨ। ਇਨ੍ਹਾਂ ਦੋਵਾਂ ਮੁੱਖ ਥੰਮ੍ਹਾਂ ਅਤੇ ਰਣਨੀਤੀਕਾਰਾਂ ਬੀਬੀ ਜਗੀਰ ਕੌਰ ਤੇ ਚੰਦੂਮਾਜਰਾ ਦੇ ਬਾਦਲ ਦਲ ਵਿੱਚ ਪਰਤਣ ਨਾਲ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਧੜੇ 'ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ)' ਵਿੱਚ ਲੀਡਰਸ਼ਿਪ ਦਾ ਵੱਡਾ ਖਲਾਅ ਪੈਦਾ ਹੋ ਗਿਆ ਹੈ। ਸਿਆਸੀ ਮਾਹਿਰਾਂ ਅਨੁਸਾਰ, ਕਿਸੇ ਵੱਖਰੇ ਅਕਾਲੀ ਧੜੇ ਨੂੰ ਚਲਾਉਣ ਲਈ ਮਜ਼ਬੂਤ ਜਥੇਬੰਦਕ ਢਾਂਚੇ ਅਤੇ ਸਿਆਸੀ ਮੈਨੇਜਰਾਂ ਦੀ ਲੋੜ ਹੁੰਦੀ ਹੈ। ਗਿਆਨੀ ਹਰਪ੍ਰੀਤ ਸਿੰਘ ਕੋਲ ਧਾਰਮਿਕ ਅਕਸ ਤਾਂ ਹੈ, ਪਰ ਇਨ੍ਹਾਂ ਤਜਰਬੇਕਾਰ ਆਗੂਆਂ ਦੇ ਜਾਣ ਨਾਲ ਚੋਣ ਸਿਆਸਤ ਲਈ ਜ਼ਰੂਰੀ ਜ਼ਮੀਨੀ ਪੱਧਰ ਦੇ ਪ੍ਰਬੰਧਕਾਂ ਦੀ ਘਾਟ ਮਹਿਸੂਸ ਹੋਵੇਗੀ, ਜਿਸ ਨਾਲ ਧੜੇ ਦੀ ਹੋਂਦ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।ਇਸ ਨਾਲ ਧੜੇ ਦੇ ਬਾਕੀ ਬਚੇ ਆਗੂਆਂ 'ਤੇ ਵੀ ਬਾਦਲ ਦਲ ਵਿੱਚ ਜਾਣ ਜਾਂ ਹੋਰ ਬਦਲ ਲੱਭਣ ਦਾ ਦਬਾਅ ਵਧ ਸਕਦਾ ਹੈ।ਖ਼ਬਰਾਂ ਇਹ ਵੀ ਹਨ ਕਿ ਅਕਾਲੀ ਦਲ (ਪੁਨਰ ਸੁਰਜੀਤ) ਦੀ 'ਵਾਰਿਸ ਪੰਜਾਬ ਦੇ' ਨਾਲ ਗੱਠਜੋੜ ਕਰਨ ਬਾਰੇ ਗੱਲਬਾਤ ਚੱਲ ਰਹੀ ਹੈ।

ਸਿਆਸੀ ਵਿਸ਼ਲੇਸ਼ਕਾਂ ਅਨੁਸਾਰ, ਸਮਾਗਮ ਦੌਰਾਨ ਸਭ ਤੋਂ ਵੱਧ ਚਰਚਾ ਭਾਜਪਾ ਨਾਲ ਮੁੜ ਗੱਠਜੋੜ ਦੀਆਂ ਅਟਕਲਾਂ ਦੀ ਰਹੀ। ਇਸ ਬਾਰੇ ਪੁੱਛੇ ਜਾਣ 'ਤੇ ਸੁਖਬੀਰ ਸਿੰਘ ਬਾਦਲ ਨੇ ਸਿੱਧੀ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ। ਬਾਦਲ ਨੇ ਸਪੱਸ਼ਟ ਕੀਤਾ ਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਆਪ ਅਤੇ 'ਵਾਰਿਸ ਪੰਜਾਬ ਦੇ' ਨੂੰ ਛੱਡ ਕੇ ਕਿਸੇ ਵੀ ਹੋਰ ਪਾਰਟੀ ਨਾਲ ਹੱਥ ਮਿਲਾ ਸਕਦਾ ਹੈ।

ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਅਹਿਮ ਹੋਵੇਗਾ ਕਿ ਕੀ ਸੁਖਬੀਰ ਸਿੰਘ ਬਾਦਲ ਹੋਰ ਨਾਰਾਜ਼ ਆਗੂਆਂ ਨੂੰ ਵਾਪਸ ਲਿਆਉਣ ਵਿੱਚ ਸਫ਼ਲ ਹੁੰਦੇ ਹਨ ਅਤੇ ਕੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਮੁੜ ਗੱਠਜੋੜ ਹੁੰਦਾ ਹੈ।ਇਨ੍ਹਾਂ ਬਦਲਦੇ ਸਿਆਸੀ ਹਾਲਾਤਾਂ ਨੂੰ ਪੰਜਾਬ ਦੇ ਵੋਟਰ ਕਿਸ ਤਰ੍ਹਾਂ ਸਵੀਕਾਰ ਕਰਦੇ ਹਨ, ਇਸੇ ਉੱਪਰ ਅਕਾਲੀ ਦਲ ਦਾ ਭਵਿੱਖ ਨਿਰਭਰ ਕਰੇਗਾ।

ਪੰਜਾਬ ਦੀ ਸਿਆਸਤ 'ਚ ਵੱਡੀ ਹਲਚਲ, ਕੀ ਅਮਿਤ ਸ਼ਾਹ ਦਾ 'ਮਿਸ਼ਨ ਪੰਜਾਬ' ਹੋਵੇਗਾ ਕਾਮਯਾਬ ?

ਕੀ ਕਾਂਗਰਸ ਦੇ ਸਕੇਗੀ 'ਆਪ' ਨੂੰ ਟੱਕਰ ਜਾਂ ਬਾਦਲ ਦਲ ਦਾ ਮੁੜ ਹੋਵੇਗਾ ਭਾਜਪਾ ਨਾਲ ਸਮਝੌਤਾ ?

ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਆਉਣ ਵਾਲੇ ਚੋਣ ਸਮੀਕਰਨ ਹਰ ਰੋਜ਼ ਬਦਲ ਰਹੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀਆਂ ਅਤੇ ਸੂਬੇ ਦੀ ਰਾਜਨੀਤੀ ਵਿੱਚ ਲਗਾਤਾਰ ਵੱਧ ਰਹੀ ਦਿਲਚਸਪੀ ਨੇ ਸਿਆਸੀ ਪਾਰੇ ਨੂੰ ਪੂਰੀ ਤਰ੍ਹਾਂ ਭਖਾ ਦਿੱਤਾ ਹੈ। ਆਮ ਆਦਮੀ ਪਾਰਟੀ (ਆਪ) ਦੀ ਸੱਤਾ, ਕਾਂਗਰਸ ਦੀ ਮੁੜ ਵਾਪਸੀ ਦੀ ਕੋਸ਼ਿਸ਼, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹੋਂਦ ਦੀ ਲੜਾਈ ਅਤੇ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਵਿੱਚ ਆਪਣੇ ਦਮ 'ਤੇ ਪੈਰ ਜਮਾਉਣ ਦੀ ਜ਼ਿੱਦ ਨੇ ਮੁਕਾਬਲੇ ਨੂੰ ਚੌਕੋਣਾ ਤੇ ਦਿਲਚਸਪ ਬਣਾ ਦਿੱਤਾ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਭਾਜਪਾ ਦੇ ਪ੍ਰਮੁੱਖ ਰਣਨੀਤੀਕਾਰ ਵਜੋਂ ਜਾਣੇ ਜਾਂਦੇ ਹਨ। ਪੰਜਾਬ ਵਰਗੇ ਸਰਹੱਦੀ ਅਤੇ ਸੰਵੇਦਨਸ਼ੀਲ ਸੂਬੇ ਨੂੰ ਫ਼ਤਿਹ ਕਰਨ ਲਈ ਉਨ੍ਹਾਂ ਨੇ ਪਿਛਲੇ ਕੁਝ ਸਮੇਂ ਤੋਂ ਪੂਰੀ ਤਾਕਤ ਝੋਕੀ ਹੋਈ ਹੈ। ਕੇਂਦਰੀ ਏਜੰਸੀਆਂ ਦੀ ਸਰਗਰਮੀ, ਸਰਹੱਦੀ ਇਲਾਕਿਆਂ ਵਿੱਚ ਬੀ.ਐਸ.ਐਫ. ਦੇ ਦਾਇਰੇ ਨੂੰ ਲੈ ਕੇ ਫੈਸਲੇ ਅਤੇ ਨਸ਼ਿਆਂ ਵਿਰੁੱਧ ਕੇਂਦਰ ਦੀਆਂ ਪਹਿਲਕਦਮੀਆਂ ਇਸੇ ਰਣਨੀਤੀ ਦਾ ਹਿੱਸਾ ਮੰਨੀਆਂ ਜਾਂਦੀਆਂ ਹਨ।

ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਭਾਜਪਾ ਨੂੰ ਇੱਕ ਨਵਾਂ ਹੌਸਲਾ ਜ਼ਰੂਰ ਦਿੱਤਾ ਸੀ, ਜਿੱਥੇ ਪਾਰਟੀ ਦਾ ਵੋਟ ਬੈਂਕ ਸ਼ਹਿਰੀ ਹਲਕਿਆਂ ਵਿੱਚ ਵਧਿਆ ਅਤੇ ਲਗਭਗ ਦੋ ਦਰਜਨ ਤੋਂ ਵੱਧ ਵਿਧਾਨ ਸਭਾ ਹਲਕਿਆਂ ਵਿੱਚ ਪਾਰਟੀ ਨੇ ਚੰਗੀ ਲੀਡ ਹਾਸਲ ਕੀਤੀ ਸੀ। ਪਰ ਜਦੋਂ ਗੱਲ ਵਿਧਾਨ ਸਭਾ ਚੋਣਾਂ ਦੀ ਆਉਂਦੀ ਹੈ, ਤਾਂ ਅਮਿਤ ਸ਼ਾਹ ਦੇ ਸਾਹਮਣੇ ਕਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਦਿਖਾਈ ਦਿੰਦੀਆਂ ਹਨ।



ਪੰਜਾਬ ਦੀ ਆਤਮਾ ਪਿੰਡਾਂ ਵਿੱਚ ਵੱਸਦੀ ਹੈ। ਖੇਤੀ ਕਾਨੂੰਨਾਂ ਦੇ ਅੰਦੋਲਨ ਤੋਂ ਬਾਅਦ ਪੰਜਾਬ ਦੇ ਪਿੰਡਾਂ ਅਤੇ ਕਿਸਾਨਾਂ ਵਿੱਚ ਭਾਜਪਾ ਪ੍ਰਤੀ ਜੋ ਨਾਰਾਜ਼ਗੀ ਪੈਦਾ ਹੋਈ ਸੀ, ਉਹ ਅਜੇ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ। ਪੇਂਡੂ ਸਿੱਖ ਵੋਟਰਾਂ ਵਿੱਚ ਭਾਜਪਾ ਦੀ ਪਹੁੰਚ ਅਜੇ ਵੀ ਸੀਮਤ ਹੈ। ਭਾਜਪਾ ਕੋਲ ਪੰਜਾਬ ਪੱਧਰ ਦਾ ਅਜਿਹਾ ਕੋਈ ਸਿੱਖ ਜਾਂ ਸਰਬ-ਪ੍ਰਵਾਨਿਤ ਚਿਹਰਾ ਨਹੀਂ ਹੈ ਜਿਸ ਨੂੰ ਮੁੱਖ ਮੰਤਰੀ ਵਜੋਂ ਪੇਸ਼ ਕਰਕੇ ਪੂਰੇ ਸੂਬੇ ਵਿੱਚ ਵੋਟਾਂ ਮੰਗੀਆਂ ਜਾ ਸਕਣ। ਭਾਜਪਾ ਨੇ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਵਿੱਚੋਂ ਕਈ ਵੱਡੇ ਆਗੂ ਸ਼ਾਮਲ ਤਾਂ ਕਰਵਾ ਲਏ, ਪਰ ਇਸ ਨਾਲ ਪਾਰਟੀ ਦੇ ਪੁਰਾਣੇ ਅਤੇ ਜ਼ਮੀਨੀ ਕਾਡਰ ਵਿੱਚ ਭਾਰੀ ਨਿਰਾਸ਼ਾ ਦੇਖਣ ਨੂੰ ਮਿਲ ਰਹੀ ਹੈ। ਪੁਰਾਣੇ ਵਰਕਰਾਂ ਦਾ ਮੰਨਣਾ ਹੈ ਕਿ ਬਾਹਰੋਂ ਆਏ ਆਗੂਆਂ ਨੂੰ ਟਿਕਟਾਂ ਅਤੇ ਅਹੁਦੇ ਮਿਲ ਰਹੇ ਹਨ ਜਦਕਿ ਜ਼ਮੀਨੀ ਵਰਕਰ ਅਣਗੌਲੇ ਰਹਿ ਗਏ ਹਨ।

ਪਰ ਪੰਜਾਬ ਦੀ ਸਿਆਸਤ ਹੁਣ ਦੋ-ਧਿਰੀ ਨਹੀਂ ਰਹੀ। ਜੇਕਰ ਚਹੁੰ-ਕੋਣਾ ਮੁਕਾਬਲਾ ਹੁੰਦਾ ਹੈ ਤਾਂ ਵੋਟਾਂ ਦੀ ਵੰਡ ਦਾ ਲਾਹਾ ਕਿਸੇ ਨੂੰ ਵੀ ਮਿਲ ਸਕਦਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਕੋਲ ਆਪਣੀ ਗੁਆਚੀ ਜ਼ਮੀਨ ਹਾਸਲ ਕਰਨ ਦਾ ਬਹੁਤ ਵਧੀਆ ਮੌਕਾ ਹੈ, ਬਸ਼ਰਤੇ ਉਹ ਆਪਣੀ ਧੜੇਬੰਦੀ 'ਤੇ ਕਾਬੂ ਪਾਵੇ। ਦੂਜੇ ਪਾਸੇ, ਅਮਿਤ ਸ਼ਾਹ ਦਾ 'ਮਿਸ਼ਨ ਪੰਜਾਬ' ਉਦੋਂ ਤੱਕ ਮੁਕੰਮਲ ਕਾਮਯਾਬੀ ਹਾਸਲ ਨਹੀਂ ਕਰ ਸਕਦਾ ਜਦੋਂ ਤੱਕ ਭਾਜਪਾ ਪੰਜਾਬ ਦੇ ਕਿਸਾਨਾਂ, ਪਿੰਡਾਂ ਅਤੇ ਸਿੱਖ ਭਾਈਚਾਰੇ ਦਾ ਦਿਲ ਜਿੱਤਣ ਵਿੱਚ ਸਫਲ ਨਹੀਂ ਹੁੰਦੀ। ਆਉਣ ਵਾਲੇ ਮਹੀਨਿਆਂ ਵਿੱਚ ਪੰਜਾਬ ਦੀ ਸਿਆਸਤ ਵਿੱਚ ਹੋਰ ਵੀ ਵੱਡੇ ਧਮਾਕੇ ਅਤੇ ਨਵੇਂ ਗੱਠਜੋੜ ਦੇਖਣ ਨੂੰ ਮਿਲ ਸਕਦੇ ਹਨ।

ਯੂ.ਪੀ. ਚੋਣਾਂ 2027: ਭਾਜਪਾ ਤੇ ਸਪਾ ਵਿਚਾਲੇ 'ਕਰੋ ਜਾਂ ਮਰੋ' ਦਾ ਹੋਵੇਗਾ ਮੁਕਾਬਲਾ

ਟਿਕਟਾਂ ਦੀ ਵੰਡ ਅਤੇ ਜਾਤੀ ਸਮੀਕਰਨਾਂ 'ਤੇ ਟਿਕੀ ਜਿੱਤ ਦੀ ਚਾਬੀ

100 ਸੀਟਾਂ 'ਤੇ ਸਪਾ-ਭਾਜਪਾ ਦੀ ਤਿੱਖੀ ਨਜ਼ਰ, ਸਰਵੇਖਣਾਂ ਵਿੱਚ ਕਾਂਟੇ ਦੀ ਟੱਕਰ ਦੇ ਸੰਕੇਤ

ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ 2027 ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ। ਜੇਕਰ ਸਭ ਕੁਝ ਤੈਅ ਪ੍ਰੋਗਰਾਮ ਮੁਤਾਬਕ ਰਿਹਾ ਤਾਂ ਫਰਵਰੀ ਵਿੱਚ ਵੋਟਾਂ ਪੈਣਗੀਆਂ ਅਤੇ ਮਾਰਚ ਦੇ ਪਹਿਲੇ ਹਫ਼ਤੇ ਨਤੀਜੇ ਸਾਹਮਣੇ ਆਉਣਗੇ। ਸਿਆਸੀ ਗਲਿਆਰਿਆਂ ਵਿੱਚ ਇਸ ਚੋਣ ਨੂੰ ਭਾਰਤੀ ਜਨਤਾ ਪਾਰਟੀ ਅਤੇ ਸਮਾਜਵਾਦੀ ਪਾਰਟੀ ਦੋਵਾਂ ਲਈ 'ਕਰੋ ਜਾਂ ਮਰੋ' ਦੀ ਲੜਾਈ ਮੰਨਿਆ ਜਾ ਰਿਹਾ ਹੈ। ਜਿੱਥੇ ਲਗਾਤਾਰ ਤੀਜੀ ਹਾਰ ਸਪਾ ਦੇ ਕੇਡਰ ਅਤੇ ਵੋਟ ਬੈਂਕ ਨੂੰ ਖਿੰਡਾ ਸਕਦੀ ਹੈ, ਉੱਥੇ ਹੀ ਭਾਜਪਾ ਦੀ ਹਾਰ ਕੇਂਦਰ ਦੀ ਗੱਠਜੋੜ ਸਰਕਾਰ 'ਤੇ ਦਬਾਅ ਵਧਾਏਗੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿਆਸੀ ਮਜ਼ਬੂਤੀ ਨੂੰ ਪ੍ਰਭਾਵਿਤ ਕਰੇਗੀ।

ਚੋਣ ਤਿਆਰੀਆਂ ਦੇ ਅੰਤਿਮ ਪੜਾਅ ਵਿੱਚ ਦੋਵੇਂ ਪਾਰਟੀਆਂ ਇੱਕ-ਦੂਜੇ ਦੀ ਰਣਨੀਤੀ 'ਤੇ ਤਿੱਖੀ ਨਜ਼ਰ ਰੱਖ ਰਹੀਆਂ ਹਨ। ਸੂਬੇ ਦੀਆਂ ਕਰੀਬ 100 ਅਜਿਹੀਆਂ ਸੀਟਾਂ ਹਨ, ਜਿੱਥੇ ਸਪਾ ਦਾ ਮਜ਼ਬੂਤ ਆਧਾਰ ਹੈ। ਇਨ੍ਹਾਂ ਵਿੱਚ ਰੁਹੇਲਖੰਡ (ਰਾਮਪੁਰ, ਮੁਰਾਦਾਬਾਦ), ਪੱਛਮੀ ਯੂ.ਪੀ. (ਸਹਾਰਨਪੁਰ, ਬਿਜਨੌਰ, ਸੰਭਲ, ਕੈਰਾਨਾ) ਦੀਆਂ ਮੁਸਲਿਮ ਬਹੁਲ ਸੀਟਾਂ ਅਤੇ ਮੁਲਾਇਮ ਸਿੰਘ ਯਾਦਵ ਪਰਿਵਾਰ ਦੇ ਪ੍ਰਭਾਵ ਵਾਲੇ ਇਲਾਕੇ (ਕੰਨੌਜ, ਮੈਨਪੁਰੀ, ਇਟਾਵਾ, ਬਦਾਯੂੰ) ਸ਼ਾਮਲ ਹਨ। ਸੂਤਰਾਂ ਅਨੁਸਾਰ, ਭਾਜਪਾ ਇਨ੍ਹਾਂ ਸੀਟਾਂ 'ਤੇ ਪਹਿਲਾਂ ਪੱਤੇ ਨਹੀਂ ਖੋਲ੍ਹੇਗੀ, ਸਗੋਂ ਸਪਾ ਦੇ ਉਮੀਦਵਾਰਾਂ ਦਾ ਇੰਤਜ਼ਾਰ ਕਰੇਗੀ।



ਅਖਿਲੇਸ਼ ਯਾਦਵ ਦੇ 'ਪੀ.ਡੀ.ਏ.' (ਪੱਛੜੇ, ਦਲਿਤ ਅਤੇ ਘੱਟ ਗਿਣਤੀ) ਫਾਰਮੂਲੇ ਵਿੱਚ ਸੰਨ੍ਹ ਲਗਾਉਣ ਲਈ ਭਾਜਪਾ ਮੁਸਲਿਮ ਜਾਂ ਯਾਦਵ ਉਮੀਦਵਾਰਾਂ ਦੇ ਸਾਹਮਣੇ ਗੈਰ-ਯਾਦਵ ਪੱਛੜੇ ਜਾਂ ਸਵਰਨ ਉਮੀਦਵਾਰ ਉਤਾਰਨ ਦੀ ਰਣਨੀਤੀ ਬਣਾ ਰਹੀ ਹੈ। ਦੂਜੇ ਪਾਸੇ, ਅਖਿਲੇਸ਼ ਯਾਦਵ ਵੀ ਇਸ ਵਾਰ ਮੁਸਲਿਮ-ਯਾਦਵ ਵੋਟਾਂ ਨੂੰ ਲੈ ਕੇ ਭਰੋਸੇਮੰਦ ਹਨ ਅਤੇ ਗੈਰ-ਯਾਦਵ ਓ.ਬੀ.ਸੀ., ਦਲਿਤਾਂ ਤੇ ਸਵਰਨਾਂ ਨੂੰ ਵੱਧ ਟਿਕਟਾਂ ਦੇਣ ਦੀ ਤਿਆਰੀ ਵਿੱਚ ਹਨ। ਇਸ ਤੋਂ ਇਲਾਵਾ, ਭਾਜਪਾ ਸਪਾ ਦੇ ਉਨ੍ਹਾਂ ਬਾਗ਼ੀ ਆਗੂਆਂ ਨੂੰ ਵੀ ਆਪਣੇ ਪਾਲੇ ਵਿੱਚ ਲਿਆਉਣ ਦੀ ਤਾਕ ਵਿੱਚ ਹੈ, ਜਿਨ੍ਹਾਂ ਨੂੰ ਟਿਕਟ ਨਹੀਂ ਮਿਲੇਗੀ। ਹਾਲਾਂਕਿ, ਇਸ ਨਾਲ ਭਾਜਪਾ ਅੰਦਰ ਵੀ ਅੰਦਰੂਨੀ ਬਗਾਵਤ ਦਾ ਖ਼ਤਰਾ ਵਧ ਸਕਦਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਵਾਰ ਸੂਬੇ ਵਿੱਚ ਕਿਸੇ ਵੀ ਪਾਰਟੀ ਦੇ ਹੱਕ ਵਿੱਚ ਕੋਈ ਇੱਕਤਰਫ਼ਾ ਲਹਿਰ ਨਹੀਂ ਹੈ। ਅਜਿਹੇ ਹਾਲਾਤ ਵਿੱਚ ਪਾਰਟੀ ਦੇ ਚੋਣ ਨਿਸ਼ਾਨ ਨਾਲੋਂ ਉਮੀਦਵਾਰ ਦਾ ਆਪਣਾ ਅਕਸ ਅਤੇ ਜਾਤੀ ਸਮੀਕਰਨ ਜ਼ਿਆਦਾ ਅਹਿਮ ਹੋ ਗਏ ਹਨ। ਮਾਹਿਰਾਂ ਅਨੁਸਾਰ, ਮੌਜੂਦਾ ਵਿਧਾਇਕਾਂ ਪ੍ਰਤੀ ਸਥਾਨਕ ਪੱਧਰ 'ਤੇ ਨਾਰਾਜ਼ਗੀ ਦੋਵਾਂ ਪਾਰਟੀਆਂ ਲਈ ਵੱਡੀ ਸਿਰਦਰਦੀ ਬਣੀ ਹੋਈ ਹੈ। ਇਸ ਕਾਰਨ ਟਿਕਟਾਂ ਦੀ ਵੰਡ ਵਿੱਚ ਵੱਡੀ ਕਾਂਟ-ਛਾਂਟ ਦੇਖਣ ਨੂੰ ਮਿਲ ਸਕਦੀ ਹੈ।ਤਾਜ਼ਾ ਓਪੀਨੀਅਨ ਪੋਲਜ਼ ਮੁਤਾਬਕ ਸੂਬੇ ਵਿੱਚ ਬੇਹੱਦ ਫਸਵਾਂ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ। ਹਾਲ ਹੀ ਵਿੱਚ ਸਾਹਮਣੇ ਆਏ 'ਵੋਟ ਵਾਈਬ' ਦੇ ਸਰਵੇਖਣ ਵਿੱਚ ਭਾਜਪਾ ਗੱਠਜੋੜ ਨੂੰ (ਬਾਕੀ ਸਫ਼ਾ 27 'ਤੇ)

ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ 'ਤੇ ਕਤਲ ਕੀਤੇ ਪਰਵਿੰਦਰ ਸਿੰਘ ਝੋਟਾ ਨਮਿਤ ਅੰਤਿਮ ਅਰਦਾਸ ਸਮਾਗਮ ਕਰਵਾਇਆ

ਬਠਿੰਡਾ/ਏ.ਟੀ.ਨਿਊਜ਼: ਮਾਨਸਾ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ 'ਤੇ ਕਤਲ ਕੀਤੇ ਪਰਵਿੰਦਰ ਸਿੰਘ ਝੋਟਾ ਨਮਿਤ ਅੰਤਿਮ ਅਰਦਾਸ ਸਮਾਗਮ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਭਾਈ ਡੱਲ ਸਿੰਘ ਦੀਵਾਨ ਹਾਲ ਵਿੱਚ ਕਰਵਾਇਆ ਗਿਆ। ਅਕਾਲ ਤਖ਼ਤ ਵੱਲੋਂ ਕੌਮੀ ਸ਼ਹੀਦ ਐਲਾਨੇ ਪਰਵਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੰਜਾਬ ਸਣੇ ਹੋਰਨਾਂ ਸੂਬਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪੁੱਜੇ। ਸਮਾਗਮ ਦੌਰਾਨ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਕੰਵਲਜੀਤ ਸਿੰਘ ਦੇ ਜਥੇ ਤੋਂ ਇਲਾਵਾ ਤਖ਼ਤ ਦਮਦਮਾ ਸਾਹਿਬ ਦੇ ਹਜ਼ੂਰੀ ਰਾਗੀ ਨਿਰਭੈ ਸਿੰਘ ਅਤੇ ਬਿੰਦਰ ਸਿੰਘ ਦੇ ਜਥਿਆਂ ਨੇ ਕੀਰਤਨ ਕੀਤਾ। ਇਸ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਨਸ਼ਾ ਤਸਕਰੀ ਜੜ੍ਹੋਂ ਖ਼ਤਮ ਕਰਨ ਲਈ ਸਰਕਾਰਾਂ ਅਤੇ ਹਾਕਮਾਂ ਨੂੰ ਸੁਮੱਤ ਬਖ਼ਸ਼ਣ ਦੀ ਅਰਦਾਸ ਕੀਤੀ। ਇਸ ਉਪਰੰਤ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ ਨੇ ਹੁਕਮਨਾਮਾ ਲਿਆ।

ਇਸ ਮੌਕੇ ਪਰਵਿੰਦਰ ਸਿੰਘ ਦੇ ਪਿਤਾ ਭੀਮ ਸਿੰਘ ਨੇ ਸੰਗਤ, ਜਥੇਬੰਦੀਆਂ ਅਤੇ ਹੋਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਨਸਾਫ਼ ਦੀ ਲੜਾਈ ਦੌਰਾਨ ਮਾਨਸਾ ਵਿੱਚ ਲੱਗੇ ਮੋਰਚੇ ਵਿੱਚ ਸ਼ਾਮਲ



ਜਥੇਬੰਦੀਆਂ, ਐਂਟੀ ਡਰੱਗ ਫੋਰਸ ਅਤੇ ਸੰਘਰਸ਼ ਕਮੇਟੀ ਦਾ ਸਹਿਯੋਗ ਪਰਿਵਾਰ ਲਈ ਵੱਡਾ ਹੌਸਲਾ ਬਣਿਆ। ਉਨ੍ਹਾਂ ਪਰਵਿੰਦਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੌਮੀ ਸ਼ਹੀਦ ਐਲਾਨਣ ਲਈ ਜਥੇਦਾਰ ਗੜਗੱਜ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਅੰਤਿਮ ਅਰਦਾਸ ਸਮਾਗਮ ਅਤੇ ਸੰਘਰਸ਼ ਦੌਰਾਨ ਸਹਿਯੋਗ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਅੰਤ੍ਰਿੰਗ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਦਾ ਵੀ ਧੰਨਵਾਦ ਕੀਤਾ। ਸਮਾਗਮ ਦੀ ਸਮਾਪਤੀ ਮੌਕੇ ਜਥੇਦਾਰ ਗੜਗੱਜ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਵੱਲੋਂ ਪਰਵਿੰਦਰ ਸਿੰਘ ਦੇ ਪਰਿਵਾਰ ਦਾ ਸਨਮਾਨ ਕੀਤਾ ਗਿਆ। ਵੱਖ-ਵੱਖ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਪਰਿਵਾਰ ਨੂੰ ਦਸਤਾਰਾਂ ਭੇਟ ਕਰ ਕੇ ਸਤਿਕਾਰ ਪ੍ਰਗਟਾਇਆ। ਅੰਤਿਮ ਅਰਦਾਸ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਲਵਿੰਦਰ ਸਿੰਘ ਭੁੰਦੜ, ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਵਾਰਿਸ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ, 'ਆਪ' ਵੱਲੋਂ ਵਿਧਾਇਕਾ ਬਲਜਿੰਦਰ ਕੌਰ, ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਪਰਮਿੰਦਰ ਸਿੰਘ ਢੀਂਡਸਾ ਅਤੇ ਭਾਜਪਾ ਦੇ ਸਾਬਕਾ ਵਿਧਾਇਕ ਜਗਦੀਪ ਸਿੰਘ ਨਕਈ ਆਦਿ ਮੌਜੂਦ ਰਹੇ। ਇਸ ਤੋਂ ਇਲਾਵਾ ਸਾਬਕਾ ਵਿਧਾਇਕ ਹਰਦੇਵ ਅਰਸ਼ੀ, ਨਾਜ਼ਰ ਸਿੰਘ ਮਾਨਸ਼ਾਹੀਆ, ਮਨਜੀਤ ਸਿੰਘ ਧਨੇਰ, ਸਣੇ ਕਿਸਾਨ, ਮਜ਼ਦੂਰ, ਸਾਬਕਾ ਫ਼ੌਜੀਆਂ ਅਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ।

ਸੱਤਾ ਦੇ ਨਸ਼ੇ ਵਿੱਚ ਅੰਨ੍ਹੀ ਪੁਲਿਸ ਨੂੰ ਅਦਾਲਤ ਦਾ ਸਖ਼ਤ ਸਬਕ

34 ਸਾਲ ਪੁਰਾਣੇ ਅਗਵਾ ਮਾਮਲੇ 'ਚ ਸਾਬਕਾ ਐਸ.ਐਸ.ਪੀ. ਨੂੰ 5 ਸਾਲ ਕੈਦ

ਪੰਜਾਬ ਸੰਤਾਪ ਦੌਰ ਦੌਰਾਨ ਵਾਪਰੀਆਂ ਕਈ ਅਣਸੁਲਝੀਆਂ ਘਟਨਾਵਾਂ ਅੱਜ ਵੀ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ ਨੂੰ ਹਰਾ ਰੱਖਦੀਆਂ ਹਨ। ਅਜਿਹੇ ਹੀ ਇੱਕ ਮਾਮਲੇ ਵਿੱਚ ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਦਾ ਤਾਜ਼ਾ ਫੈਸਲਾ ਨਿਆਂ ਪ੍ਰਣਾਲੀ ਵਿੱਚ ਲੋਕਾਂ ਦੇ ਭਰੋਸੇ ਨੂੰ ਮੁੜ ਸੁਰਜੀਤ ਕਰਨ ਵਾਲਾ ਹੈ। ਸਾਲ 1992 ਵਿੱਚ ਲੁਧਿਆਣਾ ਦੇ ਇੱਕ ਟਰਾਂਸਪੋਰਟਰ ਅਮਰੀਕ ਸਿੰਘ ਸਕਰੀ ਨੂੰ ਪੁਲਿਸ ਵੱਲੋਂ ਸ਼ਰੇਆਮ ਇੱਕ ਵਿਆਹ ਸਮਾਗਮ ਵਿੱਚੋਂ ਚੁੱਕ ਕੇ ਲਾਪਤਾ ਕਰਨ ਦੇ ਮਾਮਲੇ ਵਿੱਚ, 34 ਸਾਲਾਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਸਾਬਕਾ ਐੱਸ.ਐੱਸ.ਪੀ. ਗੁਰਮੀਤ ਸਿੰਘ ਰੰਧਾਵਾ ਨੂੰ ਪੰਜ ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਇਹ ਫੈਸਲਾ ਜਿੱਥੇ ਇੱਕ ਪਾਸੇ ਇਹ ਸਾਬਤ ਕਰਦਾ ਹੈ ਕਿ ਕਾਨੂੰਨ ਦੇ ਹੱਥ ਭਾਵੇਂ ਕਿੰਨੇ ਵੀ ਲੰਬੇ ਸਮੇਂ ਬਾਅਦ ਪਹੁੰਚਣ, ਪਰ ਅਪਰਾਧੀ ਬਚ ਨਹੀਂ ਸਕਦਾ, ਉੱਥੇ ਹੀ ਦੂਜੇ ਪਾਸੇ ਸਾਡੀ



ਨਿਆਂਇਕ ਪ੍ਰਕਿਰਿਆ ਦੀ ਸੁਸਤ ਰਫ਼ਤਾਰ 'ਤੇ ਵੀ ਕਈ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਇਸ ਘਟਨਾ ਦਾ ਪਿਛੋਕੜ ਬੇਹੱਦ ਦਰਦਨਾਕ ਹੈ। 25 ਨਵੰਬਰ 1992 ਨੂੰ ਅਮਰੀਕ ਸਿੰਘ ਸਕਰੀ ਆਪਣੇ ਸਾਲੇ ਦੀ ਧੀ ਦੇ ਵਿਆਹ ਦੀਆਂ ਖ਼ੁਸ਼ੀਆਂ ਵਿੱਚ ਸ਼ਾਮਲ ਹੋਣ ਲਈ ਲੁਧਿਆਣਾ ਦੇ ਇੱਕ ਮੈਰਿਜ ਪੈਲੇਸ ਵਿੱਚ ਗਏ ਸਨ। ਉਸ ਵੇਲੇ ਤਰਨਤਾਰਨ ਵਿੱਚ ਤਾਇਨਾਤ ਡੀ.ਐੱਸ.ਪੀ. ਗੁਰਮੀਤ ਸਿੰਘ ਰੰਧਾਵਾ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਨੇ ਉਨ੍ਹਾਂ ਨੂੰ ਉੱਥੋਂ ਚੁੱਕ ਲਿਆ ਸੀ। ਇਸ ਤੋਂ ਬਾਅਦ ਅਮਰੀਕ ਸਿੰਘ ਦਾ ਕਦੇ ਕੋਈ ਥਹੁ-ਪਤਾ ਨਹੀਂ ਲੱਗਿਆ। ਪਰਿਵਾਰ ਨੇ ਆਪਣੇ ਪਿਆਰੇ ਦੀ ਭਾਲ ਲਈ ਹਰ ਦਰਵਾਜ਼ਾ ਖੜਕਾਇਆ, ਉੱਚ ਪੁਲਿਸ ਅਧਿਕਾਰੀਆਂ ਨੂੰ ਫ਼ਰਿਆਦਾਂ ਕੀਤੀਆਂ ਅਤੇ ਟੈਲੀਗ੍ਰਾਮ ਭੇਜੀਆਂ, ਪਰ ਹਰ ਪਾਸਿਓਂ ਨਿਰਾਸ਼ਾ ਹੀ ਪੱਲੇ ਪਈ। ਉਸ ਦੌਰ ਵਿੱਚ ਪੁਲਿਸ ਕੋਲ ਬੇਅੰਤ ਤਾਕਤਾਂ ਸਨ, ਜਿਨ੍ਹਾਂ ਦੀ ਦੁਰਵਰਤੋਂ ਕਾਰਨ ਆਮ ਨਾਗਰਿਕਾਂ ਦੀ ਆਵਾਜ਼ ਦੱਬ ਕੇ ਰਹਿ ਜਾਂਦੀ ਸੀ।

ਜਦੋਂ ਸਥਾਨਕ ਪੱਧਰ 'ਤੇ ਕੋਈ ਸੁਣਵਾਈ ਨਾ ਹੋਈ, ਤਾਂ 1996 ਵਿੱਚ ਅਮਰੀਕ ਸਿੰਘ ਦੀ ਪਤਨੀ ਨੇ ਹਿੰਮਤ ਜੁਟਾ ਕੇ ਸੁਪਰੀਮ ਕੋਰਟ ਵਿੱਚ 'ਹੈਬੀਅਸ ਕਾਰਪਸ' ਪਟੀਸ਼ਨ ਦਾਇਰ ਕੀਤੀ। ਹੈਰਾਨੀ ਦੀ ਗੱਲ ਇਹ ਸੀ ਕਿ ਪੰਜਾਬ ਸਰਕਾਰ ਨੇ ਅਦਾਲਤ ਵਿੱਚ ਇਹ ਦਾਅਵਾ ਕਰ ਦਿੱਤਾ ਕਿ ਅਮਰੀਕ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਇਸ ਦੇ ਸਬੂਤ ਵਜੋਂ ਅਖ਼ਬਾਰਾਂ ਵਿੱਚ ਛਪੇ 'ਭੋਗ' ਦੇ ਇਸ਼ਤਿਹਾਰ ਪੇਸ਼ ਕੀਤੇ ਗਏ। ਪਰਿਵਾਰ ਨੇ ਸਰਕਾਰ ਦੇ ਇਸ ਝੂਠੇ ਦਾਅਵੇ ਨੂੰ ਸਿਰੇ ਤੋਂ ਨਕਾਰ ਦਿੱਤਾ। ਇਸੇ ਦੌਰਾਨ ਪੰਜਾਬ ਪੁਲਿਸ ਵੱਲੋਂ ਅਣਪਛਾਤੀਆਂ ਲਾਸ਼ਾਂ ਦ ਗ਼ੈਰ-ਕਾਨੂੰਨੀ ਸਸਕਾਰ ਕਰਨ ਦਾ ਵੱਡਾ ਮਾਮਲਾ ਸਾਹਮਣੇ ਆਇਆ, ਜਿਸ ਦੀ ਜਾਂਚ ਸੁਪਰੀਮ ਕੋਰਟ ਨੇ ਸੀ.ਬੀ.ਆਈ. ਨੂੰ ਸੌਂਪ ਦਿੱਤੀ। ਅਮਰੀਕ ਸਿੰਘ ਸਕਰੀ ਦੇ ਲਾਪਤਾ ਹੋਣ ਦਾ ਕੇਸ ਵੀ ਇਸੇ ਜਾਂਚ ਦਾ ਹਿੱਸਾ ਬਣਿਆ।

ਸੀ.ਬੀ.ਆਈ. ਨੇ ਫਰਵਰੀ 2000 ਵਿੱਚ ਕੇਸ ਦਰਜ ਕੀਤਾ ਅਤੇ 2001 ਵਿੱਚ ਅਦਾਲਤ ਵਿੱਚ ਚਾਰਜਸ਼ੀਟ ਵੀ ਦਾਖਲ ਕਰ ਦਿੱਤੀ। ਪਰ ਇਸ ਤੋਂ ਬਾਅਦ ਕਾਨੂੰਨੀ ਦਾਅ-ਪੇਚਾਂ ਦਾ ਅਜਿਹਾ ਸਿਲਸਿਲਾ ਸ਼ੁਰੂ ਹੋਇਆ। ਇਸ ਨੇ ਇਨਸਾਫ਼ ਨੂੰ 21 ਸਾਲ ਹੋਰ ਪਿੱਛੇ ਧੱਕ ਦਿੱਤਾ। ਦੋਸ਼ੀ ਪੁਲਿਸੀਆਂ ਵੱਲੋਂ ਵੱਖ-ਵੱਖ ਅਦਾਲਤਾਂ ਵਿੱਚ ਪਟੀਸ਼ਨਾਂ ਪਾ ਕੇ ਮਾਮਲੇ 'ਤੇ (ਬਾਕੀ ਸਫ਼ਾ 26 'ਤੇ)

ਗੁਰੂ ਸਾਹਿਬਾਨ ਦਾ ਸੰਦੇਸ਼ ਅੱਜ ਵੀ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ: ਕਾਲਕਾ

ਸ਼ਹੀਦੀ ਪੁਰਬ ਨੂੰ ਸਮਰਪਿਤ ਮੋਟਰਸਾਈਕਲ ਰੈਲੀ ਦਾ ਆਯੋਜਨ



ਨਵੀਂ ਦਿੱਲੀ/ਏ.ਟੀ.ਨਿਊਜ਼: ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ 'ਰੰਗਰੇਟਾ ਗੁਰੂ ਕਾ ਬੇਟਾ' ਮੋਟਰਸਾਈਕਲ ਰੈਲੀ ਕੀਤੀ ਗਈ। ਇਹ ਰੈਲੀ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ਼ ਟੈਕਨਾਲੋਜੀ, ਗੁਰੂ ਤੇਗ ਬਹਾਦਰ ਚੌਥਾ ਸ਼ਤਾਬਦੀ ਇੰਜਨੀਅਰਿੰਗ ਕਾਲਜ, ਗੁਰੂ ਨਾਨਕ ਇੰਸਟੀਚਿਊਟ ਆਫ਼ ਮੈਨੇਜਮੈਂਟ ਅਤੇ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਵੱਲੋਂ ਸਾਂਝੇ ਤੌਰ 'ਤੇ ਕਰਵਾਈ ਗਈ। ਇਹ ਰੈਲੀ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ਼ ਟੈਕਨਾਲੋਜੀ, ਹਰੀ ਨਗਰ ਤੋਂ ਸ਼ੁਰੂ ਹੋਈ, ਜਿਸ ਨੂੰ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਵਿੱਚ ਸੈਂਕੜੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਕਾਲਕਾ ਨੇ ਕਿਹਾ ਕਿ ਗੁਰੂ ਸਾਹਿਬ ਨੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਅਤੇ ਉਨ੍ਹਾਂ ਦਾ ਸੰਦੇਸ਼ ਅੱਜ ਵੀ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ।

ਕੇਂਦਰੀ ਖੇਤੀਬਾੜੀ ਚੌਹਾਨ ਵੱਲੋਂ ਪੰਜਾਬ ਦੇ ਖੇਤੀਬਾੜੀ ਖੇਤਰ ਲਈ 352.64 ਕਰੋੜ ਦੇ ਵਿੱਤੀ ਪੈਕੇਜ ਦਾ ਐਲਾਨ

ਮੋਹਾਲੀ/ਏ.ਟੀ.ਨਿਊਜ਼ : ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਪੰਜਾਬ ਦੇ ਖੇਤੀਬਾੜੀ ਖੇਤਰ ਲਈ 352.64 ਕਰੋੜ ਰੁਪਏ ਦੇ ਵਿੱਤੀ ਪੈਕੇਜ ਦਾ ਐਲਾਨ ਕੀਤਾ ਹੈ। ਇਸ ਪੈਕੇਜ ਵਿੱਚ ਪ੍ਰਧਾਨ ਮੰਤਰੀ ਕੌਮੀਂ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ 254.20 ਕਰੋੜ ਰੁਪਏ ਅਤੇ 98.44 ਕਰੋੜ ਰੁਪਏ ਦੀ ਲਾਗਤ ਵਾਲੇ ਸੱਤ ਨਵੇਂ ਪ੍ਰੋਜੈਕਟਾਂ ਦੀ ਮਨਜ਼ੂਰੀ ਸ਼ਾਮਲ ਹੈ।

ਜ਼ਿਲ੍ਹਾ ਮੋਹਾਲੀ ਦੇ ਪਿੰਡ ਬਦਰਪੁਰ ਵਿਖੇ 'ਖੇਤ ਬਚਾਓ ਅਭਿਆਨ' ਪ੍ਰੋਗਰਾਮ ਦੌਰਾਨ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਮਨਜ਼ੂਰੀ ਪੱਤਰ ਸੌਂਪਦਿਆਂ ਮੰਤਰੀ ਚੌਹਾਨ ਨੇ ਕਿਹਾ ਕਿ ਸਿਆਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਕਿਸਾਨਾਂ ਦੀ ਭਲਾਈ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਸਰਕਾਰਾਂ ਵੱਖੋ-ਵੱਖਰੀਆਂ ਹੋ ਸਕਦੀਆਂ ਹਨ, ਪਰ ਕਿਸਾਨਾਂ ਦੀ ਸੇਵਾ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।' ਉਨ੍ਹਾਂ ਭਰੋਸਾ ਜਤਾਇਆ ਕਿ ਇਨ੍ਹਾਂ ਫੰਡਾਂ ਨਾਲ ਸੂਬੇ ਵਿੱਚ ਖੇਤੀ ਉਤਪਾਦਕਤਾ ਵਧੇਗੀ, ਬੁਨਿਆਦੀ ਢਾਂਚਾ ਮਜ਼ਬੂਤ ਹੋਵੇਗਾ ਅਤੇ ਸਮੁੱਚੇ



ਖੇਤੀ ਵਿਕਾਸ ਨੂੰ ਰਫ਼ਤਾਰ ਮਿਲੇਗੀ।

ਖਾਦਾਂ ਦੀ ਵੰਡ ਵਿੱਚ ਹੋਣ ਵਾਲੀਆਂ ਬੇਨਿਯਮੀਆਂ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਕੇਂਦਰੀ ਮੰਤਰੀ ਨੇ ਡੀਲਰਾਂ ਨੂੰ ਕਾਲਾਬਾਜ਼ਾਰੀ ਅਤੇ ਖਾਦਾਂ ਦੇ ਨਾਲ ਹੋਰ ਉਤਪਾਦਾਂ ਦੀ ਜ਼ਬਰਦਸਤੀ 'ਟੈਗਿੰਗ' ਕਰਨ ਵਿਰੁੱਧ ਚਿਤਾਵਨੀ ਦਿੱਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਸਰਕਾਰ ਮਹਿੰਗੇ ਭਾਅ 'ਤੇ ਖਾਦਾਂ ਦਰਾਮਦ ਕਰਕੇ ਕਿਸਾਨਾਂ ਨੂੰ ਭਾਰੀ ਸਬਸਿਡੀ 'ਤੇ ਮੁਹੱਈਆ ਕਰਵਾਉਂਦੀ ਹੈ ਅਤੇ ਜੇਕਰ ਕੋਈ ਕਾਲਾਬਾਜ਼ਾਰੀ ਜਾਂ ਅਣਅਧਿਕਾਰਤ ਟੈਗਿੰਗ ਕਰਦਾ ਫੜਿਆ ਗਿਆ ਤਾਂ ਉਸ ਨੂੰ ਜੇਲ੍ਹ ਦੀ ਹਵਾ ਖਾਣੀ ਪਵੇਗੀ। ਇਸ ਦੇ ਨਾਲ ਹੀ ਉਨ੍ਹਾਂ ਐਲਾਨ ਕੀਤਾ ਕਿ ਨਕਲੀ ਬੀਜਾਂ, ਨਕਲੀ ਖਾਦਾਂ ਅਤੇ ਘਟੀਆ ਕੀਟਨਾਸ਼ਕਾਂ ਦੀ ਵਿਕਰੀ ਨੂੰ ਠੱਲ੍ਹ ਪਾਉਣ ਲਈ ਕੇਂਦਰ ਸਰਕਾਰ ਇੱਕ ਨਵਾਂ ਅਤੇ ਸਖ਼ਤ ਕੀਟਨਾਸ਼ਕ ਕਾਨੂੰਨ ਲਿਆ ਰਹੀ ਹੈ, ਜਿਸ ਲਈ ਦੇਸ਼ ਭਰ ਦੇ ਕਿਸਾਨਾਂ ਅਤੇ ਮਾਹਿਰਾਂ ਤੋਂ ਸੁਝਾਅ ਮੰਗੇ ਜਾ ਰਹੇ ਹਨ।

ਰਸਾਇਣਕ ਖਾਦਾਂ 'ਤੇ ਨਿਰਭਰਤਾ ਘਟਾਉਣ ਦੇ ਯਤਨਾਂ ਬਾਰੇ ਜਾਣਕਾਰੀ ਦਿੰਦਿਆਂ ਮੰਤਰੀ ਚੌਹਾਨ ਨੇ ਦੱਸਿਆ ਕਿ ਸਰਕਾਰ ਨੇ ਦੇਸ਼ ਭਰ ਵਿੱਚ 10,000 ਹੈਕਟੇਅਰ ਰਕਬੇ ਵਿੱਚ ਯੂਰੀਆ ਦੇ ਬਦਲ ਵਜੋਂ 'ਗ੍ਰੀਨ ਅਮੋਨੀਆ' ਦੇ ਟਰਾਇਲ ਸ਼ੁਰੂ ਕੀਤੇ ਹਨ। ਉਨ੍ਹਾਂ ਦੌਰੇ ਦੌਰਾਨ ਇਸ ਤਕਨੀਕ ਦਾ ਲਾਈਵ ਪ੍ਰਦਰਸ਼ਨ ਵੀ ਦੇਖਿਆ। ਯੂਰੀਆ ਅਤੇ ਡੀ.ਏ.ਪੀ. ਦੀ ਬੇਲੋੜੀ ਵਰਤੋਂ 'ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਸਾਨਾਂ ਨੂੰ ਮਿੱਟੀ ਦੀ ਪਰਖ ਕਰਵਾਉਣ ਦੀ ਅਪੀਲ ਕੀਤੀ।

ਕੇਂਦਰੀ ਮੰਤਰੀ ਨੇ ਕਿਸਾਨਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ 'ਚੋਂ ਨਿਕਲ ਕੇ ਫ਼ਸਲੀ ਵਿਭਿੰਨਤਾ ਅਤੇ ਏਕੀਕ੍ਰਿਤ ਖੇਤੀ ਅਪਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਫ਼ਸਲਾਂ ਦੇ ਨਾਲ-ਨਾਲ ਬਾਗ਼ਬਾਨੀ, ਡੇਅਰੀ, ਮੱਛੀ ਪਾਲਣ, ਮੁਰਗੀ ਪਾਲਣ, ਬੱਕਰੀ ਪਾਲਣ, ਮੁੰਬਾਂ ਦੀ ਕਾਸ਼ਤ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਵਰਗੇ ਸਹਾਇਕ ਧੰਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਸਾਲ ਭਰ ਸਥਿਰ ਆਮਦਨ ਦੇ ਸਕਦੇ ਹਨ। ਉਨ੍ਹਾਂ ਸੰਕੇਤ ਦਿੱਤਾ ਕਿ ਅਗਲੇ ਕੇਂਦਰੀ ਬਜਟ ਵਿੱਚ ਏਕੀਕ੍ਰਿਤ ਖੇਤੀ ਦੇ ਹੋਰ ਪ੍ਰੋਜੈਕਟ ਲਿਆਂਦੇ ਜਾਣਗੇ। ਟਿਕਾਊ ਖੇਤੀ ਅਭਿਆਸਾਂ ਦੀ ਲੋੜ 'ਤੇ ਜ਼ੋਰ ਦਿੰਦਿਆਂ ਮੰਤਰੀ ਚੌਹਾਨ ਨੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਘਟਾਉਣ ਲਈ ਪੰਜਾਬ ਦੇ ਕਿਸਾਨਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਜ਼ਮੀਨ ਵਿੱਚ ਹੀ ਵਾਹੁਣ ਵਾਲੇ ਕਿਸਾਨ ਭੁਪਿੰਦਰ ਸਿੰਘ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕੀਤੀ। ਪੰਜਾਬ ਦੇ ਯੋਗਦਾਨ ਨੂੰ ਯਾਦ ਕਰਦਿਆਂ

ਅਮਰੀਕਾ ਵਿੱਚ ਅਣਅਧਿਕਾਰਤ ਸਰੂਪ ਛਾਪਣ ਦਾ ਮਾਮਲਾ

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਤਿੰਦਰ ਸਚਦੇਵਾ ਤਲਬ

ਵਿਦੇਸ਼ਾਂ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਪ੍ਰੈੱਸਾਂ ਨਾ ਲੱਗਣ 'ਤੇ ਉੱਠੇ ਸਵਾਲ

ਕਿਉਂ ਵਧ ਰਹੇ ਨੇ ਅਣਅਧਿਕਾਰਤ ਤੇ ਹੱਥ ਲਿਖਤ ਸਰੂਪ ?

ਅਮਰੀਕਾ (ਯੂ.ਐੱਸ.ਏ.) ਦੇ ਨਿਊਯਾਰਕ ਵਿੱਚ ਘਰ ਅੰਦਰ ਅਣਅਧਿਕਾਰਤ ਪ੍ਰੈੱਸ ਲਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਛਾਪਣ ਅਤੇ ਵੰਡਣ ਦੇ ਮਾਮਲੇ ਨੇ ਸਿੱਖ ਜਗਤ ਵਿੱਚ ਗੰਭੀਰ ਬਹਿਸ ਛੇੜ ਦਿੱਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਸ ਮਾਮਲੇ ਵਿੱਚ ਜਤਿੰਦਰ ਸਿੰਘ ਸਚਦੇਵਾ ਨੂੰ 10 ਦਸੰਬਰ ਤੱਕ ਨਿੱਜੀ ਰੂਪ ਵਿੱਚ ਤਲਬ ਕੀਤਾ ਗਿਆ ਹੈ ਅਤੇ ਇਸ ਛਪਾਈ ਦੀ ਸ਼ਲਾਘਾ ਕਰਨ ਵਾਲੇ ਛੇ ਹੋਰ ਵਿਅਕਤੀਆਂ ਤੋਂ ਸਪੱਸ਼ਟੀਕਰਨ ਮੰਗਿਆ ਗਿਆ ਹੈ। ਇਸ ਕਾਰਵਾਈ ਤੋਂ ਬਾਅਦ ਜਿੱਥੇ ਪੰਥਕ ਮਰਿਆਦਾ ਦੀ ਪਾਲਣਾ ਦੀ ਗੱਲ ਹੋ ਰਹੀ ਹੈ, ਉੱਥੇ ਹੀ ਵਿਦੇਸ਼ਾਂ ਵਿੱਚ ਪਾਵਨ ਸਰੂਪਾਂ ਦੀ ਘਾਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀ ਕਾਰਗੁਜ਼ਾਰੀ ਅਤੇ ਹੱਥ ਲਿਖਤ ਸਰੂਪਾਂ ਵਿੱਚ ਹੋ ਰਹੀਆਂ ਗਲਤੀਆਂ ਨੂੰ ਲੈ ਕੇ ਕਈ ਅਹਿਮ ਸਵਾਲ ਖੜ੍ਹੇ ਹੋ ਗਏ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਲਬੀ ਦਾ ਆਧਾਰ ਕੀ ਹੈ ?

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਅਨੁਸਾਰ, 9 ਮਈ 1998 ਨੂੰ ਜਾਰੀ ਕੀਤੇ ਗਏ ਹੁਕਮਨਾਮੇ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਰਨ ਦਾ ਇਕਮਾਤਰ ਅਧਿਕਾਰ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਕਮੇਟੀ ਕੋਲ ਰਾਖਵਾਂ ਹੈ। ਇਸ ਹੁਕਮਨਾਮੇ ਦਾ ਮੁੱਖ ਮਕਸਦ ਗੁਰਬਾਣੀ ਦੀ ਸ਼ੁੱਧਤਾ, ਪਵਿੱਤਰਤਾ ਅਤੇ ਮਰਿਆਦਾ ਨੂੰ ਕਾਇਮ ਰੱਖਣਾ ਹੈ।

ਇਸ ਮਾਮਲੇ ਵਿੱਚ ਜਤਿੰਦਰ ਸਿੰਘ ਸਚਦੇਵਾ 'ਤੇ ਦੋਸ਼ ਹੈ ਕਿ ਉਨ੍ਹਾਂ ਨੇ 'ਧਰਮਸਾਲ' ਸੰਸਥਾ ਦੇ ਨਾਂ ਹੇਠ ਘਰੇਲੂ ਪੱਧਰ 'ਤੇ ਪ੍ਰੈੱਸ ਲਗਾ ਕੇ ਬਿਨਾਂ ਕਿਸੇ ਪੰਥਕ ਪ੍ਰਵਾਨਗੀ ਦੇ ਸਰੂਪ ਛਾਪੇ। ਪੰਥਕ ਨਿਯਮਾਂ ਅਨੁਸਾਰ, ਪਾਵਨ ਸਰੂਪਾਂ ਦੀ ਛਪਾਈ ਲਈ ਵਿਸ਼ੇਸ਼ ਸਿਆਹੀ, ਕਾਗਜ਼, ਸੁੱਚਮਤਾ ਅਤੇ ਪਰੂਫ਼ ਰੀਡਿੰਗ ਦੇ ਸਖ਼ਤ ਮਾਪਦੰਡ ਹੁੰਦੇ ਹਨ। ਇਸ ਲਈ, ਹੁਕਮਨਾਮੇ ਦੀ ਉਲੰਘਣਾ ਕਰਨ ਅਤੇ ਮਨਮਰਜ਼ੀ ਨਾਲ ਛਪਾਈ ਕਰਨ ਦੇ ਦੋਸ਼ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਗਈ ਤਲਬੀ ਨੂੰ ਸਿਧਾਂਤਕ ਅਤੇ ਮਰਿਆਦਾ ਦੇ ਪੱਖ ਤੋਂ ਪੂਰੀ ਤਰ੍ਹਾਂ ਜਾਇਜ਼ ਮੰਨਿਆ ਜਾ ਰਿਹਾ ਹੈ।



ਸ਼੍ਰੋਮਣੀ ਕਮੇਟੀ ਵਿਦੇਸ਼ਾਂ ਵਿੱਚ ਪ੍ਰਬੰਧ ਕਰਨ ਵਿੱਚ ਅਸਫਲ ਕਿਉਂ ?

ਜਿੱਥੇ ਇੱਕ ਪਾਸੇ ਅਣਅਧਿਕਾਰਤ ਛਪਾਈ ਨੂੰ ਗਲਤ ਠਹਿਰਾਇਆ ਜਾ ਰਿਹਾ ਹੈ, ਉੱਥੇ ਹੀ ਸੰਗਤ ਅਤੇ ਪੰਥਕ ਹਲਕਿਆਂ ਵਿੱਚ ਸ਼੍ਰੋਮਣੀ ਕਮੇਟੀ ਪ੍ਰਤੀ ਨਾਰਾਜ਼ਗੀ ਵੀ ਪਾਈ ਜਾ ਰਹੀ ਹੈ। ਵਿਦੇਸ਼ਾਂ ਵਿੱਚ ਵਸਦੀ ਸਿੱਖ ਸੰਗਤ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ ਨਵੇਂ ਗੁਰਦੁਆਰਾ ਸਾਹਿਬਾਨ ਸਥਾਪਤ ਹੋ ਰਹੇ ਹਨ, ਜਿਸ ਕਾਰਨ ਉੱਥੇ ਪਾਵਨ ਸਰੂਪਾਂ ਦੀ ਮੰਗ ਬਹੁਤ ਜ਼ਿਆਦਾ ਹੈ। ਸ਼੍ਰੋਮਣੀ ਕਮੇਟੀ ਨੇ ਕਈ ਸਾਲ ਪਹਿਲਾਂ ਅਮਰੀਕਾ ਦੇ ਕੈਲੀਫੋਰਨੀਆ (ਯੂਬਾ ਸਿਟੀ) ਅਤੇ ਕੈਨੇਡਾ ਵਿੱਚ ਪ੍ਰਿੰਟਿੰਗ ਪ੍ਰੈੱਸਾਂ ਸਥਾਪਤ ਕਰਨ ਦਾ ਐਲਾਨ ਕੀਤਾ ਸੀ, ਪਰ ਇਹ ਪ੍ਰੋਜੈਕਟ ਹਾਲੇ ਤੱਕ ਸਿਰੇ ਨਹੀਂ ਚੜ੍ਹ ਸਕੇ। ਵਿਦੇਸ਼ਾਂ ਵਿੱਚ ਜ਼ਮੀਨ ਦੀ ਖਰੀਦ, ਕਾਨੂੰਨੀ ਮਨਜ਼ੂਰੀਆਂ ਅਤੇ ਪ੍ਰਬੰਧਕੀ ਢਾਂਚਾ ਖੜ੍ਹਾ ਕਰਨ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਲਗਾਤਾਰ ਦੇਰੀ ਕੀਤੀ ਗਈ ਹੈ।

ਭਾਰਤ ਤੋਂ ਹਵਾਈ ਜਾਂ ਸਮੁੰਦਰੀ ਜਹਾਜ਼ਾਂ ਰਾਹੀਂ ਪਾਵਨ ਸਰੂਪ ਵਿਦੇਸ਼ ਭੇਜਣ ਸਮੇਂ ਕਈ ਵਾਰ ਸੁਰੱਖਿਆ ਜਾਂ ਕਸਟਮ ਜਾਂਚ ਦੌਰਾਨ ਬੇਅਦਬੀ ਹੋਣ ਦਾ ਖ਼ਦਸ਼ਾ ਰਹਿੰਦਾ ਹੈ। ਭਾਵੇਂ ਵਿਸ਼ੇਸ਼ ਚਾਰਟਰਡ ਜਹਾਜ਼ਾਂ ਰਾਹੀਂ ਸਰੂਪ ਭੇਜੇ ਜਾਂਦੇ ਹਨ, ਪਰ ਇਹ ਪ੍ਰਕਿਰਿਆ ਬਹੁਤ ਮਹਿੰਗੀ ਅਤੇ ਸੀਮਤ ਹੈ, ਜੋ ਵਿਦੇਸ਼ਾਂ ਦੀ ਲੋੜ ਪੂਰੀ ਕਰਨ ਵਿੱਚ ਅਸਮਰੱਥ ਹੈ।

ਹੱਥ ਲਿਖਤ ਸਰੂਪਾਂ ਵਿੱਚ ਗਲਤੀਆਂ ਅਤੇ ਪਾਬੰਦੀ ਦਾ ਮੁੱਦਾ

ਇਸ ਵਿਵਾਦ ਦੇ ਨਾਲ ਹੀ ਇੱਕ ਹੋਰ ਗੰਭੀਰ ਮੁੱਦਾ ਹੱਥ ਨਾਲ ਲਿਖੇ ਜਾ ਰਹੇ (ਹੱਥ ਲਿਖਤ) ਪਾਵਨ ਸਰੂਪਾਂ ਦਾ ਉੱਭਰ ਕੇ ਸਾਹਮਣੇ ਆਇਆ ਹੈ। ਪਿਛਲੇ ਕੁਝ ਸਮੇਂ ਤੋਂ ਕਈ ਵਿਅਕਤੀਆਂ ਅਤੇ ਸੰਸਥਾਵਾਂ ਵੱਲੋਂ ਸ਼ਰਧਾ ਵੱਸ ਹੱਥ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਖਣ ਦਾ ਰੁਝਾਨ ਵਧਿਆ ਹੈ।

ਪੰਥਕ ਵਿਦਵਾਨਾਂ ਦਾ ਮੰਨਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਵਿੱਚ ਲਗਾਂ-ਮਾਤਰਾਵਾਂ, ਬਿੰਦੀ, ਟਿੱਪੀ ਅਤੇ ਅੱਧਕ ਦਾ ਬਹੁਤ ਡੂੰਘਾ ਅਰਥ ਹੁੰਦਾ ਹੈ। ਇੱਕ ਮਾਤਰਾ ਦੀ ਗਲਤੀ ਨਾਲ ਗੁਰਬਾਣੀ ਦੇ ਅਰਥ ਬਦਲ ਜਾਂਦੇ ਹਨ। ਮੌਜੂਦਾ ਸਮੇਂ ਵਿੱਚ ਬਿਨਾਂ ਕਿਸੇ ਕੇਂਦਰੀ ਨਿਗਰਾਨੀ ਜਾਂ ਪਰੂਫ਼ ਰੀਡਿੰਗ ਦੇ ਲਿਖੇ ਜਾ ਰਹੇ ਇਨ੍ਹਾਂ ਹੱਥ ਲਿਖਤ ਸਰੂਪਾਂ ਵਿੱਚ ਅਨੇਕਾਂ ਅਸ਼ੁੱਧੀਆਂ ਪਾਈਆਂ ਜਾ ਰਹੀਆਂ ਹਨ। ਇਨ੍ਹਾਂ 'ਤੇ ਪੂਰਨ ਪਾਬੰਦੀ ਨਾ ਲੱਗਣ ਦਾ ਮੁੱਖ ਕਾਰਨ ਇਹ ਹੈ ਕਿ ਹਾਲੇ ਤੱਕ ਇਸ ਸਬੰਧੀ ਕੋਈ ਸਖ਼ਤ ਨੀਤੀ ਨਹੀਂ ਬਣਾਈ ਗਈ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਕੋਲ ਅਜਿਹੇ ਵਿਅਕਤੀਆਂ 'ਤੇ ਨਜ਼ਰ ਰੱਖਣ ਲਈ ਕੋਈ ਠੋਸ ਪ੍ਰਬੰਧ ਹੈ।ਕੈਨੇਡਾ ਦੇ ਵਿਦਵਾਨ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਅਨੁਸਾਰ, ਜੇਕਰ ਹਰ ਵਿਅਕਤੀ ਨੂੰ ਘਰਾਂ ਵਿੱਚ ਪ੍ਰੈੱਸ ਲਗਾ ਕੇ ਪਾਵਨ ਸਰੂਪ ਛਾਪਣ ਦੀ ਇਜਾਜ਼ਤ ਦੇ ਦਿੱਤੀ ਗਈ, ਤਾਂ ਗੁਰਬਾਣੀ ਦੀ ਸ਼ੁੱਧਤਾ ਖ਼ਤਮ ਹੋ ਜਾਵੇਗੀ ਅਤੇ ਪੰਥ ਵਿੱਚ ਵੱਡੀ ਦੁਫੇੜ ਪੈ ਜਾਵੇਗੀ। (ਬਾਕੀ ਸਫ਼ਾ 27 'ਤੇ)

ਸ਼੍ਰੋਮਣੀ ਕਮੇਟੀ ਚੋਣਾਂ ਜਲਦੀ ਕਰਵਾਏ ਕੇਂਦਰ ਸਰਕਾਰ: ਗਿ. ਹਰਪ੍ਰੀਤ ਸਿੰਘ

20 ਨਵੰਬਰ ਨੂੰ ਸੰਸਦ ਭਵਨ ਤੱਕ ਰੋਸ ਮਾਰਚ ਕਰਨ ਦਾ ਐਲਾਨ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਲਈ ਅਕਾਲੀ ਦਲ (ਪੁਨਰ ਸੁਰਜੀਤ) ਨੇ ਸੰਸਦ ਭਵਨ ਤੱਕ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਹੈ। ਇਸ ਤਹਿਤ 20 ਨਵੰਬਰ ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਰੋਸ ਮਾਰਚ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਮੰਤਰੀ ਦੇ ਨਾਂਅ 'ਤੇ ਮੰਗ ਪੱਤਰ ਵੀ ਦਿੱਤਾ ਜਾਵੇਗਾ। ਇੱਥੇ ਪੱਤਰਕਾਰ ਸੰਮੇਲਨ ਦੌਰਾਨ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਲੋਕਤੰਤਰ ਵਿੱਚ ਕਿਸੇ ਵੀ ਸੰਸਥਾ ਨੂੰ ਜਿਊਂਦਾ ਰੱਖਣ ਲਈ ਚੋਣ ਪ੍ਰਕਿਰਿਆ ਬਹੁਤ ਜ਼ਰੂਰੀ ਹੁੰਦੀ ਹੈ, ਪਰ ਸ਼੍ਰੋਮਣੀ ਕਮੇਟੀ ਅਜਿਹੀ ਚੁਣੀ ਹੋਈ ਸੰਸਥਾ ਹੈ ਜਿਸ ਦੀਆਂ ਚੋਣਾਂ ਕਰਵਾਉਣ ਤੋਂ ਕੇਂਦਰ ਸਰਕਾਰ ਨੇ



ਹਮੇਸ਼ਾ ਟਾਲ-ਮਟੋਲ ਕੀਤੀ ਹੈ। ਵੱਖਰੀ ਕਮੇਟੀ ਬਣ ਚੁੱਕੀ ਹੈ ਪਰ ਉੱਥੋਂ ਪੰਦਰਾਂ-ਪੰਦਰਾਂ ਸਾਲ ਚੋਣਾਂ ਨਾ ਕਰਵਾ ਕੇ ਸਿੱਖਾਂ ਦੇ ਜਮਹੂਰੀ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਦੇ ਮੈਂਬਰ ਅਜੇ ਵੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਵਜੋਂ ਸਹੂਲਤਾਂ ਮਾਣ ਰਹੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ 20 ਨਵੰਬਰ ਨੂੰ ਹੋਣ ਵਾਲੇ ਜਨਰਲ ਇਜਲਾਸ ਬਾਰੇ ਕਿਹਾ ਕਿ ਇਜਲਾਸ ਵਿੱਚ ਉਨ੍ਹਾਂ ਦੇ ਮੈਂਬਰਾਂ ਤੋਂ ਮਾਈਕ ਖੋਹਿਆ ਜਾਂਦਾ ਹੈ। ਇਸ ਲਈ ਜਥੇਬੰਦੀ ਨੇ ਫ਼ੈਸਲਾ ਕੀਤਾ ਹੈ ਕਿ 20 ਨਵੰਬਰ ਨੂੰ ਇਜਲਾਸ ਵਿੱਚ ਸ਼ਾਮਲ ਹੋਣ ਦੀ ਥਾਂ ਦਿੱਲੀ ਵਿੱਚ ਸੰਸਦ ਭਵਨ ਅੱਗੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਮੁਜ਼ਾਹਰਾ ਕੀਤਾ ਜਾਵੇਗਾ। ਗੁਰਦੁਆਰਾ ਰਕਾਬਗੰਜ ਸਾਹਿਬ ਤੋਂ ਅਰਦਾਸ ਕਰ ਕੇ ਜਥਾ ਮੁਜ਼ਾਹਰੇ ਲਈ ਰਵਾਨਾ ਹੋਵੇਗਾ। ਇਸ ਮੌਕੇ ਭਾਈ ਮਨਜੀਤ ਸਿੰਘ, ਅਜੈਪਾਲ ਸਿੰਘ ਮੀਰਾਂਕੋਟ, ਜਗਜੀਤ ਸਿੰਘ ਕੋਹਲੀ, ਦਲਜਿੰਦਰਬੀਰ ਸਿੰਘ ਵਿਰਕ, ਤਜਿੰਦਰ ਸਿੰਘ ਪੰਨੂ ਆਦਿ ਮੌਜੂਦ ਸਨ।

ਸਿੱਖ ਸੰਸਥਾਵਾਂ ਦੀ ਗੁਰਮਤਿ ਸਿਧਾਂਤਾਂ ਅਨੁਸਾਰ ਸੰਭਾਲ ਕਰਨਾ ਸਾਡੀ ਜ਼ਿੰਮੇਵਾਰੀ : ਧਾਮੀ

ਸ਼੍ਰੋਮਣੀ ਕਮੇਟੀ ਦਾ 107ਵਾਂ ਸਥਾਪਨਾ ਦਿਵਸ ਮਨਾਇਆ



ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 107ਵਾਂ ਸਥਾਪਨਾ ਦਿਵਸ ਲੰਘੇ ਦਿਨੀਂ ਇੱਥੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਮਨਾਇਆ ਗਿਆ। ਜਾਣਕਾਰੀ ਅਨੁਸਾਰ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਸੰਗਤ ਨੂੰ ਪਾਵਨ ਹੁਕਮਨਾਮਾ ਸਰਵਣ ਕਰਵਾਇਆ।

ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਇਹ ਦਿਹਾੜਾ ਸਿੱਖ ਕੌਮ ਲਈ ਬੇਹੱਦ ਮਾਣ ਅਤੇ ਇਤਿਹਾਸਕ ਮਹੱਤਵ ਵਾਲਾ ਹੈ, ਜਦੋਂ ਬਜ਼ੁਰਗਾਂ ਨੇ ਅਥਾਹ ਕੁਰਬਾਨੀਆਂ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਤ ਕੀਤੀ ਸੀ। ਸਿੱਖਾਂ ਦੀ ਇਹ ਸਿਰਮੌਰ ਸੰਸਥਾ ਹੁਣ ਆਪਣੇ 106 ਸਾਲਾਂ ਦਾ ਸਫ਼ਰ ਪੂਰਾ ਕਰ ਕੇ 107ਵੇਂ ਸਾਲ 'ਚ ਪ੍ਰਵੇਸ਼ ਕਰ ਗਈ ਹੈ, ਜੋ ਵੱਡੇ ਮਾਣ ਵਾਲੀ ਗੱਲ ਹੈ। ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਬਜ਼ੁਰਗਾਂ ਨੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸਮੇਂ ਸਿਰਫ਼ ਗੁਰਦੁਆਰਾ ਸਾਹਿਬਾਨ ਦੇ ਸੁਚੱਜੇ ਪ੍ਰਬੰਧ ਦਾ ਹੀ ਸੁਪਨਾ ਨਹੀਂ ਦੇਖਿਆ ਸੀ, ਸਗੋਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ, ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਘਰ-ਘਰ ਪਹੁੰਚਾਉਣ ਅਤੇ ਸਿੱਖ ਕੌਮ ਦੀ ਧਾਰਮਿਕ, ਸਮਾਜਿਕ ਤੇ ਇਤਿਹਾਸਕ ਵਿਰਾਸਤ ਦੀ ਸੰਭਾਲ ਦਾ ਵੀ ਅਹਿਦ ਲਿਆ ਸੀ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਵਿਰਾਸਤ ਹਨ ਅਤੇ ਇਨ੍ਹਾਂ ਦੀ ਗੁਰਮਤਿ ਸਿਧਾਂਤਾਂ ਅਨੁਸਾਰ ਸੰਭਾਲ ਕਰਨਾ ਜ਼ਿੰਮੇਵਾਰੀ ਹੈ।

ਉਨ੍ਹਾਂ ਸਮੂਹ ਮੁਲਾਜ਼ਮਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸਮੇਂ ਕੁਰਬਾਨੀਆਂ ਕਰਨ ਵਾਲਿਆਂ ਦੀ ਭਾਵਨਾ ਨੂੰ ਧਿਆਨ ਵਿੱਚ ਰੱਖਣ ਅਤੇ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਸਤਵਿੰਦਰ ਸਿੰਘ ਟੌਹੜਾ, ਓ ਐੱਸ ਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਜਸਵਿੰਦਰ ਸਿੰਘ ਜੱਸੀ, ਮੀਤ ਸਕੱਤਰ ਗੁਰਨਾਮ ਸਿੰਘ, ਹਰਭਜਨ ਸਿੰਘ ਵਕਤਾ, ਮਨਜੀਤ ਸਿੰਘ ਤਲਵੰਡੀ, ਆਜ਼ਾਦ ਦੀਪ ਸਿੰਘ ਆਦਿ ਹਾਜ਼ਰ ਸਨ।

ਸ਼ਰਧਾ ਨਾਲ ਮਨਾਇਆ ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਹਾੜਾ

ਗੁਰਦੁਆਰਾ ਸ਼ਹੀਦ ਗੰਜ ਸਾਹਿਬ 'ਚ ਵੱਡੀ ਗਿਣਤੀ ਸੰਗਤ ਨੇ ਮੱਥਾ ਟੇਕਿਆ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦ ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਬਾਬਾ ਦੀਪ ਸਿੰਘ ਅੰਮ੍ਰਿਤਸਰ ਵਿੱਚ ਮਨਾਇਆ। ਇਸ ਮੌਕੇ ਵੱਡੀ ਗਿਣਤੀ ਸੰਗਤ ਨੇ ਗੁਰੂ ਘਰ ਵਿੱਚ ਮੱਥਾ ਟੇਕਿਆ। ਸਮਾਗਮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਜਾਣਕਾਰੀ ਅਨੁਸਾਰ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਬਾਬਾ ਦੀਪ ਸਿੰਘ ਵਿੱਚ ਅਖੰਡ ਪਾਠ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥਿਆਂ ਨੇ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ



ਸਿੰਘ ਨੇ ਸੰਗਤ ਨੂੰ ਪਾਵਨ ਹੁਕਮਨਾਮਾ ਸਰਵਣ ਕਰਵਾਇਆ। ਉਨ੍ਹਾਂ ਬਾਬਾ ਦੀਪ ਸਿੰਘ ਦੇ ਜੀਵਨ ਇਤਿਹਾਸ ਬਾਰੇ ਚਾਨਣਾ ਪਾਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਮਰ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਹਾਦਤ ਸਿੱਖ ਕੌਮ ਲਈ ਸਦਾ ਚੜ੍ਹਦੀਕਲਾ, ਦ੍ਰਿੜ੍ਹ ਵਿਸ਼ਵਾਸ ਅਤੇ ਧਰਮ ਦੀ ਰਾਖੀ ਲਈ ਕੁਰਬਾਨ ਹੋਣ ਦੀ ਪ੍ਰੇਰਨਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਬਾਬਾ ਜੀ ਅਦੁੱਤੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਆਪਣੇ ਜੀਵਨ ਦੇ ਬਜ਼ੁਰਗੀ ਵਾਲੇ ਪੜਾਅ 'ਚ ਵੀ ਸੰਤ-ਸਿਪਾਹੀ ਦੀ ਭੂਮਿਕਾ ਨਿਭਾਉਂਦਿਆਂ ਧਰਮ ਅਤੇ ਗੁਰੂ ਘਰ ਦੀ ਮਰਿਆਦਾ ਦੀ ਰਾਖੀ ਲਈ ਅਜਿਹੀ ਸ਼ਹਾਦਤ ਦਿੱਤੀ, ਜਿਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਉਨ੍ਹਾਂ ਦੀ ਸ਼ਹਾਦਤ ਸਿੱਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਸੰਪਾਦਕੀ

ਕੈਨੇਡਾ ਬਨਾਮ ਸਿੱਖ

ਲੰਘੇ ਦਿਨੀਂ ਕੈਨੇਡਾ ਵਿੱਚ ਦੋ ਸਿੱਖ ਨੌਜਵਾਨਾਂ ਨੂੰ ਆਪਣੀਆਂ ਦਸਤਾਰਾਂ ਕਾਰਨ ਨਸਲੀ ਹਿੰਸਾ ਦਾ ਸਾਹਮਣਾ ਕਰਨਾ ਪਿਆ। ਕੈਨੇਡਾ ਦੇ ਓਨਟਾਰੀਓ ਸੂਬੇ ਦੇ 'ਬੈਰੀ' ਸ਼ਹਿਰ ਵਿੱਚ ਜਨਤਕ ਬੱਸਾਂ ਵਿੱਚ ਦੋ ਸਿੱਖ ਯਾਤਰੀਆਂ 'ਤੇ ਹਮਲਾ ਕਰਨ ਦੇ ਮਾਮਲੇ ਵਿੱਚ ਤਿੰਨ ਨੌਜਵਾਨਾਂ ਵਿਰੁੱਧ ਨਫ਼ਰਤ ਤੋਂ ਪ੍ਰੇਰਿਤ ਅਪਰਾਧਾਂ ਦੇ ਦੋਸ਼ ਆਇਦ ਕੀਤੇ ਗਏ ਹਨ। 'ਬੈਰੀ' ਸ਼ਹਿਰ ਦੀ ਪੁਲਿਸ ਅਨੁਸਾਰ ਇਹ ਘਟਨਾ ਲੰਘੇ ਦਿਨੀਂ ਉਸ ਸਮੇਂ ਵਾਪਰੀ ਜਦੋਂ 16, 18 ਅਤੇ 19 ਸਾਲ ਦੀ ਉਮਰ ਦੇ ਮੁਲਜ਼ਮਾਂ ਨੇ ਇੱਕ ਘੰਟੇ ਦੇ ਅੰਦਰ-ਅੰਦਰ ਵੱਖ-ਵੱਖ ਬੱਸਾਂ ਵਿੱਚ ਦੋ ਸਿੱਖ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ। ਪਹਿਲੀ ਘਟਨਾ ਵਿੱਚ ਤਿੰਨੇ ਮੁਲਜ਼ਮਾਂ ਨੇ 'ਐਸਾ ਰੋਡ' ਨੇੜੇ ਇੱਕ ਬੱਸ ਵਿੱਚ 26 ਸਾਲਾ ਸਿੱਖ ਯਾਤਰੀ ਨੂੰ ਕਥਿਤ ਤੌਰ 'ਤੇ ਤੰਗ-ਪ੍ਰੇਸ਼ਾਨ ਕੀਤਾ। ਮੁਲਜ਼ਮਾਂ ਨੇ ਅਪਮਾਨਜਨਕ ਟਿੱਪਣੀਆਂ ਕਰਦਿਆਂ ਉਸ ਨੂੰ ਧੱਕਾ ਦਿੱਤਾ ਅਤੇ ਥੱਪੜ ਮਾਰੇ। ਜਦੋਂ ਉਹ ਵਿਅਕਤੀ ਮਦਦ ਲਈ ਡਰਾਈਵਰ ਕੋਲ ਗਿਆ, ਤਾਂ ਮੁਲਜ਼ਮਾਂ ਨੇ ਉਸ ਨੂੰ ਬੱਸ ਤੋਂ ਹੇਠਾਂ ਧੱਕਾ ਦੇ ਦਿੱਤਾ ਅਤੇ ਫ਼ਰਾਰ ਹੋ ਗਏ। ਇਸੇ ਸਮੂਹ ਨੇ ਕੁੱਝ ਸਮੇਂ ਬਾਅਦ 'ਯੋਂਗ ਸਟਰੀਟ' 'ਤੇ ਇੱਕ ਹੋਰ ਬੱਸ ਵਿੱਚ 22 ਸਾਲਾ ਸਿੱਖ ਯਾਤਰੀ ਕੋਲ ਪਹੁੰਚ ਕੀਤੀ। ਮੁਲਜ਼ਮਾਂ ਵਿੱਚੋਂ ਇੱਕ ਨੇ ਉਸ ਦੀ ਦਸਤਾਰ ਉਤਾਰ ਦਿੱਤੀ ਅਤੇ ਉਸ 'ਤੇ ਬੀਅਰ ਡੋਲ੍ਹ ਦਿੱਤੀ। ਜਦੋਂ ਸਿੱਖ ਨੌਜਵਾਨ ਨੇ ਬੱਸ ਡਰਾਈਵਰ ਤੋਂ ਮਦਦ ਮੰਗੀ, ਤਾਂ ਦੋ ਮੁਲਜ਼ਮਾਂ ਨੇ ਉਸ ਨੂੰ ਫੜ ਲਿਆ ਜਦਕਿ ਤੀਜੇ ਨੇ ਉਸ ਦੇ ਚਿਹਰੇ ਅਤੇ ਸਰੀਰ 'ਤੇ ਮੁੱਕੇ ਮਾਰੇ। ਇਸ ਤੋਂ ਬਾਅਦ ਮੁਲਜ਼ਮ ਇੱਕ ਟੈਕਸੀ ਵਿੱਚ ਫ਼ਰਾਰ ਹੋ ਗਏ। ਪੁਲਿਸ ਨੇ ਅੱਧੇ ਘੰਟੇ ਦੇ ਅੰਦਰ ਵਾਹਨ ਦਾ ਪਤਾ ਲਗਾ ਲਿਆ ਅਤੇ ਤਿੰਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮੀਡੀਆ ਵਿੱਚ ਦੋਵੇਂ ਘਟਨਾਵਾਂ ਦਾ ਵੇਰਵਾ ਆਉਣ ਤੋਂ ਬਾਅਦ ਕੈਨੇਡਾ ਦੇ ਓਨਟਾਰੀਓ ਸੂਬੇ ਦੇ ਨਾਗਰਿਕਤਾ ਅਤੇ ਬਹੁ-ਸੱਭਿਆਚਾਰਵਾਦ ਮੰਤਰੀ ਗ੍ਰਾਹਮ ਮੈਕਗ੍ਰੇਗਰ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਦਸਤਾਰ ਨੂੰ ਨਿਸ਼ਾਨਾ ਬਣਾਉਣ ਨੂੰ ਧਾਰਮਿਕ ਆਜ਼ਾਦੀ 'ਤੇ ਹਮਲਾ ਦੱਸਿਆ। ਉਨ੍ਹਾਂ 'ਐਕਸ' 'ਤੇ ਇੱਕ ਪੋਸਟ ਵਿੱਚ ਲਿਖਿਆ, 'ਦਸਤਾਰ ਆਸਥਾ ਦਾ ਇੱਕ ਪਵਿੱਤਰ ਚਿੰਨ੍ਹ ਹੈ। ਇਸ ਨੂੰ ਨਿਸ਼ਾਨਾ ਬਣਾਉਣਾ ਕਿਸੇ ਦੇ ਮਾਣ-ਸਨਮਾਨ ਅਤੇ ਧਾਰਮਿਕ ਆਜ਼ਾਦੀ 'ਤੇ ਸ਼ਰੇਆਮ ਹਮਲਾ ਹੈ।' ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਵੀ ਇਨ੍ਹਾਂ ਹਮਲਿਆਂ ਦੀ ਨਿੰਦਾ ਕਰਦਿਆਂ ਅਜਿਹੀਆਂ ਘਟਨਾਵਾਂ ਨੂੰ ਕੱਲੀਆਂ-ਕਾਰੀਆਂ ਕਾਰਵਾਈਆਂ ਵਜੋਂ ਨਾ ਦੇਖਣ ਦੀ ਚਿਤਾਵਨੀ ਦਿੱਤੀ ਹੈ।

ਕੈਨੇਡਾ ਵਿੱਚ ਸਿੱਖਾਂ 'ਤੇ ਨਸਲੀ ਹਮਲੇ ਅਤੇ ਸਿੱਖਾਂ ਵਿਰੁੱਧ ਹਿੰਸਾ ਦੀਆਂ ਇਹ ਪਹਿਲੀਆਂ ਘਟਨਾਵਾਂ ਨਹੀਂ ਹਨ। ਇਸ ਤੋਂ ਪਹਿਲਾਂ ਵੀ ਅਨੇਕਾਂ ਸਿੱਖ ਵਿਅਕਤੀ ਕੈਨੇਡਾ ਵਿੱਚ ਨਸਲੀ ਵਿਤਕਰੇ ਅਤੇ ਹਿੰਸਾ ਦਾ ਸ਼ਿਕਾਰ ਹੋ ਚੁੱਕੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇੱਕ ਪਾਸੇ ਸਿੱਖ ਕੈਨੇਡਾ ਦੀ ਹਰ ਖੇਤਰ ਵਿੱਚ ਤਰੱਕੀ ਦੌਰਾਨ ਵੱਡਾ ਯੋਗਦਾਨ ਪਾਉਂਦੇ ਹਨ ਅਤੇ ਕੈਨੇਡਾ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੰਦੇ ਹਨ ਪਰ ਇਸੇ ਕੈਨੇਡਾ ਵਿੱਚ ਹੁਣ ਸਿੱਖ ਸੁਰੱਖਿਅਤ ਨਹੀਂ ਰਹੇ। ਅਕਸਰ ਸਿੱਖਾਂ ਨੂੰ ਕੈਨੇਡਾ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੈਨੇਡਾ ਵਿੱਚ ਰਹਿੰਦੇ ਸਿੱਖਾਂ ਤੇ ਪੰਜਾਬੀਆਂ ਨੂੰ ਹੁਣ ਅਕਸਰ ਕਹਿੰਦੇ ਹੋਏ ਸੁਣਿਆ ਜਾਂਦਾ ਹੈ ਕਿ ਕੈਨੇਡਾ ਹੁਣ ਪਹਿਲਾਂ ਵਰਗਾ ਮੁਲਕ ਨਹੀਂ ਰਿਹਾ।

ਕੈਨੇਡਾ ਵਿਸ਼ਵ ਦਾ ਇੱਕ ਅਜਿਹਾ ਮੁਲਕ ਹੈ, ਜੋ ਕਿ ਲੰਬਾ ਸਮਾਂ ਪੰਜਾਬੀਆਂ ਖਾਸ ਕਰਕੇ ਸਿੱਖਾਂ ਦੀ 'ਸੁਪਨ ਨਗਰੀ' ਰਿਹਾ ਹੈ। ਕੈਨੇਡਾ ਦੀ 2021 ਦੀ ਮਰਦਮਸ਼ੁਮਾਰੀ ਅਨੁਸਾਰ ਕੈਨੇਡਾ ਵਿੱਚ 7,71,790 ਸਿੱਖ ਵੱਸਦੇ ਹਨ, ਜੋ ਕਿ ਇਸ ਦੀ ਕੁੱਲ ਆਬਾਦੀ ਦਾ ਲਗਭਗ 2.1 ਫ਼ੀਸਦੀ ਹਨ। ਕੈਨੇਡਾ ਦੇ ਸੂਬੇ ਓਨਟਾਰੀਓ ਵਿੱਚ 3,00,000 ਤੋਂ ਵੱਧ ਸਿੱਖ ਰਹਿੰਦੇ ਹਨ। ਭਾਰਤ ਤੋਂ ਬਾਅਦ ਕੈਨੇਡਾ ਵਿੱਚ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਸਿੱਖ ਆਬਾਦੀ ਹੈ। ਇਸੇ ਕਾਰਨ ਭਾਰਤੀ ਪੰਜਾਬ ਵਾਂਗ ਹੀ ਕੈਨੇਡਾ ਨੂੰ ਵੀ 'ਸਿੱਖਾਂ ਦਾ ਦੂਜਾ ਘਰ' ਕਿਹਾ ਜਾਂਦਾ ਹੈ। ਕੈਨੇਡਾ ਵਿੱਚ ਵਸਦੇ 'ਮਿੰਨੀ ਪੰਜਾਬ' ਦੀ ਚਰਚਾ ਪੂਰੀ ਦੁਨੀਆ ਵਿੱਚ ਹੁੰਦੀ ਹੈ। ਵੱਖ- ਵੱਖ ਵਿਦਵਾਨ ਅਕਸਰ ਕਹਿੰਦੇ ਹਨ ਕਿ ਪੂਰੇ ਵਿਸ਼ਵ ਵਿੱਚ ਤਿੰਨ ਪੰਜਾਬ ਇਸ ਸਮੇਂ ਵਸਦੇ ਹਨ। ਇੱਕ ਪੰਜਾਬ ਭਾਰਤ ਵਿੱਚ, ਦੂਜਾ ਪੰਜਾਬ ਪਾਕਿਸਤਾਨ ਵਿੱਚ ਅਤੇ ਤੀਜਾ ਪੰਜਾਬ ਕੈਨੇਡਾ ਵਿੱਚ ਵੱਸਦਾ ਹੈ। ਇਹੋ ਕਾਰਨ ਹੈ ਕਿ ਕੈਨੇਡਾ ਵਿੱਚ ਰਹਿਣ ਵਾਲੇ ਪੰਜਾਬੀ ਤੇ ਸਿੱਖ ਆਪਣੇ ਆਪ 'ਤੇ ਮਾਣ ਮਹਿਸੂਸ ਕਰਦੇ ਹਨ। ਕੈਨੇਡਾ 'ਚ ਸਿੱਖ ਸਿਆਸੀ, ਧਾਰਮਿਕ, ਆਰਥਿਕ, ਸਮਾਜਿਕ, ਵਪਾਰਕ ਤੌਰ 'ਤੇ ਬਹੁਤ ਤਰੱਕੀ ਕਰ ਚੁੱਕੇ ਹਨ ਅਤੇ ਕੈਨੇਡਾ ਵਿੱਚ ਸਿੱਖ ਬਹੁਤ ਉੱਚੇ ਅਹੁਦਿਆਂ ਤੱਕ ਪਹੁੰਚ ਚੁੱਕੇ ਹਨ। ਸਿੱਖਾਂ ਦੀਆਂ ਵੋਟਾਂ ਕੈਨੇਡਾ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੀ ਜਿੱਤ - ਹਾਰ ਦਾ ਫੈਸਲਾ ਕਰਨ ਦੇ ਸਮਰੱਥ ਹਨ। ਕੈਨੇਡਾ ਵਿੱਚ ਸਿੱਖਾਂ ਲਈ ਪਹਿਲਾਂ ਸਭ ਕੁਝ ਠੀਕ ਚੱਲ ਰਿਹਾ ਸੀ ਪਰ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਵਿੱਚ ਸਿੱਖਾਂ ਨਾਲ ਨਸਲੀ ਵਿਤਕਰੇ, ਹਿੰਸਾ, ਕੁੱਟਮਾਰ ਅਤੇ ਲੁੱਟ ਖੋਹ ਦੀਆਂ ਵਾਰਦਾਤਾਂ ਵਿੱਚ ਵਾਧਾ ਹੋ ਗਿਆ ਹੈ। ਇਸ ਦੇ ਨਾਲ ਹੀ ਕੈਨੇਡਾ ਵਿੱਚ ਸਰਗਰਮ ਕੁਝ ਗਰਮ ਖ਼ਿਆਲੀ ਸਿੱਖ ਆਗੂਆਂ ਅਤੇ ਸਿੱਖ ਨੌਜਵਾਨਾਂ ਦੇ ਹੋਏ ਕਤਲ ਅਤੇ ਕਈ ਸਿੱਖਾਂ ਨੂੰ ਗੈਂਗਸਟਰਾਂ ਅਤੇ ਅਪਰਾਧੀਆਂ ਵੱਲੋਂ ਧਮਕੀਆਂ ਦੇਣ ਦੀਆਂ ਆ ਰਹੀਆਂ ਖ਼ਬਰਾਂ ਕਾਰਨ ਜਿੱਥੇ ਕੈਨੇਡੀਅਨ ਸਿੱਖ ਭਾਈਚਾਰਾ ਚਿੰਤਤ ਹੈ, ਉਥੇ ਵਿਸ਼ਵ ਭਰ ਵਿੱਚ ਰਹਿੰਦੇ ਸਿੱਖ ਵੀ ਅਜਿਹੇ ਮਾਹੌਲ ਤੋਂ ਕਾਫ਼ੀ ਫ਼ਿਕਰਮੰਦ ਹਨ।

ਕੈਨੇਡਾ ਨੂੰ ਦੁਨੀਆ ਦਾ 'ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ' ਮੁਲਕ ਕਹਾਉਣ ਦਾ ਮਾਣ ਵੀ ਪ੍ਰਾਪਤ ਹੈ ਪਰ ਇਸੇ ਮੁਲਕ ਅੰਦਰ ਸਿੱਖਾਂ ਖ਼ਿਲਾਫ਼ ਵਧ ਰਹੀਆਂ ਨਸਲੀ ਵਿਤਕਰੇ ਤੇ ਹਿੰਸਾ ਦੀਆਂ ਘਟਨਾਵਾਂ ਕੈਨੇਡਾ ਦੇ ਮੱਥੇ 'ਤੇ ਵੱਡੇ ਧੱਬੇ ਵਾਂਗ ਹਨ। ਕੈਨੇਡਾ ਦੀ ਮੌਜੂਦਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੈਨੇਡਾ ਰਹਿੰਦੇ ਸਿੱਖਾਂ ਦੀ ਸੁਰੱਖਿਆ ਲਈ ਲੋੜੀਂਦੇ ਉਪਰਾਲੇ ਕਰੇ ਅਤੇ ਸਿੱਖਾਂ ਨਾਲ ਬਦਸਲੂਕੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਅਸਤ ਹੋਣ ਵੱਲ ਤੁਰ ਪਿਆ ਪੂੰਜੀਵਾਦੀ ਸਾਮਰਾਜ ਦੀ ਚੜ੍ਹਤ ਦਾ ਸੂਰਜ

ਡਾ. ਸੁਰਿੰਦਰ ਮੰਡ



ਅਮਰੀਕਾ, ਇਜ਼ਰਾਇਲ, ਬ੍ਰਾਜ਼ੀਲ, ਹੰਗਰੀ, ਸਰਬੀਆ ਅਤੇ ਬੁਲਗਾਰੀਆ ਦੇ ਤਾਜ਼ਾ ਚੋਣ ਨਤੀਜਿਆਂ ਅਤੇ ਆਲਮੀ ਪੱਧਰ ਉੱਤੇ ਵਾਪਰ ਰਹੀਆਂ ਘਟਨਾਵਾਂ ਨੇ ਸੰਕੇਤ ਦਿੱਤੇ ਹਨ ਕਿ ਪੂੰਜੀਵਾਦੀ ਸਾਮਰਾਜ ਅਤੇ ਸੱਜ-ਪਿਛਾਖੜੀ ਹਮਲਾਵਰ ਨੀਤੀਆਂ ਖ਼ਿਲਾਫ਼ ਲੋਕ ਆਵਾਜ਼ਾਂ ਉੱਚੀਆਂ ਹੋ ਰਹੀਆਂ ਹਨ ਅਤੇ ਹਾਸ਼ੀਏ ਉੱਤੇ ਧੱਕੇ ਦੇਸ਼ ਤੇ ਲੋਕ ਜਾਗ ਰਹੇ ਹਨ। ਵੱਡੇ ਪੱਛਮੀ ਯੂਰੋਪੀ ਮੁਲਕਾਂ ਵਿੱਚ ਸਰਕਾਰੀ ਨੀਤੀਆਂ ਖ਼ਿਲਾਫ਼ ਪ੍ਰਚੰਡ ਹੋ ਰਿਹਾ ਜਨ-ਅੰਦੋਲਨ, ਰੂਸ ਵਿੱਚ ਹੋਇਆ 48 ਅਫ਼ਰੀਕੀ ਮੁਲਕਾਂ ਦਾ ਸਫਲ ਸੰਮੇਲਨ, ਪੱਛਮੀ ਏਸ਼ੀਆ ਵਿੱਚ ਇਰਾਨ ਖ਼ਿਲਾਫ਼ ਨਾਕਾਮ ਸਾਮਰਾਜੀ ਮਨਸੂਬੇ, ਅਮਰੀਕਾ ਵੱਲੋਂ ਸਾਰੀ ਦੁਨੀਆ ਉੱਤੇ ਇਕਪਾਸੜ ਟੈਰਿਫ਼ ਅਤੇ ਪਾਬੰਦੀਆਂ ਲਾਉਣ ਦਾ ਜਵਾਬੀ ਰੋਸ, ਨੌਰਵੇ ਅਤੇ ਫਿਨਲੈਂਡ ਵਰਗੇ 'ਨਾਟੋ' ਮੁਲਕਾਂ ਵੱਲੋਂ ਆਪਣੀ ਸੁਰੱਖਿਆ ਲਈ ਰੂਸ ਨੂੰ ਬੇਨਤੀ ਕਰਨਾ, ਇੰਗਲੈਂਡ ਦੇ ਬਾਕੀ ਤਿੰਨ ਸੂਬਿਆਂ (ਵੇਲਜ਼, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ) ਵੱਲੋਂ ਇਕੱਠਿਆਂ ਯੂ ਕੇ ਤੋਂ ਆਜ਼ਾਦ ਹੋਣ ਵਰਗਾ ਮਤਾ ਪਾਸ ਕਰਨਾ, ਅਮਰੀਕਾ ਵੱਲੋਂ ਰੂਸ ਨਾਲ ਨੇੜਤਾ ਵਧਾਉਣ ਦੀਆਂ ਕੋਸ਼ਿਸ਼ਾਂ ਦੀ ਮਜਬੂਰੀ ਅਤੇ ਚੀਨ ਦੀ ਚੜ੍ਹਤ ਆਦਿ ਘਟਨਾਵਾਂ ਸਾਬਿਤ ਕਰਦੀਆਂ ਹਨ ਕਿ ਪੂੰਜੀਵਾਦੀ ਸਾਮਰਾਜ ਦੀ ਚੜ੍ਹਤ ਦਾ ਸੂਰਜ ਅਸਤ ਹੋਣ ਵੱਲ ਤੁਰ ਪਿਆ ਹੈ। ਇਹ ਸਭ ਕੁਝ ਤੱਥਾਂ ਸਹਿਤ ਘੋਖਣਾ ਬਣਦਾ ਹੈ। ਇਜ਼ਰਾਇਲ ਅਤੇ ਅਮਰੀਕਾ ਨੇ ਇਰਾਨ ਦੀ ਮੌਜੂਦਾ ਸਰਕਾਰ ਨੂੰ ਉਖਾੜਨ ਲਈ 2026 ਵਿੱਚ ਦੋ ਵਾਰ (ਪਹਿਲਾਂ 12 ਦਿਨ, ਫਿਰ 40 ਦਿਨ) ਵੱਡਾ ਹਮਲਾ ਕੀਤਾ।

ਸਰਬਉੱਚ ਨੇਤਾ ਆਇਤੁੱਲਾ ਅਲੀ ਖ਼ਮੇਨੇਈ ਸਮੇਤ ਕਾਫ਼ੀ ਲੀਡਰਸ਼ਿਪ ਵੀ ਮਾਰ ਮੁਕਾਈ। ਇਰਾਨ ਡਟ ਗਿਆ, ਝੁਕਿਆ ਨਹੀਂ। ਓਧਰ ਇਜ਼ਰਾਈਲ ਅਤੇ ਅਮਰੀਕਾ ਦੇ ਲੋਕਾਂ ਨੇ ਨੇਤਨਯਾਹੂ ਅਤੇ ਟਰੰਪ ਦੀਆਂ ਸਰਕਾਰਾਂ ਹੀ ਬਦਲ ਦਿੱਤੀਆਂ ਹਨ। ਲੰਘੇ ਦਿਨੀਂ ਹੋਈਆਂ ਆਮ ਚੋਣਾਂ ਵਿੱਚ ਇਜ਼ਰਾਇਲ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਧੜੇ ਨੂੰ ਹਰਾ ਦਿੱਤਾ ਹੈ। ਕੁੱਲ 120 ਮੈਂਬਰੀ ਸਦਨ ਵਿੱਚ ਨੇਤਨਯਾਹੂ ਗੱਠਜੋੜ ਨੂੰ 53 ਤੇ ਵਿਰੋਧੀ ਗੱਠਜੋੜ ਨੂੰ 48 ਸੀਟਾਂ ਮਿਲੀਆਂ ਹਨ ਅਤੇ ਅਰਬ ਪਾਰਟੀਆਂ ਨੇ 19 ਸੀਟਾਂ ਜਿੱਤੀਆਂ ਹਨ। ਅਰਬ ਪਾਰਟੀਆਂ ਨੇ ਵਿਰੋਧੀ ਧਿਰ ਨੂੰ ਸਮਰਥਨ ਦੇ ਦਿੱਤਾ ਹੈ ਜਦੋਂਕਿ ਨੇਤਨਯਾਹੂ ਗੱਠਜੋੜ ਦੀ ਸੱਤ ਮੈਂਬਰਾਂ ਵਾਲੀ ਇੱਕ ਪਾਰਟੀ ਦੇ ਵੱਖ ਹੋਣ ਦੇ ਐਲਾਨ ਨਾਲ ਨੇਤਨਯਾਹੂ ਧੜੇ ਕੋਲ ਸਿਰਫ਼ 46 ਮੈਂਬਰ ਰਹਿ ਗਏ ਹਨ। ਇਜ਼ਰਾਇਲੀ ਰਾਸ਼ਟਰਪਤੀ ਨੇ ਨੇਤਨਯਾਹੂ ਸਰਕਾਰ ਦਾ ਭੋਗ ਪਾਉਂਦਿਆਂਵਿਰੋਧੀ ਨੇਤਾ ਗਾਦੀ ਆਈਜ਼ਨਕੋਟ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ ਹੈ।

ਅਮਰੀਕਾ 'ਚ 3 ਨਵੰਬਰ ਨੂੰ ਹੋਈਆਂ ਮੱਧਕਾਲੀ ਚੋਣਾਂ ਵਿੱਚ ਟਰੰਪ ਦੀ ਰਿਪਬਲਿਕਨ ਪਾਰਟੀ ਦੀ ਕਰਾਰੀ ਹਾਰ ਹੋਈ ਹੈ ਅਤੇ ਡੈਮੋਕਰੈਟਸ ਨੇ ਸੈਨੇਟ ਤੇ ਪ੍ਰਤੀਨਿਧ ਸਦਨ (ਕਾਂਗਰਸ) ਦੋਵਾਂ ਵਿੱਚ ਪੂਰਨ ਬਹੁਮੱਤ ਹਾਸਲ ਕਰ ਲਿਆ ਹੈ। ਸਦਨ ਵਿੱਚ ਡੈਮੋਕਰੈਟਸ ਨੇ 259 ਅਤੇ ਟਰੰਪ ਦੀ ਪਾਰਟੀ ਰਿਪਬਲਿਕਨ ਨੇ 176 ਸੀਟਾਂ ਜਿੱਤੀਆਂ ਹਨ। ਸੈਨੇਟ ਵਿੱਚ ਵੀ ਡੈਮੋਕਰੈਟਸ ਦੀਆਂ ਸੀਟਾਂ ਵਧ ਕੇ 56 ਹੋ ਗਈਆਂ ਹਨ ਅਤੇ ਟਰੰਪ ਦੀ ਪਾਰਟੀ ਦੀਆਂ 44 ਸੀਟਾਂ ਰਹਿ ਗਈਆਂ ਹਨ। ਇਉਂ ਰਾਸ਼ਟਰਪਤੀ ਵਜੋਂ ਟਰੰਪ ਦੀ ਸ਼ਕਤੀ ਕਾਫ਼ੀ ਘਟ ਗਈ ਹੈ। ਦਰਅਸਲ, ਪਹਿਲਾਂ ਟਰੰਪ ਨੇ ਇਕਪਾਸੜ ਐਲਾਨਾਂ ਨਾਲ ਦੋਸਤ-ਦੁਸ਼ਮਣ ਸਭ ਮੁਲਕਾਂ ਉੱਤੇ ਟੈਰਿਫ ਲਾਏ, 'ਨਾਟੋ' ਦੇ ਮੈਂਬਰ ਮੁਲਕ ਗ੍ਰੀਨਲੈਂਡ ਉੱਤੇ ਕਬਜ਼ਾ ਕਰ ਲੈਣ ਅਤੇ ਕੈਨੇਡਾ ਨੂੰ ਆਪਣਾ 51ਵਾਂ ਸੂਬਾ ਬਣਾਉਣ ਦੇ ਐਲਾਨ ਕੀਤੇ, ਜਿਸ ਨਾਲ ਅਮਰੀਕਾ ਪ੍ਰਤੀ ਬੇਵਿਸਾਹੀ ਵਧੀ ਹੈ। ਵੈਨੇਜ਼ੁਏਲਾ ਦੇ ਰਾਸ਼ਟਰਪਤੀ ਮਾਦੁਰੋ ਨੂੰ ਅਗਵਾ ਕਰਕੇ ਅਮਰੀਕਾ ਲਿਜਾਣ ਅਤੇ ਤੇਲ ਭੰਡਾਰਾਂ ਉੱਤੇ ਕਬਜ਼ਾ ਕਰਨ ਦੀਆਂ ਕਾਰਵਾਈਆਂ ਕਾਰਨ ਅਮਰੀਕਾ ਦੀ ਸਾਖ਼ ਨੂੰ ਹੋਰ ਵੀ ਖੋਰਾ ਲੱਗਿਆ ਹੈ।

ਅਕਤੂਬਰ ਦੇ ਆਖ਼ਰੀ ਹਫ਼ਤੇ ਹੀ ਲਾਤੀਨੀ ਅਮਰੀਕਾ ਦੇ ਸਭ ਤੋਂ ਵੱਡੇ ਮੁਲਕ ਬ੍ਰਾਜ਼ੀਲ ਵਿੱਚ ਰਾਸ਼ਟਰਪਤੀ ਦੇ ਅਹੁਦੇ ਲਈ ਵੋਟਾਂ ਪਈਆਂ। ਖੱਬੇ-ਪੱਖੀ ਆਗੂ ਲੂਲਾ ਡੀ ਸਿਲਵਾ ਨੂੰ ਹਰਾਉਣ ਲਈ ਟਰੰਪ ਨੇ ਪੂਰਾ ਜ਼ੋਰ ਲਾਇਆ, ਪਰ ਉਹ ਫਿਰ ਵੀ ਚੌਥੀ ਵਾਰ ਚੋਣ ਜਿੱਤ ਗਿਆ ਅਤੇ ਅਮਰੀਕਾ ਦੇ ਸਮਰਥਕ ਹਾਰੇ ਹੋਏ ਰਾਸ਼ਟਰਪਤੀ ਉਮੀਦਵਾਰ ਬੋਲਸੋਨਾਰੋ ਨੇ ਭੱਜ ਕੇ ਅਮਰੀਕਾ ਵਿੱਚ ਸ਼ਰਨ ਲੈ ਲਈ। ਰੂਸ ਖ਼ਿਲਾਫ਼ 32 'ਨਾਟੋ' ਅਤੇ ਪੱਛਮੀ ਯੂਰੋਪੀਅਨ ਮੁਲਕਾਂ ਵੱਲੋਂ ਕੀਤੀ ਗਈ ਘੇਰਾਬੰਦੀ ਦੇ ਨਤੀਜੇ ਵਜੋਂ, ਜਦੋਂ ਯੂਕਰੇਨ ਨੂੰ ਵੀ 'ਨਾਟੋ' ਮੈਂਬਰ ਬਣਾਉਣ ਦੀ ਜ਼ਿੱਦ ਤੱਕ ਗੱਲ ਪਹੁੰਚੀ ਤਾਂ 2022 ਵਿੱਚ ਰੂਸ-ਯੂਕ੍ਰੇਨ ਜੰਗ ਸ਼ੁਰੂ ਹੋ ਗਈ। 32 ਮੁਲਕ ਯੂਕ੍ਰੇਨ ਦੀ ਹਰ ਤਰ੍ਹਾਂ ਮਦਦ ਕਰਨ ਲੱਗੇ, ਜਿਸ ਕਾਰਨ ਦੋਵਾਂ ਮੁਲਕਾਂ ਦਾ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ। ਯੂਕ੍ਰੇਨ 1991 ਤੱਕ ਸੋਵੀਅਤ ਯੂਨੀਅਨ ਦਾ ਹਿੱਸਾ ਸੀ। 'ਨਾਟੋ' ਰੂਸ ਦੀ ਆਪਸੀ ਭਰਾ-ਮਾਰੂ ਜੰਗ ਤੇ ਆਰਥਿਕ ਬਰਬਾਦੀ ਚਾਹੁੰਦਾ ਸੀ ਅਤੇ ਜ਼ੈਲੰਸਕੀ ਇਸ ਦਾ ਮੋਹਰਾ ਬਣਿਆ। ਸਿੱਟੇ ਵਜੋਂ ਯੂਕ੍ਰੇਨ ਦੇ 'ਨਾਟੋ' ਮੈਂਬਰ ਬਣਨ ਦੀ ਸੰਭਾਵਨਾ ਨਹੀਂ ਰਹੀ ਅਤੇ ਅਮਰੀਕਾ ਹੁਣ ਰੂਸ-ਯੂਕ੍ਰੇਨ ਦਰਮਿਆਨ ਸਮਝੌਤਾ ਕਰਾਉਣਾ ਚਾਹੁੰਦਾ ਹੈ। ਗ੍ਰੀਨਲੈਂਡ, ਕੈਨੇਡਾ ਅਤੇ ਇਰਾਨ ਜੰਗ ਬਾਰੇ ਅਮਰੀਕਾ ਵੱਲੋਂ ਅਪਣਾਈ ਗਈ ਨੀਤੀ ਕਰਕੇ ਉਸ ਦੇ 'ਨਾਟੋ' ਦੇਸ਼ਾਂ ਨਾਲ ਮਤਭੇਦ ਕਾਫ਼ੀ ਵਧ ਗਏ ਹਨ।

ਯੂਕ੍ਰੇਨ ਜੰਗ ਦੀ ਆੜ ਹੇਠ ਰੂਸ ਨੂੰ ਅਲੱਗ-ਥਲੱਗ ਕਰ ਦੇਣ ਦੀਆਂ ਅਮਰੀਕੀ-ਯੂਰੋਪੀਅਨ ਯੋਜਨਾਵਾਂ ਫੇਲ੍ਹ ਹੋ ਗਈਆਂ ਹਨ। ਰੂਸ ਦੇ ਭਾਰਤ, ਚੀਨ ਸਮੇਤ ਏਸ਼ੀਆ, ਅਰਬ ਮੁਲਕਾਂ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਨਾਲ ਸਬੰਧ ਆਮ ਵਾਂਗ ਹੀ ਰਹੇ ਹਨ। ਇੱਥੋਂ ਤੱਕ ਕਿ ਪਿਛਲੇ ਦਿਨੀਂ 48 ਅਫ਼ਰੀਕੀ ਮੁਲਕਾਂ ਨੇ ਮਾਸਕੋ ਵਿੱਚ ਰੂਸ ਨਾਲ ਸੰਮੇਲਨ ਕੀਤਾ। ਸਭ ਮੁਲਕ ਇਸ ਗੱਲੋਂ ਇਕਸੁਰ ਸਨ ਕਿ ਰ

ਪੰਜਾਬ ਵਿਧਾਨ ਸਭਾ ਚੋਣਾਂ - 2027

ਮੁਫ਼ਤ ਦੀਆਂ ਰਿਓੜੀਆਂ ਬਨਾਮ ਸੂਬੇ ਦੀ ਹੋਂਦ ਦਾ ਸਵਾਲ



ਡਾ. ਅਮਨਪ੍ਰੀਤ ਸਿੰਘ ਬਰਾੜ



ਪੰਜਾਬ ਇੱਕ ਵਾਰ ਫਿਰ ਵਿਧਾਨ ਸਭਾ ਚੋਣਾਂ ਵੱਲ ਵਧ ਰਿਹਾ ਹੈ। ਅੱਜ ਹਰ ਛੋਟਾ-ਵੱਡਾ ਆਗੂ ਵੋਟਾਂ ਖ਼ਾਤਰ ਸੋਸ਼ਲ ਮੀਡੀਆ ਤੋਂ ਲੈ ਕੇ ਸੜਕਾਂ ਤੱਕ ਸਰਗਰਮ ਨਜ਼ਰ ਆ ਰਿਹਾ ਹੈ। ਇਨ੍ਹਾਂ ਵਿੱਚੋਂ ਬਹੁਤੇ ਚਿਹਰੇ ਅਜਿਹੇ ਹਨ, ਜੋ ਪੂਰੇ ਸਾਢੇ ਚਾਰ ਸਾਲਾਂ ਬਾਅਦ ਲੋਕਾਂ ਵਿੱਚ ਦਿਖਾਈ ਦਿੱਤੇ ਹਨ। ਪੰਜਾਬ ਵਿੱਚ ਅੱਜ ਮੁੱਖ ਤੌਰ 'ਤੇ ਪੰਜ ਧਿਰਾਂ ਮੈਦਾਨ ਵਿੱਚ ਹਨ: ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ), ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ)।

ਸੱਤਾਧਾਰੀ 'ਆਪ' ਆਪਣੇ ਕੰਮ ਗਿਣਾ ਰਹੀ ਹੈ, ਪਰ ਨਾਲ ਹੀ ਲੋਕਾਂ ਦੇ ਰੋਹ ਦਾ ਸਾਹਮਣਾ ਵੀ ਕਰ ਰਹੀ ਹੈ। ਕਾਂਗਰਸ ਭਾਵੇਂ ਲੰਮਾ ਸਮਾਂ ਆਪਣੇ ਹੀ ਕਾਟੋ-ਕਲੇਸ਼ ਵਿੱਚ ਉਲਝੀ ਰਹੀ ਹੈ, ਪਰ ਹੁਣ ਉਸ ਅੰਦਰ ਮੁੜ ਕੁਝ ਉਮੀਦ ਜਾਗੀ ਹੈ। ਦੂਜੇ ਪਾਸੇ, ਅਕਾਲੀ ਦਲ ਨੂੰ ਭਾਜਪਾ ਨੇ ਅਜਿਹੀ ਦੁਚਿੱਤੀ ਵਿੱਚ ਪਾਇਆ ਹੋਇਆ ਹੈ ਕਿ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਜੇਕਰ ਕੋਈ ਮੁੱਦਾ ਚੁੱਕਿਆ ਜਾਵੇ ਤਾਂ ਕਿਤੇ ਉਹ ਭਾਜਪਾ ਦੇ ਵਿਰੁੱਧ ਹੀ ਨਾ ਭੁਗਤ ਜਾਵੇ। ਜੇਕਰ ਇਨ੍ਹਾਂ ਦੋਹਾਂ ਦਾ ਗੱਠਜੋੜ ਹੁੰਦਾ ਹੈ, ਤਾਂ ਅਕਾਲੀ ਦਲ ਵੱਲੋਂ ਪਹਿਲਾਂ ਹੀ ਐਲਾਨੇ ਉਮੀਦਵਾਰਾਂ ਦਾ ਕੀ ਬਣੇਗਾ? ਭਾਜਪਾ ਆਗੂ ਕੇਂਦਰ ਸਰਕਾਰ ਦੇ ਕੰਮਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਰਹੇ ਹਨ। ਭਾਵ, ਧਰਾਤਲ 'ਤੇ ਠੋਸ ਪ੍ਰਾਪਤੀ ਕਿਸੇ ਕੋਲ ਵੀ ਨਜ਼ਰ ਨਹੀਂ ਆਉਂਦੀ। 'ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ ਦੇ)' ਮੁੱਖ ਤੌਰ 'ਤੇ ਪੰਥਕ ਮੁੱਦਿਆਂ ਤੱਕ ਹੀ ਸੀਮਤ ਦਿਖਾਈ ਦੇ ਰਿਹਾ ਹੈ।

ਭਾਵੇਂ ਸੱਤਾਧਾਰੀ ਧਿਰ ਨਸ਼ਿਆਂ 'ਤੇ ਰੋਕ ਲਾਉਣ ਨੂੰ ਆਪਣੀ ਵੱਡੀ ਪ੍ਰਾਪਤੀ ਦੱਸ ਰਹੀ ਹੈ, ਪਰ ਜ਼ਮੀਨੀ ਹਕੀਕਤ ਇਸ ਦਾ ਸਾਥ ਨਹੀਂ ਦਿੰਦੀ, ਕਿਉਂਕਿ ਨਿੱਤ ਨਵੇਂ ਦੁਖਾਂਤ ਸਾਹਮਣੇ ਆ ਰਹੇ ਹਨ। ਵਿਰੋਧੀ ਧਿਰਾਂ—ਖ਼ਾਸ ਕਰਕੇ ਕਾਂਗਰਸ ਅਤੇ ਭਾਜਪਾ—ਇਹ ਸਿੱਧ ਕਰਨ ਵਿੱਚ ਲੱਗੀਆਂ ਹੋਈਆਂ ਹਨ ਕਿ ਨਸ਼ਾ ਠੱਲ੍ਹਿਆ ਨਹੀਂ, ਸਗੋਂ ਹੋਰ ਵਧਿਆ ਹੈ। ਇਸ ਮਾਹੌਲ ਵਿੱਚ ਮੋਹਨਜੀਤ ਦੀ ਕੁੱਟਮਾਰ, ਗੁਲਜ਼ਾਰ ਸਿੰਘ ਦੀ ਮੌਤ ਅਤੇ ਪਰਵਿੰਦਰ ਸਿੰਘ ਝੋਟੇ ਦੇ ਕਤਲ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਖ਼ੈਰ, ਅਜਿਹੇ ਪੀੜਤਾਂ ਨੂੰ ਜਿਊਂਦੇ ਜੀਅ ਇਨਸਾਫ਼ ਮਿਲੇ ਨਾ ਮਿਲੇ, ਪਰ ਮਰਨ ਤੋਂ ਬਾਅਦ ਉਨ੍ਹਾਂ ਦੇ ਨਾਂ 'ਤੇ ਸਿਆਸਤ ਚਮਕਾਉਣ ਲਈ ਆਗੂ ਜ਼ਰੂਰ ਪਹੁੰਚ ਜਾਂਦੇ ਹਨ।

ਦੂਜੇ ਪਾਸੇ, ਅੰਮ੍ਰਿਤਸਰ ਦੇ ਇੱਕ ਨਾਮਵਰ ਕਾਲਜ ਦੇ ਪ੍ਰੋਫ਼ੈਸਰ ਨੇ ਜਦੋਂ ਆਪਣੇ ਹੱਕਾਂ ਲਈ ਮੈਨੇਜਮੈਂਟ ਵਿਰੁੱਧ ਆਵਾਜ਼ ਉਠਾਈ ਤਾਂ ਕੋਈ ਸੁਣਵਾਈ ਨਾ ਹੋਈ। ਮਜਬੂਰ ਹੋ ਕੇ ਉਹ ਟ੍ਰਿਬਿਊਨਲ ਕੋਲ ਗਿਆ, ਜਿੱਥੇ ਮੈਨੇਜਮੈਂਟ ਨੂੰ ਫ਼ਟਕਾਰ ਪਈ। ਪਰ ਇਸ ਤੋਂ ਬਾਅਦ ਮੈਨੇਜਮੈਂਟ ਨੇ ਕਥਿਤ ਤੌਰ 'ਤੇ ਉਸ ਲਈ ਅਜਿਹਾ ਦਮਘੋਟੂ ਮਾਹੌਲ ਪੈਦਾ ਕਰ ਦਿੱਤਾ ਕਿ ਉਸ ਨੇ ਖ਼ੁਦਕੁਸ਼ੀ ਕਰ ਲਈ। ਦੁੱਖ ਦੀ ਗੱਲ ਇਹ ਹੈ ਕਿ ਉਸ ਅਧਿਆਪਕ ਦੀ ਮੌਤ ਸਿਆਸੀ ਗਲਿਆਰਿਆਂ ਵਿੱਚ ਕੋਈ ਹਲਚਲ ਪੈਦਾ ਨਾ ਕਰ ਸਕੀ, ਕਿਉਂਕਿ ਉਸ ਮੁੱਦੇ 'ਤੇ ਕਿਸੇ ਸਿਆਸੀ ਵਿਰੋਧੀ ਨੂੰ ਘੇਰਿਆ ਨਹੀਂ ਜਾ ਸਕਦਾ ਸੀ; ਜਦਕਿ ਨਸ਼ਿਆਂ ਦਾ ਮੁੱਦਾ ਸਿੱਧਾ ਵੋਟਾਂ ਨਾਲ ਜੁੜਿਆ ਹੋਇਆ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਮਿਆਰੀ ਸਿੱਖਿਆ ਅਤੇ ਰੁਜ਼ਗਾਰ ਹੀ ਨਸ਼ਿਆਂ ਨੂੰ ਰੋਕਣ ਦਾ ਸਭ ਤੋਂ ਵੱਡਾ ਵਸੀਲਾ ਹਨ, ਜਿਨ੍ਹਾਂ ਵੱਲ ਕਿਸੇ ਵੀ ਸਿਆਸੀ ਧਿਰ ਦਾ ਗੰਭੀਰ ਧਿਆਨ ਨਜ਼ਰ ਨਹੀਂ ਆਉਂਦਾ।

ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਤਕਰੀਬਨ ਹਰ ਪਾਰਟੀ ਦੇ ਚੋਣ ਮਨੋਰਥ ਪੱਤਰ ਵਿੱਚ 'ਮੁਫ਼ਤ ਸਹੂਲਤਾਂ ਦਾ ਫ਼ਲਸਫ਼ਾ' ਪ੍ਰਮੁੱਖ ਰਿਹਾ ਸੀ। ਉਸ ਵੇਲੇ ਕਿਸਾਨ ਅੰਦੋਲਨ ਤਾਜ਼ਾ-ਤਾਜ਼ਾ ਸਮਾਪਤ ਹੋਇਆ ਸੀ ਅਤੇ ਲੋਕਾਂ ਦੇ ਮਨਾਂ ਵਿੱਚ ਰਵਾਇਤੀ ਪਾਰਟੀਆਂ (ਅਕਾਲੀ ਦਲ ਤੇ ਕਾਂਗਰਸ) ਖ਼ਿਲਾਫ਼ ਤਿੱਖਾ ਰੋਸ ਸੀ। ਹਰ ਕੋਈ ਬਦਲਾਅ ਦੀ ਭਾਲ ਵਿੱਚ ਸੀ ਕਿ ਪੁਰਾਣਿਆਂ ਦੀ ਥਾਂ ਨਵਿਆਂ ਨੂੰ ਮੌਕਾ ਦਿੱਤਾ ਜਾਵੇ। ਉਸ ਵੇਲੇ ਮਨੋਰਥ ਪੱਤਰਾਂ ਦੇ ਵਿਹਾਰਕ ਪੱਖਾਂ ਵੱਲ ਧਿਆਨ ਘੱਟ ਸੀ ਅਤੇ ਮੁੱਖ ਮਕਸਦ ਸਿਰਫ਼ ਪੁਰਾਣੇ ਆਗੂਆਂ ਨੂੰ ਹਰਾ ਕੇ ਨਵੀਂ ਧਿਰ ਨੂੰ ਲਿਆਉਣਾ ਸੀ। ਇਸ ਵਾਰ ਵੀ ਭਾਵੇਂ ਨਵੀਆਂ ਸਿਆਸੀ ਸੰਭਾਵਨਾਵਾਂ ਬਣ ਰਹੀਆਂ ਹਨ, ਪਰ ਲੋਕ ਪਿਛਲੇ ਤਜਰਬੇ ਤੋਂ ਬਹੁਤੇ ਸੰਤੁਸ਼ਟ ਨਹੀਂ ਜਾਪਦੇ।

ਇਸ ਵਾਰ ਵੀ ਚੋਣਾਂ ਵਿੱਚ 'ਮੁਫ਼ਤਖ਼ੋਰੀ' ਵਾਲੀਆਂ ਸਕੀਮਾਂ ਦਾ ਬੋਲਬਾਲਾ ਰਹਿਣ ਦੇ ਆਸਾਰ ਹਨ। ਮੌਜੂਦਾ ਸਮੇਂ ਕਈ ਪਰਿਵਾਰਾਂ ਨੂੰ ਵੱਖ-ਵੱਖ ਸਕੀਮਾਂ ਰਾਹੀਂ ਪ੍ਰਤੀ ਮਹੀਨਾ 4,000 ਤੋਂ 4,500 ਰੁਪਏ ਤੱਕ ਦੀ ਰਾਹਤ ਮਿਲ ਰਹੀ ਹੈ। ਇਸ ਵਿੱਚ 300 ਯੂਨਿਟ ਮੁਫ਼ਤ ਬਿਜਲੀ, ਔਰਤਾਂ ਲਈ ਵਿੱਤੀ ਸਹਾਇਤਾ, ਕਾਰਡ ਧਾਰਕਾਂ ਲਈ ਮੁਫ਼ਤ ਰਾਸ਼ਨ ਕਿੱਟਾਂ, ਮੁਫ਼ਤ ਬੱਸ ਸਫ਼ਰ ਅਤੇ ਬਜ਼ੁਰਗਾਂ ਲਈ ਤੀਰਥ ਯਾਤਰਾ ਵਰਗੀਆਂ ਸਹੂਲਤਾਂ ਸ਼ਾਮਲ ਹਨ। ਹੁਣ ਵੱਡਾ ਸਵਾਲ ਇਹ ਹੈ ਕਿ ਲੋਕ ਪੰਜਾਬ ਦੇ ਦੂਰਅੰਦੇਸ਼ੀ ਭਵਿੱਖ ਅਤੇ ਖ਼ੁਸ਼ਹਾਲੀ ਵੱਲ ਧਿਆਨ ਦੇਣਗੇ ਜਾਂ ਸਿਰਫ਼ ਮੁਫ਼ਤ ਦੀਆਂ ਰਿਓੜੀਆਂ ਵੱਲ? ਜੇਕਰ ਅੱਗੇ ਵੀ ਸਰਕਾਰਾਂ ਸਿਰਫ਼ ਮੁਫ਼ਤ ਵੰਡਣ ਦੇ ਆਧਾਰ 'ਤੇ ਹੀ ਬਣਦੀਆਂ ਰਹੀਆਂ, ਤਾਂ ਕਰਜ਼ੇ ਦੇ ਬੋਝ ਹੇਠ ਦੱਬੇ ਪੰਜਾਬ ਦਾ ਕੀ ਬਣੇਗਾ, ਜਿਸ ਨੂੰ ਅੱਜ ਪੁਰਾਣੇ ਕਰਜ਼ੇ ਮੋੜਨ ਲਈ ਨਵਾਂ ਕਰਜ਼ਾ ਲੈਣਾ ਪੈ ਰਿਹਾ ਹੈ? ਦੂਜੇ ਪਾਸੇ, ਮੁਫ਼ਤਖ਼ੋਰੀ ਦੀ ਆਦਤ ਸੂਬੇ ਦੇ ਕੰਮ-ਸੱਭਿਆਚਾਰ ਨੂੰ ਵੀ ਢਾਹ ਲਾ ਰਹੀ ਹੈ।

ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਬਣੇ, ਸੂਬੇ ਨੂੰ ਮੁੜ ਲੀਹ 'ਤੇ ਲਿਆਉਣਾ ਲਾਜ਼ਮੀ ਹੈ। ਜੇਕਰ ਪੰਜਾਬ ਨੂੰ ਕਰਜ਼ੇ ਦੇ ਜਾਲ ਵਿੱਚੋਂ ਕੱਢਣਾ ਹੈ, ਤਾਂ ਸਿਆਸੀ ਧਿਰਾਂ ਨੂੰ ਗ਼ੈਰ-ਵਿਹਾਰਕ ਮੁਫ਼ਤ ਵਾਅਦਿਆਂ ਤੋਂ ਗੁਰੇਜ਼ ਕਰਨਾ ਪਵੇਗਾ ਅਤੇ ਲੋਕਾਂ ਨੂੰ ਵੀ ਇਨ੍ਹਾਂ ਪਿੱਛੇ ਭੱਜਣਾ ਛੱਡਣਾ ਪਵੇਗਾ।

ਅੱਜ ਨਸ਼ਿਆਂ ਕਾਰਨ ਰੋਜ਼ਾਨਾ ਨੌਜਵਾਨ ਜਾਨ ਗੁਆ ਰਹੇ ਹਨ, ਜਿਨ੍ਹਾਂ ਵਿੱਚੋਂ ਕਈ ਮੌਤਾਂ ਤਾਂ ਪੁਲਿਸ ਅਤੇ ਪੋਸਟਮਾਰਟਮ ਦੇ ਡਰੋਂ ਪਰਿਵਾਰ ਜਨਤਕ ਹੀ ਨਹੀਂ ਕਰਦੇ। ਚੋਣਾਂ ਨੇੜੇ ਆਉਂਦਿਆਂਹੀ ਸਿਆਸੀ ਧਿਰਾਂ ਇਸ ਮੁੱਦੇ 'ਤੇ ਰੋਟੀਆਂ ਸੇਕਣ ਲੱਗ ਪੈਂਦੀਆਂ ਹਨ, ਪਰ ਕਿਸੇ ਕੋਲ ਵੀ ਇਸ ਨੂੰ ਜੜ੍ਹੋਂ ਮੁਕਾਉਣ ਦਾ ਠੋਸ ਖ਼ਾਕਾ (ਰੋਡਮੈਪ) ਨਹੀਂ ਹੈ। ਨਸ਼ਿਆਂ ਦੀਆਂ ਤਾਰਾਂ ਸਿੱਧੀਆਂ ਬੇਰੁਜ਼ਗਾਰੀ, ਖੋਖਲੀ ਸਿੱਖਿਆ ਪ੍ਰਣਾਲੀ ਅਤੇ ਨਿਘਾਰ ਵੱਲ ਜਾ ਰਹੇ ਸਮਾਜਿਕ ਤਾਣੇ-ਬਾਣੇ ਨਾਲ ਜੁੜੀਆਂ ਹਨ। ਦੁਖਾਂਤ ਇਹ ਵੀ ਹੈ ਕਿ ਜੋ ਆਮ ਨਾਗਰਿਕ ਨਸ਼ਾ ਤਸਕਰਾਂ ਵਿਰੁੱਧ ਆਵਾਜ਼ ਚੁੱਕਦਾ ਹੈ, ਉਸ ਦੀ ਜਾਨ ਨੂੰ ਖ਼ਤਰਾ ਬਣ ਜਾਂਦਾ ਹੈ।

ਬੇਰੁਜ਼ਗਾਰੀ, ਸਿੱਖਿਆ ਪ੍ਰਣਾਲੀ ਦਾ ਸੁਧਾਰ, ਰੇਤ ਮਾਫ਼ੀਆ, ਆਬਕਾਰੀ ਨੀਤੀ ਅਤੇ ਮਹਿੰਗਾਈ ਵਰਗੇ ਅਸਲ ਮੁੱਦਿਆਂ 'ਤੇ ਠੋਸ ਬਹਿਸ ਗ਼ਾਇਬ ਹੈ। ਆਮ ਲੋਕਾਂ ਵਿੱਚ ਵੀ ਇਹ ਭਾਵਨਾ ਘਰ ਕਰ ਗਈ ਹੈ ਕਿ ਸ਼ਾਇਦ ਹੁਣ ਕੁਝ ਬਦਲਣ ਵਾਲਾ ਨਹੀਂ, ਜੋ ਕਿ ਡੂੰਘੀ ਬੇਵਿਸ਼ਵਾਸੀ ਦੀ ਨਿਸ਼ਾਨੀ ਹੈ।

ਨਸ਼ਾ ਅੱਜ ਪੰਜਾਬ ਦੀ ਹੋਂਦ ਲਈ ਵੱਡਾ ਸੰਕਟ ਬਣ ਚੁੱਕਾ ਹੈ। ਜਿਹੜੀ ਵੀ ਪਾਰਟੀ ਅਗਵਾਈ ਕਰਨਾ ਚਾਹੁੰਦੀ ਹੈ, ਉਸ ਨੂੰ ਨਾਅਰੇਬਾਜ਼ੀ ਦੀ ਥਾਂ ਵਿਸਥਾਰਤ ਕਾਰਜ-ਯੋਜਨਾ ਲੋਕਾਂ ਸਾਹਮਣੇ ਰੱਖਣੀ ਚਾਹੀਦੀ ਹੈ। ਸਿਰਫ਼ ਇਹ ਦਾਅਵਾ ਕਰਨਾ ਕਾਫ਼ੀ ਨਹੀਂ ਹੋਵੇਗਾ ਕਿ ਫ਼ਲਾਣੇ ਸਾਲ ਤੱਕ ਨਸ਼ਾ ਖ਼ਤਮ ਕਰ ਦਿੱਤਾ ਜਾਵੇਗਾ, ਕਿਉਂਕਿ ਲੋਕ ਸਭ ਦੀ ਕਾਰਗੁਜ਼ਾਰੀ ਦੇਖ ਚੁੱਕੇ ਹਨ। ਦੂਜੇ ਪਾਸੇ, ਜਿਹੜੇ ਚੁਣੇ ਹੋਏ ਨੁਮਾਇੰਦੇ ਕੱਲ੍ਹ ਤੱਕ ਸਾਈਕਲਾਂ-ਮੋਟਰਸਾਈਕਲਾਂ @ਤੇ ਸਨ, ਉਹ ਕਰੋੜਾਂ ਦੀਆਂ ਗੱਡੀਆਂ ਵਿੱਚ ਘੁੰਮ ਰਹੇ ਹਨ, ਪਰ ਆਮ ਲੋਕ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਹਨ।

ਅੱਜ ਹਰ ਪੰਜਾਬੀ ਨੂੰ ਇਹ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ ਕਿ ਪੰਜਾਬ ਦੀ ਹੋਂਦ ਅਤੇ ਆਰਥਿਕਤਾ ਨੂੰ ਕਿਵੇਂ ਬਚਾਇਆ ਜਾਵੇ। ਨਸ਼ਿਆਂ ਨਾਲੋਂ ਆਬਕਾਰੀ ਅਤੇ ਰੇਤ ਮਾਫ਼ੀਆ ਨੂੰ ਨੱਥ ਪਾਉਣੀ ਮੁਕਾਬਲਤਨ ਸੌਖੀ ਸੀ, ਪਰ ਇੱਛਾ-ਸ਼ਕਤੀ ਦੀ ਘਾਟ ਕਾਰਨ ਉਹ ਵੀ ਨਾ ਹੋ ਸਕਿਆ; ਬਸ ਸੱਤਾ ਬਦਲਣ ਨਾਲ ਚਿਹਰੇ ਹੀ ਬਦਲੇ ਹਨ। ਪੰਜਾਬ ਦੇ ਬਚਾਅ ਲਈ ਹੁਣ ਨਾਗਰਿਕਾਂ ਅਤੇ ਲੀਡਰਸ਼ਿਪ ਦੋਵਾਂ ਨੂੰ ਨਿੱਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਸੋਚਣਾ ਪਵੇਗਾ।

ਸੋਨੀਆ ਗਾਂਧੀ ਨੇ ਕਾਂਗਰਸ ਨੂੰ ਹੋਂਦ ਦੇ ਸੰਕਟ 'ਚੋਂ ਕਿਵੇਂ ਕੱਢਿਆ?



ਆਸ਼ੂਤੋਸ਼
ਸੀਨੀਅਰ ਪੱਤਰਕਾਰ

ਇਹ ਗੱਲ ਸਾਲ 2004 ਦੀ ਹੈ, ਜਦੋਂ ਲੋਕ ਸਭਾ ਚੋਣਾਂ ਦੇ ਨਤੀਜੇ ਆਏ ਤਾਂ ਕਾਂਗਰਸ ਅੱਗੇ ਸੀ ਅਤੇ ਭਾਜਪਾ ਪਿੱਛੇ ਰਹਿ ਗਈ ਸੀ। ਕਾਂਗਰਸ ਨੇ ਸਰਕਾਰ ਬਣਾਉਣ ਲਈ ਪਹਿਲਕਦਮੀ ਕਰਦਿਆਂ ਆਪਣੇ ਸਾਰੇ ਸਹਿਯੋਗੀਆਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ। ਕਾਂਗਰਸ ਸੰਸਦੀ ਦਲ ਦੀ ਬੈਠਕ ਵਿੱਚ ਸੋਨੀਆ ਗਾਂਧੀ ਨੂੰ ਸਰਬਸੰਮਤੀ ਨਾਲ ਆਗੂ ਚੁਣ ਲਿਆ ਗਿਆ ਅਤੇ ਦਿੱਲੀ ਦੇ ਸਿਆਸੀ ਗਲਿਆਰਿਆਂ ਵਿੱਚ ਖ਼ਬਰ ਫੈਲ ਗਈ ਕਿ ਉਹ ਦੇਸ਼ ਦੀ ਅਗਲੀ ਪ੍ਰਧਾਨ ਮੰਤਰੀ ਹੋਣਗੇ। ਪਰ ਫਿਰ ਇੱਕ ਅਣਕਿਆਸਾ ਮੋੜ ਆਇਆ ਅਤੇ ਸੋਨੀਆ ਗਾਂਧੀ ਨੇ ਇਸ ਅਹੁਦੇ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਕਾਂਗਰਸ ਅੰਦਰ ਹਫ਼ੜਾ-ਦਫ਼ੜੀ ਮਚ ਗਈ; ਵਰਕਰ ਸੜਕਾਂ 'ਤੇ ਉੱਤਰ ਆਏ ਅਤੇ ਪ੍ਰਦਰਸ਼ਨ ਕਰਕੇ ਮੰਗ ਕਰਨ ਲੱਗੇ ਕਿ ਸੋਨੀਆ ਗਾਂਧੀ ਹੀ ਪ੍ਰਧਾਨ ਮੰਤਰੀ ਬਣਨ। ਪਰ ਸੋਨੀਆ ਗਾਂਧੀ ਆਪਣੇ ਫ਼ੈਸਲੇ 'ਤੇ ਅਡੋਲ ਰਹੇ ਅਤੇ ਆਖ਼ਰਕਾਰ ਡਾ. ਮਨਮੋਹਨ ਸਿੰਘ ਦੇਸ਼ ਦੇ ਪ੍ਰਧਾਨ ਮੰਤਰੀ ਬਣੇ।

ਸੋਨੀਆ ਗਾਂਧੀ ਨੇ ਇਸ ਬਾਰੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਮਨ ਪਹਿਲਾਂ ਤੋਂ ਹੀ ਸਾਫ਼ ਸੀ ਕਿ ਉਹ ਪ੍ਰਧਾਨ ਮੰਤਰੀ ਨਹੀਂ ਬਣਨਗੇ। ਹਾਲਾਂਕਿ ਇਹ ਉਹ ਪਲ ਸੀ, ਜਦੋਂ ਵਿਦੇਸ਼ੀ ਮੂਲ ਦੇ ਉੱਠ ਰਹੇ ਸਵਾਲਾਂ ਦੇ ਬਾਵਜੂਦ ਉਹ ਆਸਾਨੀ ਨਾਲ ਪ੍ਰਧਾਨ ਮੰਤਰੀ ਬਣ ਸਕਦੇ ਸਨ। ਉਸ ਵੇਲੇ ਪਾਰਟੀ ਜਾਂ ਗੱਠਜੋੜ ਦੇ ਕਿਸੇ ਵੀ ਸਹਿਯੋਗੀ ਨੇ ਉਨ੍ਹਾਂ ਦਾ ਵਿਰੋਧ ਨਹੀਂ ਸੀ ਕੀਤਾ। ਪ੍ਰਧਾਨ ਮੰਤਰੀ ਦੀ ਉਹ ਕੁਰਸੀ, ਜਿਸ ਨੂੰ ਹਾਸਲ ਕਰਨ ਲਈ ਸਿਆਸਤਦਾਨ ਕਿਸੇ ਦੀ ਪਿੱਠ ਵਿੱਚ ਛੁਰਾ ਮਾਰਨ ਤੱਕ ਚਲੇ ਜਾਂਦੇ ਹਨ, ਉਸ ਅਹੁਦੇ ਨੂੰ ਸੋਨੀਆ ਗਾਂਧੀ ਨੇ ਖ਼ੁਦ ਠੁਕਰਾ ਦਿੱਤਾ ਸੀ।

ਇਹ ਪਹਿਲੀ ਵਾਰ ਨਹੀਂ ਹੋਇਆ ਸੀ। ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਵੀ ਪੂਰੀ ਕਾਂਗਰਸ ਪਾਰਟੀ ਨੇ ਸੋਨੀਆ ਗਾਂਧੀ ਕੋਲ ਪਹੁੰਚ ਕਰਕੇ ਨਹਿਰੂ-ਗਾਂਧੀ ਪਰਿਵਾਰ ਦੀ ਵਿਰਾਸਤ ਸੰਭਾਲਣ ਲਈ ਦਬਾਅ ਪਾਇਆ ਸੀ, ਪਰ ਉਨ੍ਹਾਂ ਨੇ ਉਦੋਂ ਵੀ ਇਨਕਾਰ ਕਰ ਦਿੱਤਾ ਸੀ। ਜੇਕਰ ਉਹ ਉਸ ਸਮੇਂ ਹਾਮੀ ਭਰ ਦਿੰਦੇ ਤਾਂ ਉਦੋਂ ਹੀ ਪ੍ਰਧਾਨ ਮੰਤਰੀ ਬਣ ਸਕਦੇ ਸਨ। ਉਨ੍ਹਾਂ ਨੇ ਇੱਕ ਨਹੀਂ, ਸਗੋਂ ਦੋ-ਦੋ ਵਾਰ ਸੱਤਾ ਨੂੰ ਠੁਕਰਾਇਆ। ਸੱਤਾ ਦਾ ਲਾਲਚ ਵਿਅਕਤੀ ਤੋਂ ਕੀ ਕੁਝ ਨਹੀਂ ਕਰਵਾ ਲੈਂਦਾ, ਪਰ ਸੋਨੀਆ ਗਾਂਧੀ ਨੇ ਕਦੇ ਵੀ ਛੋਟਾਪਣ ਨਹੀਂ ਦਿਖਾਇਆ। ਉਹ ਤਾਂ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਦੇ ਵੀ ਵਿਰੁੱਧ ਸਨ,



ਕਿਉਂਕਿ ਉਹ ਇੱਕ ਆਮ ਤੇ ਸ਼ਾਂਤ ਜੀਵਨ ਜਿਊਣਾ ਚਾਹੁੰਦੇ ਸਨ। ਉਹ ਜਿੰਨਾ ਜ਼ਿਆਦਾ ਸੱਤਾ ਤੋਂ ਦੂਰ ਭੱਜੇ, ਸੱਤਾ ਓਨੀ ਹੀ ਉਨ੍ਹਾਂ ਦੇ ਨੇੜੇ ਆਉਂਦੀ ਗਈ। ਬਾਅਦ ਵਿੱਚ ਕਾਂਗਰਸ ਨੂੰ ਹੋਂਦ ਦੇ ਸੰਕਟ ਵਿੱਚੋਂ ਕੱਢਣ ਲਈ ਹੀ ਉਹ ਪਾਰਟੀ ਪ੍ਰਧਾਨ ਬਣੇ। ਉਨ੍ਹਾਂ ਦਾ ਜਨਤਕ ਆਚਰਣ ਹਮੇਸ਼ਾ ਮਰਿਆਦਾਪੂਰਨ ਰਿਹਾ ਹੈ। ਇਹੀ ਉਹ ਨੁਕਤਾ ਹੈ ਜਿੱਥੇ ਇੰਦਰਾ ਗਾਂਧੀ ਦੀ ਦੂਜੀ ਨੂੰਹ ਮੇਨਕਾ ਗਾਂਧੀ ਪਛੜ ਗਏ, ਸੋਨੀਆ ਗਾਂਧੀ ਅੱਜ ਵੀ ਕਾਂਗਰਸ ਵਿੱਚ ਅੰਤਿਮ ਫ਼ੈਸਲਾਕੁੰਨ ਸ਼ਖ਼ਸੀਅਤ ਹਨ, ਜਦਕਿ ਮੇਨਕਾ ਗਾਂਧੀ ਸਰਗਰਮ ਸਿਆਸਤ ਵਿੱਚ ਹਾਸ਼ੀਏ 'ਤੇ ਚਲੇ ਗਏ ਹਨ।

ਸੋਨੀਆ ਗਾਂਧੀ ਦੀ ਖ਼ਾਸੀਅਤ ਸਿਰਫ਼ ਇਹ ਨਹੀਂ ਰਹੀ ਕਿ ਉਹ ਨਹਿਰੂ-ਗਾਂਧੀ ਪਰਿਵਾਰ ਨਾਲ ਜੁੜੇ ਹੋਏ ਹਨ, ਸਗੋਂ ਇਹ ਹੈ ਕਿ ਉਨ੍ਹਾਂ ਨੇ ਇਸ ਪਰਿਵਾਰ ਦੀ ਇਤਿਹਾਸਕ ਵਿਰਾਸਤ ਨੂੰ ਬਚਾਉਣ ਲਈ ਪੂਰੀ ਵਾਹ ਲਾਈ। ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਉਨ੍ਹਾਂ ਕੋਲ ਇਟਲ

ਰੁਜ਼ਗਾਰ ਤੇ ਸਨਮਾਨਜਨਕ ਜ਼ਿੰਦਗੀ ਯਕੀਨੀ ਬਣਾਏ ਮੋਦੀ ਸਰਕਾਰ

ਪੂਰਨ ਚੰਦ ਸਰੀਨ



ਵਿਸ਼ਵ ਬੈਂਕ ਦੇ ਅੰਕੜਿਆਂ ਨੇ ਸਰਕਾਰ ਨੂੰ ਆਪਣੀ ਪਿੱਠ ਥਾਪੜਨ ਅਤੇ ਵਿਰੋਧੀਆਂ ਦੀ ਆਲੋਚਨਾ ਨੂੰ ਠੱਲ੍ਹ ਪਾਉਣ ਦਾ ਮੌਕਾ ਜ਼ਰੂਰ ਦਿੱਤਾ ਹੈ, ਪਰ ਅਸਲ ਸਵਾਲ ਇਹ ਹੈ ਕਿ ਆਮ ਨਾਗਰਿਕਾਂ ਦੇ ਜੀਵਨ ਵਿੱਚ ਅਸਲ ਵਿੱਚ ਕਿੰਨਾ ਕੁ ਬਦਲਾਅ ਆਇਆ ਹੈ? ਵਿਸ਼ਵ ਬੈਂਕ ਦੀ ਅਪ੍ਰੈਲ 2026 ਦੀ ਰਿਪੋਰਟ ਅਨੁਸਾਰ, 2011-12 ਤੋਂ 2023-24 ਦਰਮਿਆਨ ਭਾਰਤ ਵਿੱਚ ਘੱਟ-ਮੱਧਮ-ਆਮਦਨ ਵਾਲੇ ਦੇਸ਼ਾਂ ਲਈ ਨਿਰਧਾਰਤ ਗ਼ਰੀਬੀ ਰੇਖਾ (ਪ੍ਰਤੀ ਵਿਅਕਤੀ ਆਮਦਨ 396 ਰੁਪਏ ਪ੍ਰਤੀ ਦਿਨ, 2021 ਦੀ ਖ਼ਰੀਦ ਸ਼ਕਤੀ ਦੇ ਆਧਾਰ 'ਤੇ) ਹੇਠ ਰਹਿਣ ਵਾਲੀ ਆਬਾਦੀ ਲਗਭਗ 58 ਫ਼ੀਸਦੀ ਤੋਂ ਘਟ ਕੇ 16 ਫ਼ੀਸਦੀ ਰਹਿ ਗਈ ਹੈ। ਇਸ ਦਾ ਭਾਵ ਇਹ ਲਿਆ ਜਾ ਰਿਹਾ ਹੈ ਕਿ ਲਗਭਗ 50 ਕਰੋੜ ਲੋਕ ਗ਼ਰੀਬੀ ਰੇਖਾ ਤੋਂ ਉੱਪਰ ਉੱਠੇ ਹਨ। ਇਸੇ ਤਰ੍ਹਾਂ ਅਤਿ ਗ਼ਰੀਬੀ (283 ਰੁਪਏ ਪ੍ਰਤੀ ਦਿਨ ਤੋਂ ਘੱਟ ਕਮਾਈ) ਦਾ ਅਨੁਪਾਤ ਵੀ 27 ਫ਼ੀਸਦੀ ਤੋਂ ਘਟ ਕੇ 2.5 ਫ਼ੀਸਦੀ ਰਹਿ ਗਿਆ ਹੈ ਪਰ ਧਿਆਨ ਦੇਣ ਯੋਗ ਪਹਿਲੂ ਇਹ ਹੈ ਕਿ ਇਹ ਅੰਕੜਾ 2021 ਦੀ ਖ਼ਰੀਦ ਸ਼ਕਤੀ 'ਤੇ ਆਧਾਰਿਤ ਹੈ, ਜਦਕਿ ਮੌਜੂਦਾ ਮਹਿੰਗਾਈ ਦੇ ਦੌਰ ਵਿੱਚ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਆਮਦਨ ਅੱਜ ਕਿਸੇ ਪਰਿਵਾਰ ਦੇ ਜੀਵਨ ਨੂੰ ਸੱਚਮੁੱਚ ਖ਼ੁਸ਼ਹਾਲ, ਸੁਰੱਖਿਅਤ ਅਤੇ ਸਵੈ-ਨਿਰਭਰ ਬਣਾ ਸਕਦੀ ਹੈ?

ਇਨ੍ਹਾਂ ਅੰਕੜਿਆਂ ਦਾ ਰਾਜਨੀਤਿਕ ਪਹਿਲੂ ਕਾਫ਼ੀ ਦਿਲਚਸਪ ਹੈ। ਸੱਤਾਧਾਰੀ ਧਿਰ ਇਸ ਨੂੰ ਆਪਣੀਆਂ ਨੀਤੀਆਂ ਅਤੇ ਲੀਡਰਸ਼ਿਪ ਦੀ ਵੱਡੀ ਕਾਮਯਾਬੀ ਵਜੋਂ ਪੇਸ਼ ਕਰਦੀ ਹੈ, ਜਦਕਿ ਵਿਰੋਧੀ ਧਿਰ ਹਰ ਕਮੀ ਲਈ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੀ ਹੈ। ਗ਼ਰੀਬੀ ਘਟਾਉਣਾ ਕਿਸੇ ਇੱਕ ਸਰਕਾਰ ਦਾ ਕੰਮ ਨਹੀਂ, ਸਗੋਂ ਇਹ ਇੱਕ ਨਿਰੰਤਰ ਪ੍ਰਕਿਰਿਆ ਹੈ ਜਿਸ ਵਿੱਚ ਆਰਥਿਕ ਵਿਕਾਸ, ਲੋਕਾਂ ਦੀ ਸਖ਼ਤ ਮਿਹਨਤ, ਖੇਤੀਬਾੜੀ, ਉਦਯੋਗ ਅਤੇ ਸਮੇਂ-ਸਮੇਂ ਦੀਆਂ ਨੀਤੀਆਂ ਅਹਿਮ ਭੂਮਿਕਾ ਨਿਭਾਉਂਦੀਆਂਹਨ। ਸਿਆਸਤਦਾਨਾਂ ਲਈ ਗ਼ਰੀਬ ਅਕਸਰ ਸਿਰਫ਼ ਲਾਭਪਾਤਰੀ ਜਾਂ ਵੋਟਰ ਬਣ ਕੇ ਰਹਿ ਜਾਂਦੇ ਹਨ। ਚੋਣਾਂ ਦੌਰਾਨ ਚੋਣ-ਮੈਨੀਫੈਸਟੋਆਂ ਅਤੇ ਭਾਸ਼ਣਾਂ ਵਿੱਚ ਉਨ੍ਹਾਂ ਦਾ ਜ਼ਿਕਰ ਤਾਂ ਖ਼ੂਬ ਹੁੰਦਾ ਹੈ, ਪਰ ਚੋਣਾਂ ਮਗਰੋਂ ਉਨ੍ਹਾਂ ਦੇ ਜੀਵਨ ਵਿੱਚ ਆਈ ਜ਼ਮੀਨੀ ਤਬਦੀਲੀ ਦਾ ਕੋਈ ਹਿਸਾਬ ਨਹੀਂ ਮੰਗਦਾ।

ਲਗਭਗ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ, ਕਿਸਾਨਾਂ ਨੂੰ ਸਾਲਾਨਾ ਸਨਮਾਨ ਨਿਧੀ, ਉੱਜਵਲਾ ਯੋਜਨਾ ਤਹਿਤ ਰਸੋਈ ਗੈਸ, ਸਸਤੇ ਮਕਾਨ, ਸਿਹਤ ਬੀਮਾ ਅਤੇ ਔਰਤਾਂ ਨੂੰ ਨਕਦ ਸਹਾਇਤਾ ਵਰਗੀਆਂ ਸਕੀਮਾਂ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਜ਼ੁਰਗਾਂ, ਵਿਧਵਾਵਾਂ ਅਤੇ ਦਿਵਿਆਂਗਾਂ ਨੂੰ ਸਮਾਜਿਕ ਸੁਰੱਖਿਆ ਦੇਣਾ ਕਲਿਆਣਕਾਰੀ ਰਾਜ ਦਾ ਫ਼ਰਜ਼ ਹੈ। ਪ੍ਰੰਤੂ 'ਰਾਹਤ' ਅਤੇ 'ਟਿਕਾਊ ਵਿਕਾਸ' ਦੋ ਵੱਖਰੇ ਸੰਕਲਪ ਹਨ। ਮੁਫ਼ਤ ਗੈਸ ਕੁਨੈਕਸ਼ਨ ਮਿਲਣਾ ਇੱਕ ਗੱਲ ਹੈ ਅਤੇ ਸਿਲੰਡਰ ਨਿਯਮਿਤ ਤੌਰ 'ਤੇ ਭਰਵਾਉਣ ਦੀ ਆਰਥਿਕ ਸਮਰੱਥਾ ਹੋਣਾ ਦੂਜੀ। ਮੁਫ਼ਤ ਰਾਸ਼ਨ ਪੇਟ ਭਰਨ ਲਈ ਤਾਂ ਠੀਕ ਹੈ, ਪਰ ਇਹ ਪਰਿਵਾਰ ਨੂੰ ਸਥਾਈ ਆਮਦਨ ਨਹੀਂ ਦੇ ਸਕਦਾ। ਸਵਾਲ ਇਹ ਹੈ ਕਿ ਕੀ ਇਨ੍ਹਾਂ ਯੋਜਨਾਵਾਂ ਨੇ ਗ਼ਰੀਬਾਂ ਦੇ ਜੀਵਨ ਵਿੱਚ ਕੋਈ ਲੰਮੇ ਸਮੇਂ ਦਾ ਬਦਲਾਅ ਲਿਆਂਦਾ ਹੈ? ਕੀ ਬੱਚਿਆਂ ਦੀ ਸਿੱਖਿਆ ਦਾ ਮਿਆਰ ਸੁਧਰਿਆ, ਕੀ ਔਰਤਾਂ ਨੂੰ ਅਸਲ ਆਰਥਿਕ ਆਜ਼ਾਦੀ ਮਿਲੀ, ਜਾਂ ਕੀ ਨੌਜਵਾਨਾਂ ਨੂੰ ਲੋੜੀਂਦਾ ਹੁਨਰ ਤੇ ਰੁਜ਼ਗਾਰ ਮਿਲ ਸਕਿਆ?

ਅੱਜ ਦਾ ਪੜ੍ਹਿਆ-ਲਿਖਿਆ ਨੌਜਵਾਨ ਸਿਰਫ਼ ਸਰਕਾਰੀ ਰਾਹਤ ਦਾ ਮੁਥਾਜ ਨਹੀਂ ਰਹਿਣਾ ਚਾਹੁੰਦਾ; ਉਹ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਰਾਹੀਂ ਆਪਣੇ ਪਰਿਵਾਰ ਦਾ ਭਵਿੱਖ ਸੁਰੱਖਿਅਤ ਕਰਨਾ ਚਾਹੁੰਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ 15 ਤੋਂ 29 ਸਾਲ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ ਚਿੰਤਾਜਨਕ ਹੈ ਅਤੇ ਸਿਰਫ਼ 5 ਫ਼ੀਸਦੀ ਨੌਜਵਾਨਾਂ ਕੋਲ ਹੀ ਪੇਸ਼ੇਵਰ ਜਾਂ ਤਕਨੀਕੀ ਸਿਖਲਾਈ ਹੈ। ਹੁਨਰ ਅਤੇ ਬਾਜ਼ਾਰ ਦੀ ਲੋੜ ਦਰਮਿਆਨ ਇੱਕ ਵੱਡਾ ਪਾੜਾ ਹੈ। ਦੂਜੇ ਪਾਸੇ, ਜੇਕਰ ਕੋਈ ਨੌਜਵਾਨ ਆਪਣਾ ਕਾਰੋਬਾਰ ਸ਼ੁਰੂ ਕਰਨ ਦਾ ਯਤਨ ਕਰਦਾ ਹੈ, ਤਾਂ ਉਸ ਨੂੰ ਬੈਂਕ ਕਰਜ਼ਿਆਂ, ਲਾਇਸੈਂਸਾਂ, ਸਰਕਾਰੀ ਪ੍ਰਵਾਨਗੀਆਂ ਅਤੇ ਭ੍ਰਿਸ਼ਟਾਚਾਰ ਦੀਆਂ ਅੜਚਣਾਂ ਨਾਲ ਜੂਝਣਾ ਪੈਂਦਾ ਹੈ। ਨੌਜਵਾਨਾਂ ਦੀ ਊਰਜਾ ਉਤਪਾਦਨ ਅਤੇ ਵਿਕਾਸ ਵਿੱਚ ਲੱਗਣ ਦੀ ਬਜਾਏ ਲਾਲ-ਫ਼ੀਤਾਸ਼ਾਹੀ ਨਾਲ ਨਜਿੱਠਣ ਵਿੱਚ ਅਜਾਈਂ ਚਲੀ ਜਾਂਦੀ ਹੈ। ਦੁੱਖ ਦੀ ਗੱਲ ਇਹ ਹੈ ਕਿ ਜਦੋਂ ਨਿਰਾਸ਼ ਨੌਜਵਾਨ ਆਪਣੇ ਹੱਕਾਂ ਲਈ ਸੜਕਾਂ 'ਤੇ ਉਤਰਦੇ ਹਨ, ਤਾਂ ਉਨ੍ਹਾਂ ਨੂੰ ਗੱਲਬਾਤ ਰਾਹੀਂ ਸੁਣਨ ਦੀ ਥਾਂ ਡਾਂਗਾਂ ਅਤੇ ਹੰਝੂ ਗੈਸ ਦੇ ਗੋਲਿਆਂ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਯੂਰੋਪੀ ਦੇਸ਼ਾਂ ਵਿੱਚ ਵਿਆਪਕ ਸਮਾਜਿਕ ਸੁਰੱਖਿਆ ਪ੍ਰਣਾਲੀ ਮੌਜੂਦ ਹੈ, ਪਰ ਉਸ ਦੇ ਨਾਲ ਹੀ ਉਹ ਹੁਨਰ ਵਿਕਾਸ, ਅਪ੍ਰੈਂਟਿਸਸ਼ਿਪ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਨੂੰ ਪਹਿਲ ਦਿੰਦੇ ਹਨ। ਜਰਮਨੀ ਦਾ 'ਦੋਹਰੀ ਕਿੱਤਾਮੁਖੀ ਸਿਖਲਾਈ ਮਾਡਲ' ਸਿੱਖਿਆ ਦੇ ਨਾਲ-ਨਾਲ ਉਦਯੋਗਿਕ ਤਜਰਬਾ ਪ੍ਰਦਾਨ ਕਰਦਾ ਹੈ। ਚੀਨ, ਵੀਅਤਨਾਮ ਅਤੇ ਬੰਗਲਾਦੇਸ਼ ਵਰਗੇ ਦੇਸ਼ਾਂ ਨੇ ਨਿਰਮਾਣ ਅਤੇ ਨਿਰਯਾਤ ਖੇਤਰ ਨੂੰ ਮਜ਼ਬੂਤ ਕਰਕੇ ਗ਼ਰੀਬੀ ਘਟਾਈ ਹੈ। ਸਾਡੇ ਮੁਲਕ ਵਿੱਚ ਸਮੱਸਿਆ ਇਹ ਹੈ ਕਿ ਮੁਫ਼ਤ ਸਹੂਲਤਾਂ ਨੂੰ ਚੋਣ ਜਿੱਤਣ ਦਾ ਮੁੱਖ ਜ਼ਰੀਆ ਬਣਾ ਲਿਆ ਗਿਆ ਹੈ। ਜਦੋਂ ਸਰਕਾਰੀ ਖ਼ਜ਼ਾਨੇ ਦਾ ਵੱਡਾ ਹਿੱਸਾ ਚੋਣਵੀਂਆਂ ਰਿਆਇਤਾਂ 'ਤੇ ਖ਼ਰਚ ਹੋ ਜਾਂਦਾ ਹੈ, ਤਾਂ ਸਕੂਲਾਂ, ਹਸਪਤਾਲਾਂ, ਸਿੰਚਾਈ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਵਿੱਚ ਲੋੜੀਂਦਾ ਨਿਵੇਸ਼ ਪਛੜ ਜਾਂਦਾ ਹੈ।

ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਨਹੀਂ ਗਿਣੀ ਜਾਣੀ ਚਾਹੀਦੀ ਕਿ ਉਸ ਨੇ ਕਿੰਨੇ ਲੋਕਾਂ ਨੂੰ ਮੁਫ਼ਤ ਸਹੂਲਤਾਂ ਦਾ ਮੁਥਾਜ ਬਣਾ ਦਿੱਤਾ ਹੈ, ਸਗੋਂ ਇਹ ਹੋਣੀ ਚਾਹੀਦੀ ਹੈ ਕਿ ਕਿੰਨੇ ਲੋਕ ਸਰਕਾਰੀ ਸਹੂਲਤਾਂ 'ਤੇ ਨਿਰਭਰ ਹੋਏ ਬਿਨਾਂ ਸਵੈ-ਮਾਣ ਨਾਲ ਜੀਵਨ ਜਿਊਣ ਦੇ ਕਾਬਲ ਬਣੇ ਹਨ। ਮੁਫ਼ਤ ਰਾਸ਼ਨ ਪੇਟ ਤਾਂ ਭਰ ਸਕਦਾ ਹੈ, ਪਰ ਕਿਸੇ ਦੇ ਸੁਪਨੇ ਸਾਕਾਰ ਨਹੀਂ ਕਰ ਸਕਦਾ। ਲੋਕਤੰਤਰ ਵਿੱਚ ਕਿਸੇ ਵੀ ਸਰਕਾਰ ਦਾ ਮੁਲਾਂਕਣ ਇਸ ਆਧਾਰ 'ਤੇ ਹੋਣਾ ਚਾਹੀਦਾ ਹੈ ਕਿ ਉਸ ਨੇ ਲੋਕਾਂ ਨੂੰ ਆਰਥਿਕ ਤੌਰ 'ਤੇ ਕਿੰਨਾ ਸਮਰੱਥ, ਖ਼ੁਦਮੁਖ਼ਤਿਆਰ ਅਤੇ ਸਨਮਾਨ ਨਾਲ ਜਿਊਣ ਦੇ ਯੋਗ ਬਣਾਇਆ ਹੈ।

ਰਾਜਨੀਤੀ ਦੀ ਬਦਲਦੀ ਭਾਸ਼ਾ



ਪਰਮਜੀਤ ਸਿੰਘ ਢੀਂਗਰਾ



ਭਾਰਤੀ ਲੋਕਤੰਤਰ ਵਿੱਚ ਨਿਰੰਤਰ ਚੋਣਾਂ ਦਾ ਰਿਵਾਜ ਹੈ, ਪਰ ਸੱਤਾਧਾਰੀ ਧਿਰਾਂ ਆਪਣੇ ਸਿਆਸੀ ਹਿੱਤਾਂ ਮੁਤਾਬਿਕ ਫ਼ੈਸਲੇ ਲੈਂਦੀਆਂ ਹਨ। ਇਸ ਦੌਰਾਨ ਗਵਰਨਰਾਂ ਦੀ ਭੂਮਿਕਾ ਸਿਆਸੀ ਹੋ ਚੁੱਕੀ ਹੈ, ਉੱਥੇ ਹੀ ਆਪਣੀ ਮਨਮਰਜ਼ੀ ਚਲਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਅਹਿਮ ਚੋਣਾਂ ਨੂੰ ਲੋਕ-ਮੰਗ ਦੇ ਬਾਵਜੂਦ ਲੰਮੇ ਸਮੇਂ ਤੋਂ ਜਾਣਬੁੱਝ ਕੇ ਟਾਲਿਆ ਜਾ ਰਿਹਾ ਹੈ।

ਇਸੇ ਤਰ੍ਹਾਂ ਲੋਕ ਵਿਦਿਆਰਥੀ ਚੋਣਾਂ ਨੂੰ ਵੀ ਭੁੱਲ ਚੁੱਕੇ ਹਨ, ਜਿੱਥੋਂ ਰਾਜਨੀਤੀ ਵਿੱਚ ਨਵੀਂ ਪੀੜ੍ਹੀ ਨਵੇਂ ਆਦਰਸ਼ ਲੈ ਕੇ ਆਉਂਦੀ ਸੀ। ਬਦਲਦੇ ਹਾਲਾਤ ਨੇ ਸਾਰੀਆਂ ਸਿਆਸੀ ਧਿਰਾਂ ਨੂੰ ਸਿਰਫ਼ ਚੋਣਾਂ ਜਿੱਤਣ ਅਤੇ ਵੋਟ ਬੈਂਕ ਤੱਕ ਸੀਮਤ ਕਰ ਦਿੱਤਾ ਹੈ। ਲੋਕ-ਮੁੱਦੇ ਮੁੱਢੋਂ ਗਾਇਬ ਕਰ ਦਿੱਤੇ ਗਏ ਹਨ ਅਤੇ ਪਾਰਟੀਆਂ ਦਾ ਇਕੋ-ਇਕ ਮਕਸਦ ਸੱਤਾ ਹਾਸਲ ਕਰਨਾ ਰਹਿ ਗਿਆ ਹੈ। ਐੱਸ.ਆਈ.ਆਰ. (ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ) ਵਰਗੇ ਅਮਲਾਂ ਦੇ ਸੰਦਰਭ ਵਿਚ ਇਹ ਸਪੱਸ਼ਟ ਹੋ ਗਿਆ ਹੈ ਕਿ ਜਿਵੇਂ ਪਹਿਲਾਂ ਵੋਟਰ ਵੋਟਾਂ ਪਾ ਕੇ ਸਰਕਾਰ ਚੁਣਦੇ ਸਨ, ਹੁਣ ਵਰਤਾਰਾ ਉਲਟ ਹੋ ਚੁੱਕਾ ਹੈ—ਹੁਣ ਸਰਕਾਰਾਂ ਆਪਣੇ ਅਨੁਕੂਲ ਵੋਟਰ ਚੁਣਦੀਆਂ ਹਨ ਤਾਂ ਜੋ ਉਹ ਮੁੜ ਸੱਤਾ ਵਿਚ ਆ ਸਕਣ। ਇਸ ਰੁਝਾਨ ਨੇ ਰਾਜਨੀਤੀ ਦੀਆਂ ਉਹ ਸਾਰੀਆਂ ਆਦਰਸ਼ਕ ਪਰਿਭਾਸ਼ਾਵਾਂ ਖ਼ਤਮ ਕਰ ਦਿੱਤੀਆਂ ਹਨ, ਜੋ ਕਿਤਾਬਾਂ ਵਿਚ ਪੜ੍ਹਾਈਆਂ ਜਾਂਦੀਆਂ ਸਨ। ਸੱਤਾ-ਲਾਲਸਾ ਕਾਰਨ ਅਜੋਕੀ ਰਾਜਨੀਤੀ ਲੋਕ-ਭਲਾਈ ਛੱਡ ਕੇ ਨਿੱਜੀ ਹਿੱਤਾਂ, ਖ਼ਰੀਦੋ-ਫ਼ਰੋਖ਼ਤ ਅਤੇ ਸਥਾਨਕ ਇਕਾਈਆਂ 'ਤੇ ਕਬਜ਼ੇ ਕਰਨ ਤੱਕ ਸੀਮਤ ਹੋ ਗਈ ਹੈ। ਸਿਆਸੀ ਆਗੂ ਨੈਤਿਕਤਾ ਅਤੇ ਭਾਸ਼ਾਈ ਮਰਿਆਦਾ ਤਿਆਗ ਕੇ ਸੰਵਾਦ ਦੀ ਥਾਂ ਗਾਲੀ-ਗਲੋਚ, ਨਿੱਜੀ ਹਮਲਿਆਂ ਅਤੇ ਧਮਕੀਆਂ ਦਾ ਸਹਾਰਾ ਲੈ ਰਹੇ ਹਨ। ਜਮਹੂਰੀ ਸਦਨਾਂ ਅੰਦਰ ਵਿਧਾਇਕਾਂ ਦਾ ਅਖਾੜੇ ਦੇ ਭਲਵਾਨਾਂ ਵਾਂਗ ਵਿਚਰਨਾ ਅਤੇ ਗਾਲਾਂ ਕੱਢਣਾ ਲੋਕਤੰਤਰ ਦੀ ਵੱਡੀ ਤ੍ਰਾਸਦੀ ਹੈ।

ਪਿਛਲੇ ਦਹਾਕੇ ਦੌਰਾਨ ਰਾਜਨੀਤੀ ਦੇ ਨਾਲ-ਨਾਲ ਭਾਸ਼ਾ ਦੇ ਮਿਆਰ ਵਿੱਚ ਵੀ ਭਾਰੀ ਗਿਰਾਵਟ ਆਈ ਹੈ। ਸੱਤਾਧਾਰੀ ਧਿਰਾਂ ਵੱਲੋਂ ਵਿਰੋਧੀਆਂ ਵਿਰੁੱਧ ਵਰਤੀ ਜਾਂਦੀ ਭੜਕਾਊ ਅਤੇ ਘਟੀਆ ਸ਼ਬਦਾਵਲੀ ਸਮਾਜ ਵਿੱਚ ਵੰਡੀਆਂ ਪਾਉਂਦੀਹੈ ਅਤੇ ਸੋਸ਼ਲ ਮੀਡੀਆ 'ਤੇ ਬੇਲੋੜੀਆਂ ਬਹਿਸਾਂ ਛੇੜਦੀ ਹੈ। ਅਜਿਹੀ ਜੁਮਲੇਬਾਜ਼ੀ ਅਸਲ ਲੋਕ-ਮੁੱਦਿਆਂ ਤੋਂ ਧਿਆਨ ਭਟਕਾਉਣ ਲਈ 'ਸੇਫ਼ਟੀ ਵਾਲਵ' ਦਾ ਕੰਮ ਕਰਦੀ ਹੈ, ਜਿਸ ਦਾ ਅੰਤ ਸਿਰਫ਼ ਜਨਤਕ ਨਿਰਾਸ਼ਾ ਵਿੱਚ ਹੁੰਦਾ ਹੈ।

ਚੋਣਾਂ ਦੌਰਾਨ ਲੋਕਾਂ ਦੇ ਸੁਭਾਅ ਅਤੇ ਸਥਾਨਕ ਭਾਵਨਾਵਾਂ ਨੂੰ ਕੈਸ਼ ਕਰਨ ਲਈ ਭਾਸ਼ਾ ਦੇ ਨਵੇਂ ਪੈਟਰਨ ਘੜੇ ਜਾਂਦੇ ਹਨ। ਇਤਿਹਾਸ ਦੇ ਮਹਾਨ ਆਦਰਸ਼ਾਂ ਨੂੰ ਸਿਰਫ਼ ਵੋਟਾਂ ਖ਼ਾਤਰ ਵਰਤਿਆ ਜਾਂਦਾ ਹੈ। ਮਿਸਾਲ ਵਜੋਂ, ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਹਵਾਲਾ ਦੇ ਕੇ ਭਾਵਨਾਵਾਂ ਉਭਾਰੀਆਂ ਜਾਂਦੀਆਂ ਹਨ। ਇੱਕ ਧਿਰ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਅਣਗੌਲਿਆ ਕਰਕੇ ਮਹਿਜ਼ ਉਨ੍ਹਾਂ ਦੀਆਂ ਤਸਵੀਰਾਂ ਨੂੰ ਸਿਆਸੀ ਚਿੰਨ੍ਹ ਬਣਾ ਰਹੀ ਹੈ; ਦੂਜੀ ਧਿਰ ਬਾਬੂ ਕਾਂਸ਼ੀ ਰਾਮ ਨੂੰ ਦੱਬੇ-ਕੁਚਲਿਆਂ ਦੇ ਮਸੀਹਾ ਵਜੋਂ ਪੇਸ਼ ਕਰਕੇ ਆਪਣੀ ਸਿਆਸਤ ਚਮਕਾ ਰਹੀ ਹੈ। ਕੋਈ ਅਖੌਤੀ ਦੇਸ਼-ਭਗਤੀ ਅਤੇ ਕੋਈ ਧਰਮ ਦੀ ਆੜ ਲੈ ਕੇ ਖ਼ਾਸ ਭਾਸ਼ਾਈ ਪ੍ਰਤੀਕਾਂ ਨੂੰ ਹਵਾ ਦੇ ਰਿਹਾ ਹੈ। ਜਾਤਾਂ, ਵਰਗਾਂ ਤੇ ਧਰਮਾਂ ਵਿੱਚ ਵੰਡੇ ਲੋਕ ਅਕਸਰ ਇਨ੍ਹਾਂ ਫ਼ਾਂਸਿਆਂ ਵਿਚ ਫਸ ਜਾਂਦੇ ਹਨ ਅਤੇ ਫਿਰ ਅਗਲੇ ਪੰਜ ਸਾਲ ਨਵੇਂ ਮਸੀਹੇ ਦੀ ਉਡੀਕ ਕਰਦੇ ਰਹਿੰਦੇ ਹਨ।

ਲੋਕ ਆਪਣੇ ਧਰਮ ਅਤੇ ਆਸਥਾ ਨਾਲ ਡੂੰਘੀ ਤਰ੍ਹਾਂ ਜੁੜੇ ਹੁੰਦੇ ਹਨ। ਵੋਟਾਂ ਖ਼ਾਤਰ ਹਰ ਪਾਰਟੀ ਪਹਿਲਾਂ ਧਾਰਮਿਕ ਮਾਨਤਾਵਾਂ ਦਾ ਅਧਿਐਨ ਕਰਦੀ ਹੈ ਅਤੇ ਫਿਰ ਧਾਰਮਿਕ ਸ਼ਬਦਾਵਲੀ ਵਿੱਚੋਂ ਉਹ ਹਿੱਸਾ ਚੁਣ ਲੈਂਦੀ ਹੈ ਜਿਸ ਦੀ ਲੋਕਾਂ ਵਿਚ ਭਾਵਨਾਤਮਕ ਮੰਗ ਹੋਵੇ। ਭਾਵੇਂ ਸੰਵਿਧਾਨਕ ਤੌਰ 'ਤੇ ਉਨ੍ਹਾਂ ਨੇ ਧਰਮ ਨਿਰਪੱਖ ਰਹਿਣ ਅਤੇ ਕਾਨੂੰਨ ਦੀ ਪਾਲਣਾ ਕਰਨ ਦੀ ਸਹੁੰ ਚੁੱਕੀ ਹੁੰਦੀ ਹੈ, ਪਰ ਸੱਤਾ ਮਿਲਦਿਆਂ ਹੀ ਉਹ ਸੰਵਿਧਾਨਕ ਮਰਿਆਦਾਵਾਂ ਭੁੱਲ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਕਾਨੂੰਨ ਬਣਾਉਣ ਦੇ ਦਾਅਵੇ ਕਰਕੇ ਸਿਆਸੀ ਲਾਹਾ ਲੈਣ ਲਈ 'ਸ਼ੁਕਰਾਨਾ ਯਾਤਰਾਵਾਂ' ਕੱਢਣਾ ਇਸੇ ਮੌਕਾਪ੍ਰਸਤ ਸੋਚ ਦੀ ਪ੍ਰਤੱਖ ਮਿਸਾਲ ਹੈ।

ਦੇਸ਼ ਦੀ ਨਿਆਂਪਾਲਿਕਾ 'ਤੇ ਲੋਕ ਅਥਾਹ ਵਿਸ਼ਵਾਸ ਕਰਦੇ ਹਨ, ਪਰ ਜਦੋਂ ਉੱਥੋਂ ਵੀ ਰਾਜਨੀਤਕ ਪੱਧਰ ਵਰਗੀਆਂ ਗ਼ੈਰ-ਸੰਜੀਦਾ ਟਿੱਪਣੀਆਂ ਸਾਹਮਣੇ ਆਉਣ ਤਾਂ ਲੋਕ-ਮਨਾਂ ਵਿੱਚ ਬੇਚੈਨੀ ਫੈਲਣੀ ਕੁਦਰਤੀ ਹੈ। ਨੌਜਵਾਨ ਪੀੜ੍ਹੀ ਨੂੰ ਜਦੋਂ ਸੰਸਥਾਵਾਂ ਵੱਲੋਂ 'ਕਾਕਰੋਚ' ਵਰਗੀਆਂ ਅਪਮਾਨਜਨਕ ਸੰਗਿਆਵਾਂ ਦਿੱਤੀਆਂ ਗਈਆਂ, ਤਾਂ ਉਸ ਨੇ ਵੱਡਾ ਵਿਰੋਧ ਖੜ੍ਹਾ ਕੀਤਾ। ਜੰਤਰ-ਮੰਤਰ ਭਾਸ਼ਾਈ ਵਿਰੋਧ ਦਾ ਅਖਾੜਾ ਬਣ ਗਿਆ। ਨੌਜਵਾਨਾਂ ਨੇ ਸੋਸ਼ਲ ਮੀਡੀਆ ਰਾਹੀਂ ਆਪਣਾ ਰੋਸ ਪ੍ਰਗਟਾਇਆ, ਜਿਸ ਦੇ ਜਵਾਬ ਵਿੱਚ ਪੁਲਿਸ ਨੇ ਜ਼ਾਲਮਾਨਾ ਰਵੱਈਆ ਅਪਣਾ ਕੇ ਪੁਰਾਣੇ ਦਮਨਕਾਰੀ ਦੌਰ ਦੀ ਯਾਦ ਤਾਜ਼ਾ ਕਰਵਾ ਦਿੱਤੀ। ਦੇਸ਼ ਦੇ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਵਿਰੁੱਧ ਭੱਦੀ ਸ਼ਬਦਾਵਲੀ ਵਰਤਣਾ ਬਿਲਕੁਲ ਗ਼ਲਤ ਹੈ, ਪਰ ਇਸ ਦੀ ਜੜ੍ਹ ਉਸ ਹਮਲਾਵਰ ਸੱਭਿਆਚਾਰ ਵਿੱਚ ਪਈ ਹੈ ਜੋ ਪਿਛਲੇ ਕੁਝ ਸਮੇਂ ਤੋਂ ਸਿਆਸੀ ਆਗੂਆਂ ਅਤੇ ਆਈ.ਟੀ. ਸੈੱਲਾਂ ਵੱਲੋਂ ਪ੍ਰਚਾਰਿਆ ਗਿਆ ਹੈ। ਬੰਗਾਲ ਚੋਣਾਂ ਦੌਰਾਨ ਵਿਰੋਧੀ ਮਹਿਲਾ ਮੁੱਖ ਮੰਤਰੀ ਨੂੰ ਵਿਅੰਗਮਈ ਲਹਿਜ਼ੇ ਵਿਚ ਸੰਬੋਧਨ ਕਰਨਾ ਸਿਆਸੀ ਭਾਸ਼ਾ ਦੇ ਨਿਘਾਰ ਦੀ ਸਿਖ਼ਰ ਸੀ।

ਇਹ ਵਰਤਾਰਾ ਸਿਰਫ਼ ਭਾਰਤ ਤੱਕ ਸੀਮਤ ਨਹੀਂ, ਸਗੋਂ ਕੌਮਾਂਤਰੀ

ਅਮਰੀਕੀ ਬਦਲਾਅ ਦਾ ਕਿੰਨਾ ਕੁ ਹੋਵੇਗਾ ਅਸਰ ?

ਸ਼ੁਸ਼ਮਾ ਰਾਮਚੰਦਰਨ

ਅਮਰੀਕੀ ਸੰਸਦ ਵਿੱਚ ਡੈਮੋਕ੍ਰੇਟਿਕ ਪਾਰਟੀ ਦੀ ਵੱਡੀ 'ਨੀਲੀ ਹਨੇਰੀ' ਆ ਗਈ ਹੈ ਅਤੇ ਠੀਕ ਇਸੇ ਸਮੇਂ ਭਾਰਤ-ਅਮਰੀਕਾ ਵਪਾਰ ਸਮਝੌਤਾ ਵੀ ਆਖ਼ਰੀ ਪੜਾਅ 'ਤੇ ਪਹੁੰਚ ਚੁੱਕਿਆ ਹੈ। ਡੈਮੋਕ੍ਰੇਟਿਕ ਪਾਰਟੀ ਹੁਣ ਪ੍ਰਤੀਨਿਧ ਸਭਾ (ਹਾਊਸ ਆਫ ਰੀਪ੍ਰੈਜ਼ੈਂਟੇਟਿਵਜ਼) ਅਤੇ ਸੈਨੇਟ ਦੋਵਾਂ ਵਿੱਚ ਪੂਰੀ ਤਰ੍ਹਾਂ ਕਾਬਜ਼ ਹੋ ਗਈ ਹੈ, ਜਿਸ ਨਾਲ ਅਮਰੀਕਾ ਦੀਆਂ ਕੁਝ ਘਰੇਲੂ ਨੀਤੀਆਂ ਵਿੱਚ ਤਬਦੀਲੀ ਆਉਣੀ ਤੈਅ ਹੈ। ਇਸ ਦੇ ਬਾਵਜੂਦ ਵਿਦੇਸ਼ ਨੀਤੀ ਅਤੇ ਵਪਾਰਕ ਸਬੰਧ ਅਮਰੀਕੀ ਰਾਸ਼ਟਰਪਤੀ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ, ਜਿਨ੍ਹਾਂ ਲਈ ਸੰਸਦ ਦੀ ਪ੍ਰਵਾਨਗੀ ਦੀ ਲੋੜ ਨਹੀਂ ਹੁੰਦੀ। ਇਸ ਲਈ ਇਹ ਸੰਭਵ ਹੈ ਕਿ ਪਿਛਲੇ ਡੇਢ ਸਾਲ ਤੋਂ ਘੜੇ ਜਾ ਰਹੇ ਇਸ ਵਪਾਰ ਸਮਝੌਤੇ ਦੀ ਰੂਪ-ਰੇਖਾ ਵਿੱਚ ਕੋਈ ਖ਼ਾਸ ਬਦਲਾਅ ਨਹੀਂ ਆਵੇਗਾ। ਭਾਵੇਂ ਅਮਰੀਕੀ ਖਪਤਕਾਰਾਂ ਵਿੱਚ ਦਰਾਮਦ ਡਿਊਟੀ (ਟੈਰਿਫ) ਨੂੰ ਲੈ ਕੇ ਭਾਰੀ ਨਾਰਾਜ਼ਗੀ ਹੈ (ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਮਹਿੰਗਾਈ ਵਧੀ ਹੈ) ਪਰ ਇਸ ਸਭ ਦਾ ਇਸ ਵਪਾਰ ਸਮਝੌਤੇ ਉੱਤੇ ਕੋਈ ਅਸਰ ਨਹੀਂ ਪਵੇਗਾ। ਟੈਰਿਫ ਪ੍ਰਤੀ ਟਰੰਪ ਦੇ ਰੁਖ਼ ਨੂੰ ਭਾਵੇਂ ਸੰਸਦ ਵੱਲੋਂ ਠੱਲ੍ਹ ਪਾਈ ਜਾ ਸਕਦੀ ਹੈ ਪਰ ਇਸ ਦਾ ਹੋਣ ਵਾਲੇ ਮੁਕਤ ਵਪਾਰ ਸਮਝੌਤੇ (ਐੱਫ ਟੀ ਏ) 'ਤੇ ਕੋਈ ਅਸਰ ਪੈਣ ਦੀ ਉਮੀਦ ਨਹੀਂ ਹੈ।ਇਸ ਤੋਂ ਇਲਾਵਾ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਡੈਮੋਕ੍ਰੇਟਿਕ ਪਾਰਟੀ ਦੀ ਸਰਕਾਰ ਵੇਲੇ ਵੀ ਭਾਰਤ-ਅਮਰੀਕਾ ਵਪਾਰਕ ਸਬੰਧਾਂ ਵਿੱਚ ਤਣਾਅ ਰਿਹਾ ਹੈ। ਮਿਸਾਲ ਵਜੋਂ, ਜੋਅ ਬਾਇਡਨ ਨੇ ਭਾਰਤ ਨਾਲ ਕੋਈ ਮੁਕਤ ਵਪਾਰ ਸਮਝੌਤਾ ਕਰਨ ਵਿੱਚ ਖ਼ਾਸ ਦਿਲਚਸਪੀ ਨਹੀਂ ਸੀ ਦਿਖਾਈ ਅਤੇ ਬਿਲ ਕਲਿੰਟਨ ਅਤੇ ਬਰਾਕ ਓਬਾਮਾ ਦੋਵਾਂ ਰਾਸ਼ਟਰਪਤੀਆਂ ਦੇ ਕਾਰਜਕਾਲ ਦੌਰਾਨ ਅਮਰੀਕੀ ਵਪਾਰ ਐਕਟ ਦੀ ਧਾਰਾ 301 ਭਾਰਤ ਵਿਰੁੱਧ ਲਾਗੂ ਕੀਤੀ ਜਾ ਚੁੱਕੀ ਹੈ।

ਹਾਲਾਂਕਿ ਅਮਰੀਕਾ ਦੀ ਹਾਲੀਆ ਸਿਆਸੀ ਉਥਲ-ਪੁਥਲ ਕਾਰਨ ਮੁਕਤ ਵਪਾਰ ਸਮਝੌਤੇ (ਐੱਫ. ਟੀ. ਏ.) ਦੇ ਪਹਿਲੇ ਪੜਾਅ ਦੇ ਐਲਾਨ ਵਿੱਚ ਹੋਰ ਦੇਰੀ ਹੋ ਸਕਦੀ ਹੈ। ਇਹ ਮਾਮਲਾ ਪਹਿਲਾਂ ਹੀ ਕਾਫ਼ੀ ਲੰਮਾ ਖਿੱਚਿਆ ਜਾ ਚੁੱਕਿਆ ਹੈ। ਇਸ ਬਾਰੇ ਗੱਲਬਾਤ ਫਰਵਰੀ 2025 ਵਿੱਚ ਸ਼ੁਰੂ ਹੋਈ ਸੀ, ਜਦੋਂ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਡੋਨਾਲਡ ਟਰੰਪ ਦੀਆਂ ਨਵੀਆਂ ਸੁਰੱਖਿਆਵਾਦੀ ਨੀਤੀਆਂ ਲਾਗੂ ਹੋਣ ਮਗਰੋਂ ਇਹ ਸਭ ਤੋਂ ਪਹਿਲੇ ਸਮਝੌਤਿਆਂ ਵਿੱਚੋਂ ਇੱਕ ਹੋਵੇਗਾ ਪਰ ਅਜਿਹਾ ਨਹੀਂ ਹੋਇਆ। ਹਾਂ, ਅਮਰੀਕਾ ਦੇ ਦੂਜੇ ਦੇਸ਼ਾਂ ਨਾਲ ਸਮਝੌਤਿਆਂ ਦਾ ਐਲਾਨ ਲਗਾਤਾਰ



ਹੁੰਦਾ ਰਿਹਾ ਪਰ ਭਾਰਤ ਨਾਲ ਇਹ ਗੱਲਬਾਤ ਲੰਮੇ ਸਮੇਂ ਤੱਕ ਕਿਸੇ ਕਲਪਿਤ ਲਕੀਰ 'ਤੇ ਹੀ ਅਟਕੀ ਰਹੀ, ਜਿਸ ਦਾ ਕੋਈ ਅੰਤ ਨਜ਼ਰ ਨਹੀਂ ਆ ਰਿਹਾ। ਇਸ ਦੌਰਾਨ ਪਿਛਲੇ ਸਾਲ ਅਗਸਤ ਵਿੱਚ ਅਮਰੀਕਾ ਨੂੰ ਹੋਣ ਵਾਲੀ ਬਰਾਮਦ 'ਤੇ ਟੈਰਿਫ ਵਧਾ ਕੇ 50 ਫ਼ੀਸਦੀ ਕਰ ਦਿੱਤਾ ਗਿਆ ਸੀ, ਜਿਸ ਵਿੱਚ ਰੂਸੀ ਤੇਲ ਦਰਾਮਦ ਕਰਨ 'ਤੇ 25 ਫ਼ੀਸਦੀ ਜੁਰਮਾਨਾ ਡਿਊਟੀ ਵੀ ਸ਼ਾਮਿਲ ਸੀ। ਹਾਲਾਂਕਿ ਬਾਅਦ ਵਿੱਚ ਅਮਰੀਕੀ ਅਦਾਲਤਾਂ ਵੱਲੋਂ ਟਰੰਪ ਦੀ ਟੈਰਿਫ ਪ੍ਰਣਾਲੀ ਵਿਰੁੱਧ ਫ਼ੈਸਲਾ ਦੇਣ ਕਾਰਨ ਇਸ ਨੂੰ ਘਟਾ ਦਿੱਤਾ ਗਿਆ ਸੀ। ਇਸ ਮਗਰੋਂ ਇਸ ਸਾਲ ਫਰਵਰੀ ਵਿੱਚ ਮੁਕਤ ਵਪਾਰ ਸਮਝੌਤੇ (ਐੱਫ. ਟੀ. ਏ.) ਲਈ ਇੱਕ ਅੰਤਰਿਮ ਢਾਂਚਾਗਤ ਸਮਝੌਤਾ ਸਾਹਮਣੇ ਆਇਆ।

ਇਸ ਮਗਰੋਂ ਇਸ ਸਾਲ ਦੇ ਸ਼ੁਰੂ ਵਿੱਚ ਗੱਲਬਾਤ ਕਿਸੇ ਤਣ-ਪੱਤਣ ਲੱਗਦੀ ਦਿਖਾਈ ਦੇ ਰਹੀ ਸੀ ਪਰ 'ਲਿੰਡਸੇ ਗ੍ਰਾਹਮ ਕਾਨੂੰਨ' ਨੇ ਸਾਰੇ ਕੰਮ ਵਿੱਚ ਅੜਿੱਕਾ ਪਾ ਦਿੱਤਾ। ਇਸ ਕਾਨੂੰਨ ਨੇ ਡੋਨਾਲਡ ਟਰੰਪ ਨੂੰ ਰੂਸੀ ਤੇਲ ਦਰਾਮਦ ਕਰਨ ਵਾਲੇ ਦੇਸ਼ਾਂ 'ਤੇ 100 ਫ਼ੀਸਦੀ ਤੱਕ ਟੈਰਿਫ ਲਗਾਉਣ ਦਾ ਅਧਿਕਾਰ ਦੇ ਦਿੱਤਾ। ਇਸ ਨਾਲ ਵਪਾਰ ਸਮਝੌਤਾ ਇੱਕ ਵਾਰ ਫਿਰ ਡੋਲਦਾ ਨਜ਼ਰ ਆਇਆ ਪਰ ਅਮਰੀਕੀ ਰਾਸ਼ਟਰਪਤੀ ਨੇ ਇਸ ਕਾਨੂੰਨ ਤਹਿਤ ਥੋੜ੍ਹੇ ਸਮੇਂ ਲਈ ਛੋਟ ਦੇ ਦਿੱਤੀ। ਫਿਲਹਾਲ ਭਾਰਤੀ ਮਾਲ ਬਰਾਮਦਾਂ 'ਤੇ ਵਿਸ਼ਵ ਵਪਾਰ ਸੰਗਠਨ (ਡਬਲਯੂ ਟੀ ਓ) ਦੀ 'ਮੋਸਟ ਫੇਵਰਡ ਨੇਸ਼ਨ' (ਐੱਮ ਐੱਫ ਐੱਨ) ਪ੍ਰਣਾਲੀ ਤਹਿਤ ਟੈਰਿਫ ਲਗਾਏ ਜਾ ਰਹੇ ਹਨ, ਜਿਸ ਦੇ ਨਾਲ ਅਮਰੀਕੀ ਵਪਾਰ ਐਕਟ ਦੀ ਧਾਰਾ 301 ਤਹਿਤ ਦਸ ਫ਼ੀਸਦੀ ਵਾਧੂ ਟੈਰਿਫ ਵੀ ਲੱਗ ਰਿਹਾ ਹੈ।ਇਨ੍ਹਾਂ ਸਾਰੇ ਹਾਲਾਤ ਦੇ ਮੱਦੇਨਜ਼ਰ ਦੋਵਾਂ ਪਾਸਿਆਂ ਦੇ ਤਾਜ਼ਾ ਬਿਆਨਾਂ ਨੂੰ ਦੇਖਣਾ ਚਾਹੀਦਾ ਹੈ, ਜਿਨ੍ਹਾਂ ਵਿੱਚ ਵਪਾਰ ਸਮਝੌਤਾ ਸਿਰੇ ਚੜ੍ਹਨ ਦੇ ਭਰੋਸੇ ਦਿੱਤੇ ਗਏ ਹਨ। ਇਹ ਬਿਆਨ ਲੰਮੇ ਸਮੇਂ ਤੋਂ ਹੋ ਰਹੀ ਦੇਰੀ ਨੂੰ ਲੈ ਕੇ ਪੈਦਾ ਹੋਈਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਦਿੱਤੇ ਗਏ ਹਨ, ਖ਼ਾਸਕਰ ਉਦੋਂ ਜਦੋਂ ਅਮਰੀਕਾ ਨੇ ਇੰਡੋਨੇਸ਼ੀਆ, ਬੰਗਲਾਦੇਸ਼ ਅਤੇ ਦੱਖਣੀ ਕੋਰੀਆ ਵਰਗੀਆਂ ਹੋਰ ਏਸ਼ਿਆਈ ਅਰਥ-ਵਿਵਸਥਾਵਾਂ ਨਾਲ ਬਹੁਤ ਤੇਜ਼ੀ ਨਾਲ ਸਮਝੌਤੇ ਕਰ ਲਏ ਹਨ। ਫਿਰ ਵੀ ਘਰੇਲੂ ਅਰਥ-ਵਿਵਸਥਾ ਦੇ ਅਹਿਮ ਖੇਤਰਾਂ ਨੂੰ ਬਾਹਰੀ ਵਸਤਾਂ ਦੀ ਹੜ੍ਹ ਵਰਗੀ ਮਾਰ ਤੋਂ ਬਚਾਉਣ ਦੀ ਲੋੜ ਨੂੰ ਦੇਖਦਿਆਂ ਇਹੋ ਬਿਹਤਰ ਹੈ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਬਾਰੇ ਗੱਲਬਾਤ ਹੌਲੀ ਅਤੇ ਸੋਚੀ-ਸਮਝੀ ਰਫ਼ਤਾਰ ਨਾਲ ਹੀ ਅੱਗੇ ਵਧਾਈ ਜਾਵੇ।ਗੌਰਤਲਬ ਹੈ ਕਿ ਅਮਰੀਕਾ ਭਾਰਤ ਦਾ ਦੂਜਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਸਾਲ 2025-26 ਦੌਰਾਨ ਦੁਵੱਲਾ ਵਪਾਰ ਲਗਪਗ 141 ਬਿਲੀਅਨ ਡਾਲਰ ਆਂਕਿਆ ਗਿਆ ਹੈ ਜਦੋਂਕਿ ਭਾਰਤ-ਚੀਨ ਵਪਾਰ 151 ਬਿਲੀਅਨ ਡਾਲਰ ਹੈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਅਮਰੀਕਾ ਨਾਲ ਹੋਣ ਵਾਲੇ ਵਪਾਰ ਵਿੱਚ ਭਾਰਤ ਦਾ ਪੱਖ ਮਜ਼ਬੂਤ ਹੈ ਅਤੇ ਸਾਡੇ ਦੇਸ਼ ਦੇ ਪੱਖ ਵਿੱਚ ਵਪਾਰਕ ਸਰਪਲੱਸ ਹੈ। ਇਸ ਲਈ ਇਹ ਸਮਝੌਤਾ ਬੰਗਲਾਦੇਸ਼, ਵੀਅਤਨਾਮ, ਇੰਡੋਨੇਸ਼ੀਆ ਅਤੇ ਬੇਸ਼ੱਕ ਚੀਨ ਵਰਗੇ ਏਸ਼ਿਆਈ ਮੁਕਾਬਲੇਬਾਜ਼ਾਂ ਸਾਹਮਣੇ ਭਾਰਤ ਦੀ ਮੁਕਾਬਲੇਬਾਜ਼ੀ ਨੂੰ ਮਜ਼ਬੂਤ ਕਰਨ ਲਈ ਬਹੁਤ ਜ਼ਰੂਰੀ ਹੈ। ਇਸ ਵਪਾਰ ਸਮਝੌਤੇ ਦੇ ਹੋਣ ਵਾਲੇ ਫ਼ਾਇਦਿਆਂ ਵਿੱਚ ਸਖ਼ਤ ਮੁਕਾਬਲੇ ਵਾਲੇ ਖੇਤਰਾਂ ਵਿੱਚ ਘੱਟ ਟੈਰਿਫ ਦੀ ਉਮੀਦ ਸ਼ਾਮਿਲ ਹੈ। ਇਨ੍ਹਾਂ ਵਿੱਚ ਟੈਕਸਟਾਈਲ ਖੇਤਰ ਸ਼ਾਮਿਲ ਹੈ, ਜਿੱਥੇ ਬੰਗਲਾਦੇਸ਼ ਵਰਗੇ ਦੇਸ਼ਾਂ ਨੂੰ ਇਸ ਸਮੇਂ ਘੱਟ ਡਿਊਟੀ ਦਾ ਫ਼ਾਇਦਾ ਮਿਲ ਰਿਹਾ ਹੈ। ਰਤਨ ਅਤੇ ਗਹਿਣੇ, ਉਦਯੋਗਿਕ ਉਤਪਾਦ, ਰਸਾਇਣ (ਕੈਮੀਕਲ) ਅਤੇ ਇੰਜੀਨੀਅਰਿੰਗ ਵਸਤਾਂ ਅਜਿਹੇ ਹੋਰ ਖੇਤਰ ਹਨ, ਜਿੱਥੇ ਬਰਾਮਦਕਾਰ ਜ਼ੀਰੋ ਡਿਊਟੀ 'ਤੇ ਮਾਰਕੀਟ ਤੱਕ ਪਹੁੰਚ ਦੀ ਉਡੀਕ ਕਰ ਰਹੇ ਹਨ।ਅਮਰੀਕਾ ਚਾਹੁੰਦਾ ਹੈ ਕਿ ਭਾਰਤੀ ਬਾਜ਼ਾਰ ਨੂੰ ਉਨ੍ਹਾਂ ਖੇਤਰਾਂ ਲਈ ਹੋਰ ਖੋਲ੍ਹਿਆ ਜਾਵੇ, ਜੋ ਹੁਣ ਤੱਕ ਸਖ਼ਤ ਪਾਬੰਦੀਆਂ ਹੇਠ ਰਹੇ ਹਨ, ਜਿਵੇਂ ਕਿ ਡੇਅਰੀ ਅਤੇ ਖੇਤੀਬਾੜੀ। ਭਾਰਤ ਵੱਲੋਂ ਇਨ੍ਹਾਂ ਖੇਤਰਾਂ ਵਿੱਚ ਖਿੱਚੀਆਂ ਗਈਆਂ 'ਲਾਲ ਲਕੀਰਾਂ' ਹੀ ਸਮਝੌਤੇ ਨੂੰ ਆਖ਼ਰੀ ਰੂਪ ਦੇਣ ਵਿੱਚ ਆ ਰਹੇ ਮੁੱਖ ਅੜਿੱਕਿਆਂ 'ਚੋਂ ਇੱਕ ਹਨ। ਡੇਅਰੀ ਅਤੇ ਖੇਤੀਬਾੜੀ ਦੋਵੇਂ ਹੀ ਸਾਡੇ ਦੇਸ਼ ਵਿੱਚ ਬਹੁਤ ਸੰਵੇਦਨਸ਼ੀਲ ਸਿਆਸੀ ਮੁੱਦੇ ਹਨ, ਜਿੱਥੇ ਲੱਖਾਂ ਕਿਸਾਨਾਂ ਦੀ ਰੋਜ਼ੀ-ਰੋਟੀ ਦਾ ਸਵਾਲ ਜੁੜਿਆ ਹੋਇਆ ਹੈ। ਇਹ ਸਥਿਤੀ ਅਮਰੀਕਾ ਤੋਂ ਬਿਲਕੁਲ ਉਲਟ ਹੈ, ਜਿੱਥੇ ਖੇਤੀਬਾੜੀ ਪੂਰੀ ਤਰ੍ਹਾਂ ਕਾਰਪੋਰੇਟ ਅਧੀਨ ਹੈ ਅਤੇ ਵੱਡੇ ਪੱਧਰ 'ਤੇ ਕੰਮ ਹੋਣ ਕਾਰਨ ਪ੍ਰਤੀ ਯੂਨਿਟ ਲਾਗਤ ਕਾਫ਼ੀ

(ਬਾਕੀ ਸਫ਼ਾ 27 'ਤੇ)

ਖ਼ਤਰੇ ਦੇ ਨਿਸ਼ਾਨ ਤੱਕ ਪਹੁੰਚਿਆ ਜਨਤਕ ਅਤੇ ਨਿੱਜੀ ਕਰਜ਼ਾ

ਦਵਿੰਦਰ ਕੌਰ ਖੁਸ਼ ਧਾਲੀਵਾਲ

ਕੈਗ ਰਿਪੋਰਟ ਨੇ ਸੂਬਿਆਂ ਸਿਰ ਵਧ ਰਹੇ ਕਰਜ਼ੇ 'ਤੇ ਗੰਭੀਰ ਚਿੰਤਾ ਪ੍ਰਗਟਾਉਂਦੇ ਹੋਏ ਇਸ ਦੇ ਸੁਧਾਰ ਲਈ ਕੁਝ ਸੁਝਾਅ ਦਿੱਤੇ ਹਨ। ਹਾਲਾਂਕਿ ਇਹ ਸੁਝਾਅ ਅਸਲ ਵਿੱਚ ਆਮ ਲੋਕਾਂ ਨੂੰ ਮਿਲਣ ਵਾਲੀਆਂ ਜਨਤਕ ਸਹੂਲਤਾਂ ਵਿੱਚ ਕਟੌਤੀ ਕਰਨ ਦੀ ਸਲਾਹ ਵਰਗੇ ਹੀ ਹਨ। ਰਿਪੋਰਟ ਦਰਸਾਉਂਦੀ ਹੈ ਕਿ ਦੇਸ਼ ਵਿੱਚ ਜਨਤਕ ਅਤੇ ਨਿੱਜੀ ਕਰਜ਼ਾ ਖ਼ਤਰੇ ਦੇ ਨਿਸ਼ਾਨ ਤੱਕ ਪਹੁੰਚ ਚੁੱਕਾ ਹੈ। ਕੈਗ ਅਨੁਸਾਰ ਦੇਸ਼ ਦਾ ਕੁੱਲ ਜਨਤਕ ਕਰਜ਼ਾ ਜੀ ਡੀ ਪੀ ਦੇ 100 ਫ਼ੀਸਦੀ ਦੇ ਨੇੜੇ ਢੁਕ ਰਿਹਾ ਹੈ। ਸਾਲ 2025 ਦੇ ਵਿੱਤੀ ਵਰ੍ਹੇ ਦੌਰਾਨ ਵੱਖ-ਵੱਖ ਸੂਬਿਆਂ ਸਿਰ ਕੁੱਲ 93 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ, ਜੋ ਮਾਰਚ 2027 ਤੱਕ 104 ਲੱਖ ਕਰੋੜ ਰੁਪਏ (ਕੁੱਲ ਜੀ ਡੀ ਪੀ ਦਾ 30 ਫ਼ੀਸਦੀ) ਹੋਣ ਦੀ ਸੰਭਾਵਨਾ ਹੈ। ਜੇਕਰ ਸਰਕਾਰੀ ਕਰਜ਼ੇ ਵਿੱਚ ਕਾਰਪੋਰੇਟ ਘਰਾਣਿਆਂ ਨੂੰ ਦਿੱਤਾ ਨਿੱਜੀ ਕਰਜ਼ਾ ਵੀ ਜੋੜ ਲਿਆ ਜਾਵੇ ਤਾਂ ਇਹ ਕੁੱਲ ਜੀ ਡੀ ਪੀ ਦਾ 172 ਫ਼ੀਸਦੀ (ਲਗਪਗ 600 ਲੱਖ ਕਰੋੜ ਰੁਪਏ) ਬਣਦਾ ਹੈ। ਸਰਮਾਏਦਾਰੀ ਢਾਂਚੇ ਵਿੱਚ ਸਰਕਾਰਾਂ ਦਾ ਮੁੱਖ ਤਰਜੀਹੀ ਏਜੰਡਾ ਕਾਰਪੋਰੇਟ ਖੇਤਰ ਦੇ ਮੁਨਾਫ਼ੇ ਨੂੰ ਵਧਾਉਣਾ ਹੁੰਦਾ ਹੈ। 1980ਵਿਆਂ ਦੇ ਆਰਥਿਕ ਸੰਕਟ ਤੋਂ ਬਾਅਦ ਲਾਗੂ ਕੀਤੀਆਂ ਨਵ-ਉਦਾਰਵਾਦੀ ਨੀਤੀਆਂ ਇਸੇ ਦਿਸ਼ਾ ਵਿੱਚ ਚੁੱਕਿਆ ਗਿਆ ਕਦਮ ਸਨ। 1990-91 ਵਿੱਚ ਭਾਰਤ ਦੇ ਸੂਬਿਆਂ ਸਿਰ 1.47 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ, ਜੋ 2014 ਵਿੱਚ 27.5 ਲੱਖ ਕਰੋੜ ਅਤੇ 2025 ਵਿੱਚ ਵਧ ਕੇ 97 ਲੱਖ ਕਰੋੜ ਰੁਪਏ ਹੋ ਗਿਆ। 1980 ਵਿੱਚ ਦੇਸ਼ ਦਾ ਕੁੱਲ ਕਰਜ਼ਾ ਜੀ ਡੀ ਪੀ ਦਾ 46 ਫ਼ੀਸਦੀ ਸੀ, ਜੋ 2015 ਵਿੱਚ 67 ਫ਼ੀਸਦੀ (21 ਫ਼ੀਸਦੀ ਸੂਬਿਆਂ ਅਤੇ 46 ਫ਼ੀਸਦੀ ਕੇਂਦਰ ਦਾ) ਅਤੇ 2025 ਵਿੱਚ ਵਧ ਕੇ 87 ਫ਼ੀਸਦੀ ਹੋ ਗਿਆ। ਨਿੱਜੀ ਕਰਜ਼ਾ ਵੀ 1991 ਵਿੱਚ ਜੀ ਡੀ ਪੀ ਦੇ 57 ਫ਼ੀਸਦੀ ਤੋਂ ਵਧ ਕੇ 2024 ਵਿੱਚ 104 ਫ਼ੀਸਦੀ ਤੱਕ ਪਹੁੰਚ ਗਿਆ। ਆਰਥਿਕ ਮਾਹਿਰਾਂ ਅਨੁਸਾਰ ਸੂਬਿਆਂ ਦਾ ਕਰਜ਼ਾ ਜੀ ਡੀ ਪੀ ਦੇ 30 ਫ਼ੀਸਦੀ ਅਤੇ ਕੇਂਦਰ ਦਾ 60 ਫ਼ੀਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ, ਪਰ ਦੋਵੇਂ ਸਰਕਾਰਾਂ ਇਹ ਹੱਦ ਕਦੋਂ ਦੀਆਂ ਪਾਰ ਕਰ ਚੁੱਕੀਆਂ ਹਨ।

ਜੀ.ਡੀ.ਪੀ. ਦੇ ਅਨੁਪਾਤ ਨਾਲ ਸਭ ਤੋਂ ਵੱਧ ਕਰਜ਼ਾਈ ਸੂਬਿਆਂ ਵਿੱਚ ਪੰਜਾਬ (46%), ਹਿਮਾਚਲ ਪ੍ਰਦੇਸ਼ (45%), ਕੇਰਲਮ (41%), ਪੱਛਮੀ ਬੰਗਾਲ (40%) ਤੇ ਆਂਧਰਾ ਪ੍ਰਦੇਸ਼ (40%) ਸ਼ਾਮਿਲ ਹਨ। ਕੁੱਲ ਰਕਮ ਦੇ ਹਿਸਾਬ ਨਾਲ ਉੱਤਰ ਪ੍ਰਦੇਸ਼ (9 ਲੱਖ ਕਰੋੜ), ਮਹਾਰਾਸ਼ਟਰ (8 ਲੱਖ ਕਰੋੜ) ਅਤੇ ਤਾਮਿਲਨਾਡੂ (8 ਲੱਖ ਕਰੋੜ) ਸਭ ਤੋਂ ਅੱਗੇ ਹਨ। ਪਿਛਲੇ ਦਹਾਕੇ ਦੌਰਾਨ ਸੂਬਿਆਂ ਦਾ ਕਰਜ਼ਾ 10 ਤੋਂ 15 ਫ਼ੀਸਦੀ ਸਾਲਾਨਾ ਦਰ ਨਾਲ ਵਧਿਆ ਹੈ। 2014 ਤੋਂ 2025 ਦਰਮਿਆਨ ਇਹ ਕਰਜ਼ਾ 315 ਫ਼ੀਸਦੀ (79.2 ਲੱਖ ਕਰੋੜ) ਵਧਿਆ ਹੈ। ਇਕੱਲੇ ਪੰਜਾਬ ਦਾ ਕਰਜ਼ਾ 1990ਵਿਆਂ 'ਚ 7,102 ਕਰੋੜ ਰੁਪਏ ਸੀ, ਜੋ 2014 ਵਿੱਚ 1.12 ਲੱਖ ਕਰੋੜ ਅਤੇ 2025 ਵਿੱਚ 4.17 ਲੱਖ ਕਰੋੜ ਰੁਪਏ ਹੋ ਗਿਆ, ਜੋ ਇਸ ਦੀ ਜੀ ਡੀ ਪੀ ਦਾ ਲਗਭਗ 48 ਫ਼ੀਸਦੀ ਹੈ।

15ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਕੇਂਦਰੀ ਟੈਕਸਾਂ ਵਿੱਚੋਂ ਸੂਬਿਆਂ ਦਾ ਹਿੱਸਾ 41 ਫ਼ੀਸਦੀ ਤੈਅ ਕੀਤਾ ਗਿਆ ਸੀ, ਪਰ ਕੇਂਦਰ ਸਰਕਾਰ ਵੱਖ-ਵੱਖ ਤਰੀਕਿਆਂ ਰਾਹੀਂ ਇਸ ਵਿੱਚੋਂ ਕਟੌਤੀ ਕਰਦੀ ਆ ਰਹੀ ਹੈ। ਕੇਂਦਰ ਵੱਲੋਂ ਉਗਰਾਹੇ ਜਾਂਦੇ 'ਸੈੱਸ' (ਚੁੰਗੀਆਂ/ਉਪ-ਕਰ) ਦਾ ਦਾਇਰਾ ਲਗਾਤਾਰ ਵਧਾਇਆ ਗਿਆ ਹੈ, ਜਿਸ ਦੀ ਕਮਾਈ ਸੂਬਿਆਂ ਨਾਲ ਸਾਂਝੀ ਨਹੀਂ ਕੀਤੀ ਜਾਂਦੀ। 1980ਵਿਆਂ ਵਿੱਚ ਕੁੱਲ ਟੈਕਸ ਉਗਰਾਹੀ ਵਿੱਚ ਸੈੱਸ ਦੀ ਹਿੱਸੇਦਾਰੀ 2.3 ਫ਼ੀਸਦੀ ਸੀ, ਜੋ ਹੁਣ ਵਧ ਕੇ 16 ਫ਼ੀਸਦੀ ਹੋ ਚੁੱਕੀ ਹੈ। ਜੀ. ਐੱਸ. ਟੀ. ਲਾਗੂ ਕਰਨ ਵੇਲੇ ਅਜਿਹੇ ਸੈੱਸ ਖ਼ਤਮ ਕਰਨ ਦਾ ਦਾਅਵਾ ਕੀਤਾ ਗਿਆ ਸੀ, ਪਰ ਇਹ ਅਜੇ ਵੀ ਜਾਰੀ ਹਨ। ਇੱਥੋਂ ਤੱਕ ਕਿ ਸੰਵਿਧਾਨਕ ਤੌਰ 'ਤੇ ਸੂਬਿਆਂ ਦੇ ਅਧਿਕਾਰ ਖੇਤਰ ਵਿੱਚ ਆਉਂਦੀਆਂਵਸਤਾਂ 'ਤੇ ਵੀ ਕੇਂਦਰ ਅਜਿਹੇ ਕਰ ਲਗਾ ਰਿਹਾ ਹੈ, ਜਿਸ ਨਾਲ ਸੂਬਿਆਂ ਦੀ ਆਰਥਿਕਤਾ ਹੋਰ ਕਮਜ਼ੋਰ ਹੋ ਰਹੀ ਹੈ।



ਜੀ. ਐੱਸ. ਟੀ. ਲਾਗੂ ਕਰਨ ਵੇਲੇ ਹਕੂਮਤ ਨੇ ਇਸ ਨੂੰ ਇਤਿਹਾਸਕ ਕਦਮ ਦੱਸਦਿਆਂ ਦਾਅਵਾ ਕੀਤਾ ਸੀ ਕਿ ਇਸ ਨਾਲ ਸੂਬਿਆਂ ਦੀ ਆਮਦਨ ਵਧੇਗੀ ਪਰ ਜ਼ਮੀਨੀ ਹਕੀਕਤ ਇਸ ਤੋਂ ਬਿਲਕੁਲ ਉਲਟ ਰਹੀ ਹੈ। ਕੇਂਦਰ ਸਰਕਾਰ ਗ਼ੈਰ-ਭਾਜਪਾ ਸ਼ਾਸਿਤ ਸੂਬਿਆਂ ਨਾਲ ਲਗਾਤਾਰ ਮਤਰੇਆ ਵਿਹਾਰ ਕਰ ਰਹੀ ਹੈ। ਜਾਣ-ਬੁੱਝ ਕੇ ਅਜਿਹੇ ਸੂਬਿਆਂ ਦਾ ਜੀ. ਐੱਸ. ਟੀ. ਬਕਾਇਆ ਜਾਂ ਹੋਰ ਫੰਡ ਰੋਕੇ ਜਾਂਦੇ ਹਨ, ਜਿਸ ਨਾਲ ਸੂਬਿਆਂ ਦੀਆਂ ਦੇਣਦਾਰੀਆਂ ਵਿੱਚ ਦੇਰੀ ਹੁੰਦੀ ਹੈ ਅਤੇ ਖਰਚਾ ਵਧ ਜਾਂਦਾ ਹੈ। ਦੇਸ਼ ਦੇ ਸਭ ਤੋਂ ਵੱਧ ਕਰਜ਼ੇ ਹੇਠਲੇ ਸੂਬੇ ਉਹੋ ਹਨ, ਜਿੱਥੇ ਭਾਜਪਾ ਜਾਂ ਐੱਨ. ਡੀ. ਏ. ਦੀ ਸਰਕਾਰ ਨਹੀਂ ਹੈ।

ਇਸ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਅਜਿਹੀਆਂ ਸਕੀਮਾਂ ਚਲਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਸੂਬਿਆਂ ਦੀ ਮਰਜ਼ੀ ਤੋਂ ਬਿਨਾਂ ਫੰਡਾਂ ਦ

ਬੋਲ ਮਿੱਟੀ ਦਿਆ ਬਾਵਿਆ.....



ਰੁੱਤ ਵਿਆਹਾਂ, ਖ਼ੁਸ਼ੀਆਂ ਦੇ ਸਮਾਗਮਾਂ ਅਤੇ ਸ਼ਗਨਾਂ ਦੀ ਆਈ



ਪਰਵਾਸ-ਏ-ਪੰਜਾਬ

ਜਗਮੋਹਨ ਸਿੰਘ 'ਲੱਕੀ'
9463819174

ਅੱਜ- ਕੱਲ੍ਹ ਠੰਡੀਆਂ ਹਵਾਵਾਂ ਚੱਲਣ ਅਤੇ ਮੌਸਮ ਵਿੱਚ ਹਲਕੀ ਠੰਡਕ ਹੋਣ ਦੇ ਨਾਲ ਹੀ 'ਵਿਆਹਾਂ, ਖੁਸ਼ੀਆਂ ਦੇ ਸਮਾਗਮਾਂ ਅਤੇ ਸ਼ਗਨਾਂ ਦੀ ਰੁੱਤ' ਵੀ ਸ਼ੁਰੂ ਹੋ ਗਈ ਹੈ। ਇਸ ਮਹੀਨੇ ਵੱਡੀ ਗਿਣਤੀ ਲੋਕ ਆਪਣੇ ਬੱਚਿਆਂ ਦੇ ਵਿਆਹ ਕਰਦੇ ਹਨ ਅਤੇ ਖੁਸ਼ੀਆਂ ਦੇ ਹੋਰ ਸਮਾਗਮ ਕਰਵਾਏ ਜਾਂਦੇ ਹਨ। ਸ਼ਗਨਾਂ ਦੇ ਗੀਤ ਗਾਏ ਜਾਂਦੇ ਹਨ। ਹਰ ਦਿਨ ਸਵੇਰ ਵੇਲੇ ਵੱਖ -ਵੱਖ ਇਲਾਕਿਆਂ ਵਿੱਚ ਜੰਨ ਚੜ੍ਹਦੀ ਦਿਖਾਈ ਦਿੰਦੀ ਹੈ ਅਤੇ ਸ਼ਾਮ ਨੂੰ ਵੱਡੀ ਗਿਣਤੀ ਇਲਾਕਿਆਂ ਵਿੱਚ 'ਡੋਲੀ ਵਾਲੀਆਂ ਕਾਰਾਂ' ਦਿਖਾਈ ਦਿੰਦੀਆਂ ਹਨ। ਜਿਨ੍ਹਾਂ ਵਿੱਚ ਨਵ ਵਿਆਹੀ ਦੁਲਹਨ ਸੋਨੇ ਦੇ ਗਹਿਣਿਆਂ ਨਾਲ ਲੱਦੀ ਹੋਈ, ਹਾਰ ਸ਼ਿੰਗਾਰ ਨਾਲ ਸ਼ਿੰਗਾਰੀ ਹੋਈ, ਕਈ ਤਰ੍ਹਾਂ ਦੇ ਸੁਪਨੇ ਲੈਂਦੀ ਹੋਈ ਬੈਠੀ ਦਿਖਾਈ ਦਿੰਦੀ ਹੈ। ਉਸ ਦੀਆਂ ਅੱਖਾਂ 'ਚ ਲਾਜ/ ਸ਼ਰਮ ਦਾ ਗਹਿਣਾ ਵੀ ਹੁੰਦਾ ਹੈ ਅਤੇ ਚਿਹਰੇ 'ਤੇ ਚੜ੍ਹਦੇ ਸੂਰਜ ਦੀ ਲਾਲੀ ਭਾਅ ਮਾਰ ਰਹੀ ਹੁੰਦੀ ਹੈ। ਉਹ ਕਾਰ ਵਿੱਚ ਬੈਠੀ ਹੋਈ ਆਪਣੇ ਭਵਿੱਖ ਦੇ ਸੁਨਹਿਰੇ ਸੁਪਨੇ ਲੈ ਰਹੀ ਹੁੰਦੀ ਹੈ, ਉਹ ਵੀ ਜਾਗਦੀਆਂ ਅੱਖਾਂ ਨਾਲ। ਇਸ ਦੇ ਨਾਲ ਉਸ ਦਾ ਲਾੜਾ ਬੈਠਾ ਹੁੰਦਾ ਹੈ, ਜਿਸ ਦੇ ਚਿਹਰੇ ਦੇ ਹਾਵ ਭਾਵ ਇਸ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਕੋਈ ਜੰਗ ਜਿੱਤ ਕੇ ਆਇਆ ਹੋਵੇ। ਇਸ ਦੇ ਨਾਲ ਹੀ ਵਿਆਹ ਦੇ ਲੰਬੇ ਸਮਾਗਮਾਂ ਦੀ ਹਲਕੀ ਥਕਾਵਟ ਵੀ ਲਾੜੇ ਲਾੜੀ ਦੇ ਚਿਹਰਿਆਂ ਤੋਂ ਝਲਕਦੀ ਹੁੰਦੀ ਹੈ, ਪਰ ਇਹ ਥਕਾਵਟ ਵਿਆਹ ਦੀਆਂ ਵੱਡੀਆਂ ਖੁਸ਼ੀਆਂ ਓਹਲੇ ਛੁਪ ਜਾਂਦੀ ਹੈ।





ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਹਨਾਂ ਦਿਨਾਂ ਦੌਰਾਨ ਕਿਸਾਨਾਂ ਕੋਲ ਝੋਨਾ ਅਤੇ ਹੋਰ ਫਸਲਾਂ ਮੰਡੀ ਵਿੱਚ ਵੇਚ ਕੇ ਕਾਫ਼ੀ ਪੈਸੇ ਆਏ ਹੁੰਦੇ ਹਨ। ਇਹਨਾਂ ਪੈਸਿਆਂ ਨਾਲ ਕਿਸਾਨ ਆਪਣੇ ਬੱਚਿਆਂ ਦੇ ਵਿਆਹ ਚੰਗੇ ਢੰਗ ਨਾਲ ਕਰਦੇ ਹਨ। ਅੱਜ ਕੱਲ੍ਹ ਵਿਆਹਾਂ ਉੱਪਰ ਵੀ ਲੱਖਾਂ ਦਾ ਖਰਚ ਹੋ ਜਾਂਦਾ ਹੈ। ਇੱਕ ਵਿਆਹ ਦੇ ਕਈ ਕਈ ਸਮਾਗਮ ਹੁੰਦੇ ਹਨ। ਹੁਣ ਲੋਕ ਆਪਣੇ ਬੱਚਿਆਂ ਦੇ ਵਿਆਹ ਦੌਰਾਨ ਆਨੰਦ ਕਾਰਜ ਮੌਕੇ ਸਿਰਫ਼ ਪਰਿਵਾਰਕ ਮੈਂਬਰਾਂ ਅਤੇ ਨੇੜਲੇ ਰਿਸ਼ਤੇਦਾਰਾਂ ਨੂੰ ਬੁਲਾਉਂਦੇ ਹਨ ਜਦੋਂ ਕਿ ਵਿਆਹ ਦੇ ਦੂਜੇ ਸਮਾਗਮਾਂ ਮੌਕੇ ਸਾਰੇ ਰਿਸ਼ਤੇਦਾਰਾਂ ਅਤੇ ਸਾਕ ਸਬੰਧੀਆਂ ਦੇ ਨਾਲ ਜਾਣ ਪਹਿਚਾਣ ਵਾਲਿਆਂ ਨੂੰ ਵੀ ਬੁਲਾਇਆ ਜਾਂਦਾ ਹੈ। ਵਿਆਹਾਂ ਵਿੱਚ ਬੱਚਿਆਂ ਅਤੇ ਨੌਜਵਾਨਾਂ ਦੀ ਖੁਸ਼ੀ ਵੇਖਣ ਵਾਲੀ ਹੁੰਦੀ ਹੈ। ਕਈ ਵਿਆਹਾਂ ਵਿੱਚ ਬਾਬੇ ਵੀ ਭੰਗੜੇ ਪਾਉਂਦੇ ਵੇਖੇ ਜਾਂਦੇ ਹਨ। ਵਿਆਹਾਂ ਵਿੱਚ ਬਰਾਤੀਆਂ ਅਤੇ ਘਰਾਤੀਆਂ ਦੇ ਖਾਣ ਪੀਣ ਲਈ ਏਨੇ ਪਕਵਾਨ ਹੁੰਦੇ ਹਨ ਕਿ ਇੱਕ ਆਮ ਬੰਦਾ ਸਾਰੇ ਪਕਵਾਨ ਨਹੀਂ ਖਾ ਸਕਦਾ। ਵਿਆਹ ਮੌਕੇ ਹਰ ਪਾਸੇ ਰੌਣਕਾਂ ਲੱਗੀਆਂ ਹੁੰਦੀਆਂ ਹਨ ਅਤੇ ਵੱਡੀ ਗਿਣਤੀ ਲੋਕ ਦੀਨ ਦੁਨੀਆਂ ਨੂੰ ਭੁੱਲ ਕੇ ਵਿਆਹ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਹਨ।

ਵਿਆਹ ਤੋਂ ਬਾਅਦ ਜਿਥੇ ਨਵ ਵਿਆਹੇ ਜੋੜੇ ਆਪਣੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰਦੇ ਹਨ, ਉਥੇ ਇਹਨਾਂ ਦਿਨਾਂ ਦੌਰਾਨ ਖੇਤਾਂ ਵਿੱਚ ਨਵੀਂ ਫਸਲ ਦੀ ਬਿਜਾਈ ਲਈ ਵੀ ਵਿਉਂਤਬੰਦੀ ਸ਼ੁਰੂ ਹੋ ਜਾਂਦੀ ਹੈ। ਇਹਨਾਂ ਦਿਨਾਂ ਦੌਰਾਨ ਖੇਤਾਂ ਵਿੱਚ ਜ਼ਿਆਦਾਤਰ ਕਣਕ ਦੀ ਫਸਲ ਦੀ ਬਿਜਾਈ ਕੀਤੀ ਜਾਂਦੀ ਹੈ। ਕਣਕ ਦੀ ਮੁੱਖ ਫਸਲ ਕਣਕ ਹੋਣ ਕਾਰਨ ਇਸ ਫਸਲ ਦੀ ਪੰਜਾਬੀ ਜੀਵਨ ਵਿੱਚ ਬਹੁਤ ਮਹੱਤਤਾ ਹੈ। ਵਿਆਹਾਂ ਤੋਂ ਵਿਹਲੇ ਹੋ ਕੇ ਕਿਸਾਨ ਨਵੀਂ ਫਸਲ ਦੀ ਬਿਜਾਈ ਕਰਦੇ ਹਨ। ਦੂਜੇ ਪਾਸੇ ਦੁਕਾਨਦਾਰ ਅਤੇ ਵਪਾਰੀ ਵੀ ਤਿਉਹਾਰੀਂ ਸੀਜ਼ਨ ਦੌਰਾਨ ਚੰਗੀ ਕਮਾਈ ਕੀਤੀ ਹੋਣ ਕਰਕੇ ਖੁਸ਼ ਹੁੰਦੇ ਹਨ ਅਤੇ ਉਹ ਵੀ ਇਹਨਾਂ ਦਿਨਾਂ ਦੌਰਾਨ ਆਪਣੇ ਬੱਚਿਆਂ ਦੇ ਵਿਆਹ ਸ਼ਾਦੀਆਂ ਕਰਦੇ ਹਨ, ਜਿਨ੍ਹਾਂ ਉੱਪਰ ਖੁੱਲ੍ਹਾ ਖਰਚ ਕੀਤਾ ਜਾਂਦਾ ਹੈ। ਦੁਕਾਨਦਾਰਾਂ ਅਤੇ ਵਪਾਰੀਆਂ ਨੇ ਲੰਘੇ ਦਿਨਾਂ ਦੇ ਤਿਉਹਾਰੀਂ ਸੀਜ਼ਨ ਦੌਰਾਨ ਜੋ ਕਮਾਈ ਕੀਤੀ ਹੁੰਦੀ ਹੈ, ਉਸ ਨੂੰ ਖੁੱਲ੍ਹੇ ਦਿਲ ਨਾਲ ਵਿਆਹ- ਸ਼ਾਦੀਆਂ 'ਤੇ ਖ਼ਰਚਿਆ ਜਾਂਦਾ ਹੈ।

ਇਹਨਾਂ ਦਿਨਾਂ ਦੌਰਾਨ ਹਰ ਪਾਸੇ ਰੌਣਕਾਂ ਲੱਗੀਆਂ ਹੁੰਦੀਆਂ ਹਨ। ਨੌਕਰੀ ਪੇਸ਼ਾ ਲੋਕਾਂ ਨੂੰ ਸਰਕਾਰ ਵੱਲੋਂ ਡੀ.ਏ. ਅਤੇ ਹੋਰ ਭੱਤੇ ਦਿੱਤੇ ਗਏ ਹੁੰਦੇ ਹਨ, ਜਿਸ ਕਾਰਨ ਉਹਨਾਂ ਦੀਆਂ ਤਨਖ਼ਾਹਾਂ ਵਿੱਚ ਵਾਧਾ ਹੋ ਗਿਆ ਹੁੰਦਾ ਹੈ ਅਤੇ ਉਹ ਵੀ ਖੁਸ਼ ਦਿਖਾਈ ਦਿੰਦੇ ਹਨ। ਪ੍ਰਾਈਵੇਟ ਅਦਾਰਿਆਂ ਦੇ ਮੁਲਾਜ਼ਮਾਂ ਨੂੰ ਵੀ ਇਹਨਾਂ ਦਿਨਾਂ ਦੌਰਾਨ 'ਸਾਲਾਨਾ ਇੰਕਰੀਮੈਂਟ' ਲੱਗ ਜਾਂਦਾ ਹੈ, ਜਿਸ ਕਾਰਨ ਉਹ ਵੀ ਖੁਸ਼ ਦਿਖਾਈ ਦਿੰਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਇਹਨਾਂ ਦਿਨਾਂ ਦੌਰਾਨ ਹਰ ਪਾਸੇ ਖਿੜੇ ਚਿਹਰਿਆਂ ਵਾਲੇ ਲੋਕ ਦਿਖਾਈ ਦਿੰਦੇ ਹਨ।

ਹਰ ਕਿਸੇ ਨੂੰ ਮੁਸਕਰਾਉਂਦੇ ਚਿਹਰੇ ਚੰਗੇ ਲੱਗਦੇ ਹਨ ਅਤੇ ਅੱਜ ਕੱਲ੍ਹ ਦੇ ਦਿਨਾਂ ਦੌਰਾਨ ਵੱਡੀ ਗਿਣਤੀ ਲੋਕਾਂ ਦੇ ਚਿਹਰਿਆਂ ਉੱਪਰ ਖੁਸ਼ੀ ਦੀ ਲਾਲੀ ਦਿਖਾਈ ਦਿੰਦੀ ਹੈ। ਇਹਨਾਂ ਦਿਨਾਂ ਦੌਰਾਨ ਮਨੁੱਖ ਨੂੰ ਆਪਣਾ ਆਲਾ ਦੁਆਲਾ ਚੰਗਾ ਚੰਗਾ ਲੱਗਦਾ ਹੈ। ਸਵੇਰ ਵੇਲੇ ਪੌਦਿਆਂ ਅਤੇ ਫੁੱਲਾਂ 'ਤੇ ਪਈ ਤਰੇਲ ਕਾਰਨ ਇਹ ਫੁੱਲ ਪੌਦੇ ਬਹੁਤ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ।

ਅੱਜ ਕੱਲ੍ਹ ਬਨਸਪਤੀ 'ਤੇ ਪੈਲਾਂ ਪਾਉਂਦੀ ਕੁਦਰਤ, ਰੁੱਖਾਂ ਦੀਆਂ ਡਾਲੀਆਂ ਨਾਲ ਖਹਿ ਕੇ ਰੁਮਕਦੀ ਠੰਡੀ ਤੇ ਤਾਜ਼ੀ ਹਵਾ, ਕੋਇਲ ਦੀ ਕੂ ਹੂ ਕੂ, ਟਿਊਬਵੈਲਾਂ 'ਚੋਂ ਛਣ ਛਣ ਕਰ ਕੇ ਨਿਕਲਦਾ ਪਾਣੀ, ਸੱਥਾਂ 'ਚ ਲੱਗੀਆਂ ਰੌਣਕਾਂ, ਦੂਰ ਅਸਮਾਨ 'ਚ ਚੜ੍ਹਦੇ ਸੂਰਜ ਦੀ ਫੈਲੀ ਹੋਈ ਲਾਲੀ ਕੁਦਰਤ ਨਾਲ ਇਕਮਿਕ ਹੋਏ ਪਿੰਡਾਂ 'ਚ ਵਸਦੇ ਅਸਲੀ ਪੰਜਾਬ ਦੀ ਤਸਵੀਰ ਪੇਸ਼ ਕਰਦੇ ਹਨ। ਪੰਜਾਬੀਆਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਸ਼ਗਨਾਂ ਦੇ ਗੀਤ ਗਾਉਂਦਿਆਂ ਤੇ ਸੁਣਦਿਆਂ ਹੀ ਜਨਮ ਲੈਂਦੇ ਹਨ ਅਤੇ ਸਾਰੀ ਉਮਰ ਸ਼ਗਨਾਂ ਦੇ ਗੀਤ ਹੀ ਗਾਉਂਦੇ ਤੇ ਸੁਣਦੇ ਰਹਿੰਦੇ ਹਨ। ਹਰ ਰੁੱਤ ਵਿੱਚ ਪੰਜਾਬੀ ਖੁਸ਼ੀਆਂ ਅਤੇ ਖੇੜੇ ਦਾ ਮੌਕਾ ਲੱਭ ਲੈਂਦੇ ਹਨ। ਇਸ ਸਮੇਂ ਪੰਜਾਬ ਵਿੱਚ ਕੋਸੀ ਕੋਸੀ ਧੁੱਪ ਦਾ ਨਿੱਘ ਮਾਣਨ ਦੇ ਦਿਨ ਆ ਗਏ ਹਨ। ਇਸ ਦੇ ਨਾਲ ਵੱਡੀ ਗਿਣਤੀ ਘਰਾਂ ਦੀਆਂ ਰਸੋਈਆਂ ਵਿੱਚ ਬਣਾਏ ਜਾ ਰਹੇ ਗਜਰੇਲੇ, ਪੰਜੀਰੀ, ਪਿੰਨੀਆਂ ਅਤੇ ਖੋਏ ਦੀਆਂ ਮਹਿਕਾਂ ਚੁਫੇਰੇ ਆਉਣ ਲੱਗ ਪਈਆਂ ਹਨ।





TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE



FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਕਾਸ਼ ਪੁਰਬ 'ਤੇ ਉਹਨਾਂ ਦੇ ਜੀਵਨ, ਬਾਣੀ ਅਤੇ ਕੁਲ ਕਾਇਨਾਤ ਦੀ ਰੂਹਾਨੀਅਤ ਨੂੰ ਪ੍ਰਗਟ ਕਰਦੇ ਵੱਖ-ਵੱਖ ਲੇਖਕਾਂ ਦੇ ਵਿਸ਼ੇਸ਼ ਲੇਖ

ਸਤਿਗੁਰੂ ਬਾਬੇ ਨਾਨਕ ਦੀ ਆਮਦ : ਤਬਦੀਲੀ ਦਾ ਨਵਾਂ ਯੁੱਗ

ਡਾ. ਮਹਿਲ ਸਿੰਘ



ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਤੇ ਸਿਧਾਂਤਕਾਰ ਹਨ। ਇਨ੍ਹਾਂ ਦੀ ਆਮਦ ਨਾਲ ਚੁਫ਼ੇਰੇ (ਜਾਂ ਚੌ-ਤਰਫ਼ੀ) ਤਬਦੀਲੀ ਦਾ ਨਵਾਂ ਯੁੱਗ ਆਰੰਭ ਹੁੰਦਾ ਹੈ। ਅਜਿਹੀ ਸ਼ੁਰੂਆਤ ਕਿਸੇ ਖਿੱਤੇ ਜਾਂ ਦੇਸ਼ ਤੱਕ ਸੀਮਤ ਨਹੀਂ ਰਹੀ, ਸਗੋਂ ਇਸ ਦਾ ਬਹੁ-ਪਰਤੀ ਫੈਲਾਅ ਦੁਨੀਆ ਭਰ 'ਚ ਹੋਇਆ ਹੈ।

ਗੁਰੂ ਨਾਨਕ ਦੇਵ ਜੀ 13 ਸਾਲ ਦੀ ਉਮਰ ਤੱਕ ਕਈ ਭਾਸ਼ਾਵਾਂ ਦੇ ਗਿਆਤਾ ਹੋ ਗਏ ਸਨ। ਇਨ੍ਹਾਂ ਨੇ ਗੋਪਾਲ ਦਾਸ ਪਾਂਧੇ ਕੋਲੋਂ ਦੇਵਨਾਗਰੀ ਤੇ ਲੇਖੇ-ਪੱਤੇ ਵਿੱਚ ਮੁਹਾਰਤ ਹਾਸਲ ਕੀਤੀ। ਪੰਡਿਤ ਬ੍ਰਿਜ ਲਾਲ ਪਾਸੋਂ ਸੰਸਕ੍ਰਿਤ ਭਾਸ਼ਾ ਵਿੱਚ ਨਿਪੁੰਨਤਾ ਪ੍ਰਾਪਤ ਕੀਤੀ ਅਤੇ ਮੌਲਵੀ ਕੁਤਬਦੀਨ ਪਾਸੋਂ ਫ਼ਾਰਸੀ ਦਾ ਮੁੱਢਲਾ ਗਿਆਨ ਪ੍ਰਾਪਤ ਕੀਤਾ। ਗੁਰੂ ਨਾਨਕ ਦੇਵ ਜੀ ਸਾਡੇ ਲਈ ਇੱਕ ਅਜਿਹਾ ਵਰਤਾਰਾ ਹਨ, ਜਿਨ੍ਹਾਂ ਦੇ ਜੀਵਨ ਤੇ ਫ਼ਲਸਫ਼ੇ ਤੋਂ ਸੋਚਾਂ ਦੇ ਨਵੇਂ ਕਿਵਾੜ ਖੁੱਲ੍ਹਦੇ ਹਨ। ਗੁਰੂ ਸਾਹਿਬ ਨਾਲ ਹਰ ਪੱਖ ਤੋਂ ਨਵੇਂ ਤੇ ਨਿਵੇਕਲੇ ਯੁੱਗ ਦਾ ਆਰੰਭ ਹੁੰਦਾ ਹੈ। ਗੁਰੂ ਸਾਹਿਬ ਨੇ ਆਪਣੇ ਵੇਲੇ ਦੇ ਸਮਾਜ ਨੂੰ ਸਭ ਪੱਖਾਂ ਤੋਂ ਇਨਕਲਾਬੀ ਰੂਪ 'ਚ ਹਲੂਣਾ ਦਿੱਤਾ। ਇਸ ਨਾਲ ਸਮਾਜ 'ਚ ਜੀਵਨ-ਜਾਚ ਦਾ ਨਵਾਂ ਸਰਬ-ਸਾਂਝਾ, ਮਾਨਵੀ ਤੇ ਕਿਰਤੀ ਮਾਰਗ ਆਰੰਭ ਹੋਇਆ।

ਗੁਰੂ ਸਾਹਿਬ ਦੀਆਂ ਬਾਲਪਨ ਦੀਆਂ ਕਈ ਵਿਸ਼ੇਸ਼ ਘਟਨਾਵਾਂ ਤੋਂ ਬਾਅਦ ਸਭ ਤੋਂ ਵੱਡੀ ਘਟਨਾ ਸੁਲਤਾਨਪੁਰ ਲੋਧੀ ਵਿਖੇ 'ਵੇਈਂ ਪ੍ਰਵੇਸ਼' ਦੀ ਹੈ। ਇਸ ਨੂੰ 'ਵੇਈਂ ਉਪਦੇਸ਼' ਤੇ 'ਗਿਆਨ ਦੀ ਟੁੱਭੀ' ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਵੇਈਂ ਦੀ ਟੁੱਭੀ ਤੋਂ ਬਾਅਦ ਸਪੱਸ਼ਟ ਰੂਪ 'ਚ ਆਪਣਾ ਧਾਰਮਿਕ ਤੇ ਸਮਾਜਿਕ ਉਪਦੇਸ਼ ਆਰੰਭ ਕਰ ਦਿੱਤਾ। ਇਸ ਦੌਰਾਨ ਹੀ ਗੁਰੂ ਸਾਹਿਬ ਦੀ ਸੀਰਤ ਪੂਰੀ ਤਰ੍ਹਾਂ ਸਮਾਜਿਕਤਾ ਤੇ ਰੂਹਾਨੀਅਤ ਵੱਲ ਪਾਸਾ ਪਲਟਦੀ ਹੈ। ਉਹ ਅੰਦਰਲੇ ਚਾਨਣ ਦੀ ਸੋਝੀ ਤਹਿਤ ਬਾਹਰਲੇ ਵਰਤਾਰੇ ਨੂੰ ਸਮਝਣ/ਸਮਝਾਉਣ ਦੇ ਰਾਹ ਪੈਂਦੇ ਹਨ। ਇਸ ਸਮੇਂ ਤੋਂ ਹੀ ਗੁਰੂ ਸਾਹਿਬ ਨੇ 'ਸਭੇ ਸਾਝੀਵਾਲ ਸਦਾਇਨਿ' ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦਾ ਮਹਾਨ ਫ਼ਲਸਫ਼ਾ ਪੇਸ਼ ਕੀਤਾ। ਸਿੱਖ ਫ਼ਲਸਫ਼ਾ ਨਾ ਕਿਸੇ ਜਾਤ ਦਾ ਵਿਰੋਧੀ ਹੈ, ਨਾ ਧਰਮ ਦਾ। ਇਹ ਮਨੁੱਖਤਾ ਦੇ ਭਲੇ ਹਿੱਤ ਮਾਨਵਤਾ ਦੇ ਰਾਹ ਤੁਰਨ ਦਾ ਸਭ ਤੋਂ ਵੱਡਾ ਗਾਡੀ-ਰਾਹ ਹੈ। ਕਿਉਂਕਿ ਉਸ ਵੇਲੇ ਸਮੁੱਚਾ ਸਮਾਜ ਵੱਡੇ ਰੂਪ 'ਚ ਵੱਖ-ਵੱਖ ਧਰਮਾਂ ਤੇ ਜਾਤਾਂ 'ਚ ਵੰਡਿਆ ਹੋਇਆ ਸੀ। ਗੁਰੂ ਸਾਹਿਬ ਦੇ ਸੰਦੇਸ਼ ਮੁਤਾਬਕ ਮਨੁੱਖ ਦੀ ਅਸਲ ਜਾਤ ਉਸ ਦੇ ਕਰਮ (ਕਾਰਜ ਜਾਂ ਕੰਮ) ਹਨ। ਉਨ੍ਹਾਂ ਨੇ ਆਪਣੇ ਜੀਵਨ ਦੇ ਅਮਲ ਰਾਹੀਂ ਸਮਾਜ ਲਈ ਕੁਝ ਕਰਨ ਦਾ ਨਿਰਣਾ ਕਰ ਲਿਆ ਸੀ। ਇੱਥੋਂ ਹੀ ਬਾਬਾ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਦੀ ਆਰੰਭਤਾ ਹੁੰਦੀ ਹੈ। ਉਨ੍ਹਾਂ ਨੇ ਪਰਮਾਤਮਾ ਦੇ ਸਰੂਪ ਬਾਰੇ ਆਪਣਾ ਨਿਵੇਕਲਾ 'ਮੂਲ ਮੰਤਰ' ਪੇਸ਼ ਕੀਤਾ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਅੰਗ : 01)

ਅਕਾਲ ਰੂਪ ਇੱਕ ਪਰਮਾਤਮਾ ਨੂੰ ਹੀ ਸਰਬ ਸ਼ਕਤੀਮਾਨ ਮੰਨਿਆ ਗਿਆ ਹੈ, ਜੋ ਸਭ ਦਾ ਕਰਤਾ ਹੈ ਅਤੇ ਕਿਸੇ ਡਰ-ਭਉ ਤੇ ਵੈਰ-ਵਿਰੋਧ ਤੋਂ ਮੁਕਤ ਹੈ। ਇਸ ਅਕਾਲ ਫ਼ਲਸਫ਼ੇ ਦਾ ਰੂਪ ਸਦੀਵੀ ਹੈ, ਜਦਕਿ ਬਾਕੀ ਸਭ ਦੁਨਿਆਵੀ ਤਾਕਤਾਂ ਨੂੰ ਕਾਲ/ਸਮੇਂ ਦੀ ਛੋਟੀ ਸੱਤਾ ਦਾ ਰੂਪ ਦਰਸਾਇਆ ਗਿਆ ਹੈ। ਉਹ ਆਪਣੇ ਅਜਿਹੇ ਰੂਹਾਨੀ ਸੰਦੇਸ਼ ਅਤੇ ਜੀਵਨ-ਵਿਹਾਰ ਨਾਲ ਜਿਊਣ ਦਾ ਨਵਾਂ ਰਸਤਾ ਵਿਖਾਉਂਦੇਹਨ। ਇਸ ਰਾਹ ਦੇ ਰਾਹੀ ਵਜੋਂ ਹੀ ਨਵਾਂ ਗੁਰਮੁਖ ਮਨੁੱਖ ਉੱਭਰਦਾ ਹੈ। ਕਰਮ (ਕਾਰਜ) ਹੀ ਬੰਦੇ ਦੀ ਅਸਲ ਤੇ ਉੱਤਮ ਜਾਤ ਮੰਨੇ ਗਏ। ਗੁਰਮਤਿ ਮੁਤਾਬਕ ਜੀਵਨ 'ਕਰਮਾ ਸੰਦੜਾ' ਖੇਤ ਹੈ। ਉਸ ਸਮੇਂ ਚਾਰ-ਚੁਫੇਰੇ ਕੂੜ-ਪਸਾਰੇ ਦਾ ਬੋਲਬਾਲਾ ਸੀ। ਅਜਿਹੇ ਪਸਾਰੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦੇ ਅਮਲ ਰਾਹੀਂ ਦੂਰ ਕਰਨ ਦੀ ਵਿਉਂਤ ਬਣਾ ਲਈ ਸੀ। ਉਨ੍ਹਾਂ ਦੀ ਬਾਣੀ ਮਿੱਠੀ ਵੀ ਸੀ ਅਤੇ ਰਾਗ ਵਜੋਂ ਅੱਤ ਦੀ ਸੁਰੀਲੀ ਵੀ, ਨਾਲ ਮਰਦਾਨੇ ਦੀ ਰਬਾਬ ਦਾ ਸਾਜ਼ ਵੀ ਸੀ। ਇਨ੍ਹਾਂ ਸਭ ਸਮੇਤ ਗੁਰੂ ਸਾਹਿਬ ਨੇ ਦੁਨਿਆਵੀ ਮੈਦਾਨ 'ਚ ਨਿੱਤਰਨ ਦੀ ਠਾਣ ਲਈ ਸੀ। ਉਸ ਸਮੇਂ ਦੇ ਸਮਾਜ 'ਚ ਆਪਸੀ ਸੰਵਾਦ ਟੁੱਟ ਚੁੱਕਾ ਸੀ ਅਤੇ ਸਿਰਫ਼ ਇੱਕੋ ਹਾਕਮ ਜਾਂ ਮੁਗ਼ਲ ਹਕੂਮਤ ਦਾ ਪ੍ਰਵਚਨ ਭਾਰੂ ਸੀ। ਇਸ ਸਬੰਧੀ ਗੁਰੂ ਸਾਹਿਬ ਨੇ ਲੋਕਾਂ 'ਚ ਨਵਾਂ ਕੁਝ ਕਹਿਣ-ਸੁਣਨ ਦਾ ਮਹਾਂ-ਮਾਰਗ ਅਪਣਾ ਲਿਆ:

ਜਬ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ (ਅੰਗ : 661)

ਉਨ੍ਹਾਂ ਨੇ ਸਮੇਂ ਦੇ ਮਲਕ ਭਾਗੋਆਂ ਦੀ ਥਾਂ ਭਾਈ ਲਾਲੋ ਵਰਗੇ ਕਿਰਤੀਆਂ ਨਾਲ ਸਬੰਧ ਬਣਾਇਆ। ਗੁਰੂ ਸਾਹਿਬ ਜਮਾਤੀ ਸੋਝੀ ਵਜੋਂ ਕਿਰਤੀਆਂ ਤੇ ਹੇਠਲੀ ਸ਼੍ਰੇਣੀ ਦੇ ਆਲੰਬਰਦਾਰ ਬਣਦੇ ਹਨ। ਆਪਣੇ ਸਫ਼ਰਾਂ ਦੌਰਾਨ ਗੁਰੂ ਸਾਹਿਬ ਨੇ ਵੱਖ-ਵੱਖ ਧਾਰਮਿਕ ਸਥਾਨਾਂ ਦਾ ਰਟਨ ਕੀਤਾ। ਭਾਈ ਮਰਦਾਨਾ ਪੂਰੀ ਤਰ੍ਹਾਂ ਗੁਰੂ ਸਾਹਿਬ ਦੇ ਅੰਗ-ਸੰਗ ਰਹਿੰਦੇ ਹਨ, ਜੋ ਮੁਸਲਮਾਨਾਂ ਦੇ ਡੂੰਮ (ਮਰਾਸੀ) ਕੁਨਬੇ 'ਚੋਂ ਸਨ। ਗੁਰੂ ਸਾਹਿਬ ਨੇ ਉਸ ਵੇਲੇ ਦੇ ਵੱਡੇ ਧਾਰਮਿਕ ਗਿਆਨ ਕੇਂਦਰਾਂ—ਅਯੁੱਧਿਆ, ਗੋਰਖਮਤੇ, ਬਨਾਰਸ, ਜਗਨਨਾਥ ਪੁਰੀ, ਹਰਿਦੁਆਰ, ਮੱਕੇ ਤੇ ਪਾਕਪਟਨ ਆਦਿ ਸਥਾਨਾਂ ਉੱਤੇ ਵੱਖ-ਵੱਖ ਭਗਤਾਂ ਤੇ ਹੋਰ ਗੁਣੀ-ਗਿਆਨੀਆਂ ਨਾਲ ਸੰਵਾਦ ਰਚਾਇਆ। ਉਨ੍ਹਾਂ ਨੇ ਬਿਨਾਂ ਕਿਸੇ ਵਿਵਾਦ ਦੇ ਬਿਬੇਕੀ ਸੁਰ ਦੇ ਸੰਵਾਦ ਵਿੱਚ ਆਪਣੇ ਵਿਚਾਰਾਂ ਦੇ ਸਿੱਖ ਫ਼ਲਸਫ਼ੇ ਨੂੰ ਅੱਗੇ ਵਧਾਇਆ।

ਇਸ ਦੌਰਾਨ ਹੀ ਉਨ੍ਹਾਂ ਨੇ ਸਮਝਿਆ ਸੀ ਕਿ ਕਿਸੇ ਵੀ ਪ੍ਰਚਾਰ ਲਈ ਆਪਣਾ ਨਿਸ਼ਚਿਤ ਅਸਥਾਨ ਜਾਂ ਕੇਂਦਰ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਸਾਹਿਬ ਨੇ ਇੱਥੇ ਧਾਰਮਿਕ ਅਸਥਾਨ ਬਣਾਉਣ ਸਬੰਧੀ ਆਪਣੇ ਨਜ਼ਦੀਕੀਆਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਬਟਾਲੇ ਨਜ਼ਦੀਕ ਪਿੰਡ ਪੱਖੋਕੇ ਵਿਖੇ ਅਜਿਹਾ ਸਥਾਨ ਬਣਾਉਣ ਦਾ ਫ਼ੈਸਲਾ ਕੀਤਾ। ਇਸ ਸਥਾਨ ਦੀ ਕਰਤਾਰਪੁਰ ਨਾਂ ਦੇ ਪਿੰਡ ਵਜੋਂ ਨੀਂਹ ਗੁਰੂ ਸਾਹਿਬ ਨੇ ਤਕਰੀਬਨ 9 ਜਨਵਰੀ 1516 ਨੂੰ ਰੱਖੀ ਸੀ। ਕਰਤਾਰਪੁਰ ਨਾਂ ਹੀ ਆਪਣੇ-ਆਪ 'ਚ ਧਾਰਮਿਕ ਖ਼ਿਆਲ ਵਾਲਾ ਹੈ। ਇਹ ਕਰਤਾ ਅਰਥਾਤ ਕਰਤਾ-ਪੁਰਖ ਭਾਵ ਕੁਦਰਤ ਦੇ ਕਾਦਰ ਦੇ ਸਥਾਨ ਵਜੋਂ ਹੈ ਅਤੇ ਹੱਥੀਂ ਕਿਰਤ ਅਥਵਾ ਖੇਤੀ ਦਾ ਪੁਰ (ਪਿੰਡ) ਵੀ ਹੈ। ਇੱਥੇ ਕੋਠੇ ਰੂਪੀ ਧਰਮਸ਼ਾਲਾ ਬਣਾਈ ਗਈ। ਗੁਰੂ ਸਾਹਿਬ ਫਿਰ ਕੁਝ ਹੋਰ ਸਫ਼ਰਾਂ ਤੋਂ ਬਾਅਦ 1521 ਵਿੱਚ ਪੱਕੇ ਤੌਰ @ਤੇ ਆਪਣੇ ਵਸਾਏ ਹੋਏ ਨਗਰ ਕਰਤਾਰਪੁਰ ਵਿਖੇ ਆ ਗਏ। ਗੁਰੂ ਸਾਹਿਬ ਨੇ ਆਪਣੇ ਮਾਤਾ-ਪਿਤਾ ਨੂੰ ਵੀ ਇੱਥੇ ਵਸਾਉਣ ਦਾ ਪ੍ਰਬੰਧ ਕਰ ਲਿਆ ਅਤੇ ਭਾਈ ਮਰਦਾਨੇ ਦਾ ਪਰਿਵਾਰ ਵੀ ਕਰਤਾਰਪੁਰ ਵਿੱਚ ਹੀ ਵੱਸ ਗਿਆ। ਗੁਰੂ ਸਾਹਿਬ ਰੋਜ਼ਾਨਾ ਕੀਰਤਨ ਦਰਬਾਰ ਲਗਾਉਂਦੇ ਸਨ। ਲੋਕਾਂ ਦੇ ਸਹਿਯੋਗ ਨਾਲ ਸੰਗਤ ਤੇ ਪੰਗਤ ਦੇ ਲੰਗਰ ਵੀ ਚੱਲਣ ਲੱਗੇ ਸਨ। ਇਸ ਤਰ੍ਹਾਂ ਸਿੱਖ ਧਰਮ ਦੀ ਸਮਾਜਿਕ ਮਰਯਾਦਾ ਆਰੰਭ ਹੋਈ ਸੀ। ਇੱਥੇ ਗੁਰੂ ਸਾਹਿਬ ਆਪਣੇ ਹੱਥੀਂ ਲੰਗਰ ਦੀ ਸੇਵਾ ਕਰਦੇ ਸਨ। ਉਨ੍ਹਾਂ ਨੇ ਸੰਗਤ ਦੀ ਸੇਵਾ ਦਾ ਕਾਰਜ ਆਰੰਭਿਆ ਸੀ, ਕਿਉਂਕਿ ਉਹ ਸੰਗਤ ਵਿੱਚ ਹੀ ਪਰਮਾਤਮਾ ਦਾ ਵਸੇਬਾ ਮੰਨਦੇ ਸਨ:

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥ (ਅੰਗ : 94)

ਗੁਰੂ ਸਾਹਿਬ ਇੱਥੇ ਖੇਤੀ ਵੀ ਕਰਦੇ ਸਨ। ਇਸ ਖੇਤੀ ਤੋਂ ਹੁੰਦੀ ਆਮਦਨ ਸੰਗਤਾਂ ਦੇ ਲੰਗਰ ਲਈ ਵਰਤੀ ਜਾਂਦੀ ਸੀ। ਇੱਥੋਂ ਗੁਰੂ ਸਾਹਿਬ ਦੀ ਇਲਾਹੀ ਬਾਣੀ ਦਾ ਸੁਨੇਹਾ ਦੂਰ-ਦੂਰ ਤੱਕ ਪਹੁੰਚਣ ਲੱਗਾ ਸੀ। ਹੱਥੀਂ ਖੇਤੀ ਅਤੇ ਲੰਗਰ ਦਾ ਵਿਹਾਰਕ ਵਰਤਾਰਾ ਗੁਰਮਤਿ ਦੀ ਪ੍ਰਯੋਗਸ਼ਾਲਾ ਵਾਂਗ ਸੀ। ਗੁਰੂ ਸਾਹਿਬ ਨੇ ਅਜਿਹੇ ਸੱਚੇ ਆਚਾਰ-ਵਿਹਾਰ ਨੂੰ ਹੀ ਸਭ ਤੋਂ ਉੱਤਮ ਮੰਨਿਆ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (ਅੰਗ : 62)

ਸਮਾਜ ਵਿੱਚ ਨਵੀਂ ਜੀਵਨ-ਜਾਚ ਦਾ ਅਮਲ ਸ਼ੁਰੂ ਹੋ ਗਿਆ ਸੀ। ਸਵੇਰੇ-ਸ਼ਾਮ ਪਰਮਾਤਮਾ ਦੇ ਨਾਮ ਰੂਪੀ ਸ਼ੁਕਰਾਨੇ ਦਾ ਸਿਮਰਨ ਚੱਲਦਾ ਸੀ ਅਤੇ ਜੀਵਨ ਦੇ ਆਰਥਿਕ ਨਿਰਬਾਹ ਲਈ ਦਿਨੇ ਖੇਤੀ ਦੀ ਕਿਰਤ ਕੀਤੀ ਜਾਂਦੀ ਸੀ। ਇਸ ਤਰ੍ਹਾਂ ਭਗਤੀ ਤੇ ਘਾਲਿ-ਕਮਾਈ ਦਾ ਨਵਾਂ ਬੇਜੋੜ ਸਿੱਖੀ-ਸਰੂਪ ਸਾਹਮਣੇ ਆਉਂਦਾਹੈ। ਪੁਰਾਣੀਆਂ ਧਾਰਮਿਕ ਰਵਾਇਤਾਂ ਤੋਂ ਹਟ ਕੇ ਨਵੇਂ ਸੇਵਾ ਰੂਪੀ ਸਮਾਜਿਕ ਧਰਮ ਦੀ ਬੁਨਿਆਦ ਬਲ ਫੜਨ ਲੱਗੀ। ਗੁਰੂ ਸਾਹਿਬ ਨੇ ਸੇਵਾ ਦੇ ਵੱਡੇ ਮਹਾਤਮ ਉੱਤੇ ਜ਼ੋਰ ਦਿੱਤਾ:

ਵਿਚ ਦੁਨੀਆ ਸੇਵਿ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥ (ਅੰਗ : 26)

ਗੁਰੂ ਸਾਹਿਬ ਨੇ ਲੰਮੀ ਪਰਖ ਤੋਂ ਬਾਅਦ ਗੁਣਾਂ ਦੇ ਆਧਾਰ 'ਤੇ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਨੂੰ ਆਪਣਾ ਉੱਤਰਾਧਿਕਾਰੀ ਚੁਣਿਆ। ਉਨ੍ਹਾਂ ਨੇ ਵਾਰਿਸ ਦੀ ਅਜਿਹੀ ਚੋਣ ਸਮੇਂ ਆਪਣੀ ਸੰਤਾਨ ਜਾਂ ਪੁੱਤਰਾਂ ਨੂੰ ਨਕਾਰ ਦਿੱਤਾ ਸੀ। ਨਾਲ ਹੀ ਗੁਰੂ ਸਾਹਿਬ ਨੇ ਆਪਣੀ ਅਤੇ ਹੋਰ ਭਗਤਾਂ ਦੀ ਇਕੱਤਰ ਕੀਤੀ ਬਾਣੀ ਦੀ ਪੋਥੀ (ਬਸਤਾ) ਵੀ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕਰ ਦਿੱਤੀ। ਗੁਰੂ ਸਾਹਿਬ ਨੇ ਤਕਰੀਬਨ 12 ਹਜ਼ਾਰ ਮੀਲ ਦਾ ਲੰਮਾ ਪੈਂਡਾ ਤੈਅ ਕੀਤਾ ਸੀ। ਇਸ ਦੌਰਾਨ ਸਿੱਖੀ ਦਾ ਮੁੱਢ ਬੱਝ ਗਿਆ ਸੀ। ਲੋਕਾਂ ਨੂੰ ਬਦਲ ਵਜੋਂ ਨਵਾਂ, ਸਰਲ ਤੇ ਵਿਹਾਰਕ ਕਿਸਮ ਦਾ ਸਮਾਜਿਕ-ਧਾਰਮਿਕ ਰਾਹ ਮਿਲ ਗਿਆ ਸੀ। ਇਹ ਸਾਰੀ ਨਵੀਂ ਜਾਗ ਤੇ ਜਾਗ੍ਰਿਤੀ ਗੁਰੂ ਨਾਨਕ ਦੇਵ ਜੀ ਕਰਕੇ ਹੀ ਸੀ।

ਇਸ ਦੇਣ ਸਬੰਧੀ ਸਾਡੇ ਰਾਸ਼ਟਰੀ ਕਵੀ ਰਬਿੰਦਰ ਨਾਥ ਟੈਗੋਰ ਦਾ ਕਥਨ ਹੈ:

'ਸਿੱਖ ਜਾਗ ਉੱਠੇ ਸਨ, ਗੁਰ ਦੇ ਸ਼ਬਦ ਰਾਹੀਂ।'

ਪ੍ਰੋ. ਪੂਰਨ ਸਿੰਘ ਇਹ ਮੰਨਦੇ ਹਨ:

ਪੰਜਾਬ ਨਾ ਹਿੰਦੂ ਨਾ ਮੁਸਲਮਾਨ,

ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।

ਗੁਰੂ ਸਾਹਿਬ ਆਪਣੀ ਉਮਰ ਦੇ ਪਹਿਲੇ 35 ਸਾਲ ਤਲਵੰਡੀ ਹੀ ਰਹੇ ਸਨ। ਇਸ ਉਮਰ ਤੱਕ ਉਹ ਦੁਕਾਨ, ਵਪਾਰ ਤੇ ਨੌਕਰੀ ਆਦਿ ਵੱਖ-ਵੱਖ ਕਿੱਤਿਆਂ ਨਾਲ ਜੁੜੇ ਰਹੇ। ਫਿਰ ਗੁਰੂ ਸਾਹਿਬ ਹਿੰਦੂ-ਮੁਸਲਮਾਨਾਂ ਦੀ ਸਾਂਝੀ ਵਸੋਂ ਵਾਲੇ ਇਲਾਕੇ ਕਰਤਾਰਪੁਰ 'ਚ ਟਿਕ ਕੇ ਪੂਰੀ ਤਰ੍ਹਾਂ ਆਪਣੇ ਅਸਲੀ ਮਿਸ਼ਨ 'ਚ ਜੁਟ ਗਏ। ਇਹ ਸਥਾਨ ਤਬਦੀਲੀ ਪੂਰੀ ਤਰ੍ਹਾਂ ਦੁਨਿਆਦਾਰੀ ਦੇ ਨਾਲ-ਨਾਲ 'ਰੂਹਾਨੀਅਤ' ਦੇ ਰਾਹ ਪੈ ਜਾਣ ਦਾ ਪ੍ਰਮਾਣ ਹੈ। ਇੱਥੇ ਗੁਰੂ ਸਾਹਿਬ ਨੇ (1521 ਤੋਂ 1539 ਤੱਕ) 18 ਸਾਲ ਬਿਤਾਏ। ਇੱਥੇ ਆਪ ਜੀ ਨੇ ਖੇਤੀ ਕੀਤੀ ਅਤੇ ਇੱਥੇ ਹੀ ਗੁਰੂ ਸਾਹਿਬ ਦੀ ਕੀਰਤਨ-ਦਰਬਾਰ ਅਤੇ ਲੰਗਰ ਦੀ ਪ੍ਰਥਾ ਰੋਜ਼ਾਨਾ ਦਾ ਵਿਹਾਰਕ ਵਰਤਾਰਾ ਬਣ ਗਈ ਸੀ। ਪ੍ਰਭੂ ਦੇ ਨਾਮ-ਸਿਮਰਨ ਸਬੰਧੀ ਕੀਰਤਨ-ਪ੍ਰਵਾਹ ਅਤੇ ਖੇਤੀ ਦੀ ਸੱਚੀ ਕਿਰਤ ਕਮਾਈ ਦੀ ਮਰਯਾਦਾ ਸਥਾਪਤ ਹੋਈ। ਗੁਰੂ ਸਾਹਿਬ ਨੇ ਹੱਥ ਕਾਰ ਵੱਲ ਅਤੇ ਚਿੱਤ ਨਿਰੰਕਾਰ ਵੱਲ ਦਾ ਦੋਹਰਾ ਨਵਾਂ ਅਮਲ ਸ਼ੁਰੂ ਕੀਤਾ। ਇੱਥੋਂ ਹੀ ਧਰਮਾਂ, ਜਾਤਾਂ ਤੇ ਜਮਾਤਾਂ ਤੋਂ ਉੱਪਰ ਉੱਠ ਕੇ ਇੱਕੋ ਥਾਂ ਬੈਠ ਕੇ ਸੰਗਤੀ ਤੇ ਪੰਗਤੀ ਰੂਪ ਵਿੱਚ ਲੰਗਰ ਛਕਣ ਦੀ ਸਾਂਝ ਤੇ ਸਮਾਨਤਾ ਵਾਲੀ ਸਮਾਜਿਕ ਭਾਵਨਾ ਬਲ ਫੜਦੀ ਹੈ। ਅਜਿਹਾ ਅਮਲ ਸਿੱਖ ਅਤੇ ਸਿੱਖੀ ਦੀ ਬੁਨਿਆਦ ਬਣ ਗਿਆ।

ਗੁਰੂ ਸਾਹਿਬ 'ਬਲਿਹਾਰੀ ਕੁਦਰਤਿ ਵਸਿਆ' ਦੇ ਗੁਣਗਾਣ ਕਰਦੇ ਸਨ। ਉਹ ਪ੍ਰਕਿਰਤੀ ਦੇ ਫੁੱਲ-ਬੂਟਿਆਂ ਨੂੰ ਆਪਣੇ ਕਾਦਰ ਦੇ ਸੁਹੱਪਣ ਦਾ ਸੁਹਜ-ਸੁਨੇਹਾ ਮੰਨਦੇ ਸਨ। ਉਨ੍ਹਾਂ ਨੇ ਕੁਦਰਤ ਦੇ ਵੱਖ-ਵੱਖ ਰੂਪਾਂ ਨੂੰ ਮਨੁੱਖ ਦੇ ਪ੍ਰਾਣਧਾਰੀ ਆਧਾਰ ਵਜੋਂ ਪੇਸ਼ ਕੀਤਾ ਹੈ:

ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ॥ (ਅੰਗ : 472)

ਅਤੇ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਅੰਗ : 8)

ਅੱਜ ਅਸੀਂ ਕੁਦਰਤ (ਹਵਾ, ਪਾਣੀ ਤੇ ਜ਼ਮੀਨ) ਦੇ ਸੁਹੱਪਣ ਦਾ ਨਾਸ਼ ਕਰ ਰਹੇ ਹਾਂ ਅਤੇ ਨਾਲ ਹੀ ਗੁਰੂ ਸਾਹਿਬ ਦੇ ਉਦੇਸ਼ ਪ੍ਰਤੀ ਵੀ ਕੋਤਾਹੀ ਕਰ ਰਹੇ ਹਾਂ। ਅੱਜ ਅਸੀਂ ਬਾਬੇ ਨਾਨਕ ਦੇ ਦੱਸੇ ਕਿਰਤ ਦੇ ਰਾਹ ਤੋਂ ਟੁੱਟ ਰਹੇ ਹਾਂ, ਜਿਸ ਕਰਕੇ ਅਸੀਂ ਕਈ ਵੱਡੇ ਸੰਕਟਾਂ ਦੇ ਰੂ-ਬ-ਰੂ ਹਾਂ। ਅਸੀਂ ਆਪਣੇ ਗੁਰੂ ਸਾਹਿਬਾਨ ਨੂੰ ਤਾਂ ਮੰਨ ਰਹੇ ਹਾਂ ਪਰ ਉਨ੍ਹਾਂ ਦੇ ਦੱਸੇ ਰਾਹ ਤੋਂ ਇੱਧਰ-ਉੱਧਰ ਭਟਕ ਰਹੇ ਹਾਂ। ਇਸ ਵਿੱਚ ਹੀ ਸਾਡੀਆਂ ਸਭ ਸਮਾਜਿਕ, ਧਾਰਮਿਕ ਤੇ ਸਿਆਸੀ ਨਾਮੋਸ਼ੀਆਂ ਹਨ। ਅਸੀਂ ਚੀਜ਼ਾਂ-ਵਸਤਾਂ ਤੇ ਪਦਵੀਆਂ ਦੇ ਲੋਭ-ਲਾਲਚ ਦੀ ਖ਼ੁਦਗ਼ਰਜ਼ੀ ਵਿੱਚ ਫਸੇ ਹੋਏ ਹਾਂ, ਅਤੇ ਇਸ ਸਭ ਕੁਝ ਉੱਤੇ ਆਪਣੀ ਹਉਮੈਂ ਦਾ ਮੁਲ

ਅਜੋਕੇ ਫਾਸ਼ੀਵਾਦ ਅਤੇ ਨਸਲਵਾਦ ਦੇ ਦੌਰ 'ਚ ਗੁਰੂ ਨਾਨਕ ਚਿੰਤਨ ਦੀ ਸਾਰਥਿਕਤਾ

ਡਾ. ਗੁਰਵਿੰਦਰ ਸਿੰਘ ਧਾਲੀਵਾਲ



ਅਜੋਕੇ ਦੌਰ ਵਿੱਚ ਰਾਸ਼ਟਰਵਾਦ ਦੇ ਨਾਂ 'ਤੇ ਘੱਟ ਗਿਣਤੀਆਂ ਤੇ ਕਮਜ਼ੋਰ ਮੁਲਕਾਂ ਦਾ ਸ਼ੋਸ਼ਣ ਹੋ ਰਿਹਾ ਹੈ ਅਤੇ ਨਸਲਵਾਦ, ਫਿਰਕਾਪ੍ਰਸਤੀ ਤੇ ਕੱਟੜਵਾਦ ਕਾਰਨ ਲੋਕਤੰਤਰ ਦੀਆਂ ਧੱਜੀਆਂ ਉੱਡ ਰਹੀਆਂ ਹਨ। ਇਸ ਦੇ ਨਾਲ ਹੀ, ਕੁਦਰਤੀ ਸੋਮਿਆਂ ਦੀ ਅੰਨ੍ਹੀ ਲੁੱਟ, ਪ੍ਰਦੂਸ਼ਣ ਅਤੇ ਪਰਮਾਣੂ ਹਥਿਆਰਾਂ ਦੀ ਦੌੜ ਨੇ ਮਨੁੱਖਤਾ ਤੇ ਵਾਤਾਵਰਣ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ। ਅਜਿਹੇ ਭਿਆਨਕ ਸੰਕਟ ਦੇ ਸਮੇਂ ਵਿੱਚ, ਸੰਸਾਰ ਨੂੰ ਤਬਾਹੀ ਤੋਂ ਬਚਾਉਣ ਅਤੇ 'ਹਲੇਮੀ ਰਾਜ' ਦੀ ਸਥਾਪਨਾ ਕਰਨ ਲਈ ਗੁਰੂ ਨਾਨਕ ਸਾਹਿਬ ਦਾ ਜੀਵਨ-ਦਰਸ਼ਨ ਅਤੇ ਸਿਧਾਂਤ ਹੀ ਇੱਕੋ-ਇੱਕ ਚਾਨਣ ਮੁਨਾਰਾ ਹਨ।ਗੁਰੂ ਨਾਨਕ ਸਾਹਿਬ ਦਾ ਜੀਵਨ-ਦਰਸ਼ਨ ਜਾਤ, ਰੰਗ, ਨਸਲ ਅਤੇ ਦੇਸ਼ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖਤਾ ਦੀ ਅਗਵਾਈ ਕਰਦਾ ਹੈ। ਇਸ ਦੀ ਮਿਸਾਲ ਉਨ੍ਹਾਂ ਵੱਲੋਂ 557 ਸਾਲ ਪਹਿਲਾਂ (ਸੀਮਤ ਸਾਧਨਾਂ ਦੇ ਬਾਵਜੂਦ) ਕੀਤੀਆਂ ਗਈਆਂ ਚਾਰ ਵਿਸ਼ਵ-ਵਿਆਪੀ ਉਦਾਸੀਆਂ ਹਨ। ਉਨ੍ਹਾਂ ਦਾ 'ਹਲੇਮੀ ਰਾਜ' ਦਾ ਸੰਕਲਪ ਨਸਲੀ ਹੰਕਾਰ ਅਤੇ ਫਾਸ਼ੀਵਾਦ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਗੁਰੂ ਸਾਹਿਬ ਦੇ ਸਮੇਂ ਸਮਾਜ ਅਧਿਆਤਮਿਕ, ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਨਿਘਾਰ ਵੱਲ ਜਾ ਚੁੱਕਾ ਸੀ—ਧਾਰਮਿਕ ਆਗੂ ਕਰਮ-ਕਾਂਡਾਂ ਰਾਹੀਂ ਲੋਕਾਂ ਦਾ ਸ਼ੋਸ਼ਣ ਕਰ ਰਹੇ ਸਨ, ਜਾਤ-ਪਾਤ ਨੇ ਸਮਾਜ ਨੂੰ ਵੰਡ ਦਿੱਤਾ ਸੀ ਅਤੇ ਜ਼ਾਲਮ ਹਾਕਮ ਲੁਟੇਰਿਆਂ ਵਾਂਗ ਆਮ ਜਨਤਾ ਦਾ ਖ਼ੂਨ ਪੀ ਰਹੇ ਸਨ।

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥

ਮੱਧਕਾਲੀਨ ਇਤਿਹਾਸ ਵਿੱਚ ਜ਼ਾਲਮ ਹਕੂਮਤ ਵਿਰੁੱਧ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਸਭ ਤੋਂ ਪਹਿਲੀ ਇਨਕਲਾਬੀ ਆਵਾਜ਼ ਗੁਰੂ ਨਾਨਕ ਸਾਹਿਬ ਨੇ ਬੁਲੰਦ ਕੀਤੀ। ਉਨ੍ਹਾਂ ਨੇ ਹਮਲਾਵਰ ਬਾਬਰ ਦੇ ਜ਼ੁਲਮਾਂ ਨੂੰ ਨਿਡਰਤਾ ਨਾਲ 'ਪਾਪ ਦੀ ਜੰਞ' ਅਤੇ 'ਜ਼ਾਬਰ' ਕਰਾਰ ਦਿੱਤਾ, ਜਿਸ ਕਾਰਨ ਉਨ੍ਹਾਂ ਨੂੰ ਜੇਲ੍ਹ ਜਾਣਾ ਪਿਆ ਤੇ ਚੱਕੀਆਂ ਪੀਹਣੀਆਂ ਪਈਆਂ ਸਨ। ਗੁਰੂ ਸਾਹਿਬ ਵੱਲੋਂ ਪਾਈ ਗਈ ਇਸੇ ਕ੍ਰਾਂਤੀਕਾਰੀ ਪਿਰਤ ਸਦਕਾ ਸਿੱਖ ਕੌਮ ਪਿਛਲੇ ਸਾਢੇ ਪੰਜ ਸੌ ਸਾਲਾਂ ਤੋਂ ਅਣਗਿਣਤ ਤਸੀਹੇ ਝੱਲਦੀ ਹੋਈ ਸਮੇਂ-ਸਮੇਂ ਦੇ ਜ਼ਾਲਮਾਂ ਵਿਰੁੱਧ ਡਟਦੀ ਆ ਰਹੀ ਹੈ। ਗੁਰੂ ਨਾਨਕ ਸਾਹਿਬ ਦਾ ਇਹ ਸਿਧਾਂਤ ਅੱਜ ਵੀ ਉਨ੍ਹਾਂ ਭ੍ਰਿਸ਼ਟ ਅਤੇ ਜ਼ਾਲਮ ਸ਼ਾਸਕਾਂ ਵਿਰੁੱਧ ਓਨਾ ਹੀ ਸਾਰਥਕ ਹੈ, ਜੋ ਰਾਸ਼ਟਰਵਾਦ ਦੇ ਨਾਂ 'ਤੇ ਕਮਜ਼ੋਰ ਕੌਮਾਂ ਦਾ ਦਮਨ ਕਰ ਰਹੇ ਹਨ।

ਗੁਰੂ ਨਾਨਕ ਸਾਹਿਬ ਵੱਲੋਂ ਕਾਇਮ ਕੀਤੀ ਅਕਾਲ ਪੁਰਖ ਦੀ ਸੱਚੀ ਪਾਤਸ਼ਾਹੀ ਤੇ ਹਲੇਮੀ ਰਾਜ ਵਿੱਚ ਕਿਸੇ ਫ਼ਿਰਕੇ ਦਾ ਵਿਰੋਧ ਨਾ ਹੋ ਕੇ, ਜ਼ੁਲਮ ਅਤੇ ਅੱਤਿਆਚਾਰ ਦਾ ਵਿਰੋਧ ਹੈ। ਇਹ ਧਾਰਨਾ ਵੀ ਮੂਲੋਂ ਗ਼ਲਤ ਹੈ ਕਿ ਸਿੱਖੀ ਦਾ ਵਿਰੋਧ ਮੁਸਲਮਾਨਾਂ ਨਾਲ ਰਿਹਾ ਹੈ, ਜਦ ਕਿ ਹਕੀਕਤ ਇਹ ਹੈ ਕਿ ਗੁਰੂ ਨਾਨਕ ਸਾਹਿਬ ਦੇ ਰਬਾਬੀ ਤੇ ਸੰਗੀ-ਸਾਥੀ ਭਾਈ ਮਰਦਾਨਾ ਜੀ ਮੁਸਲਿਮ ਭਾਈਚਾਰੇ ਵਿੱਚੋਂ ਸਨ, ਬੇਸ਼ੱਕ ਮਗਰੋਂ ਸਿੱਖ ਸਜ ਗਏ ਸਨ। ਰਾਏ ਬੁਲਾਰ ਤੋਂ ਲੈ ਕੇ ਰਾਏ ਕੱਲਾ ਤੱਕ ਦੇ ਪਿਆਰ ਤੇ ਸਾਂਝ ਦਾ ਸਫ਼ਰ, ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਸਾਹਿਬਾਨ ਦੀ ਖਿਦਮਤ ਵਿੱਚ ਮੁਸਲਿਮ ਲੋਕਾਂ ਦੀ ਸੇਵਾ-ਭਾਵਨਾ ਸਦਾ ਬਣੀ ਰਹੀ।

ਗੁਰੂ ਨਾਨਕ ਸਾਹਿਬ ਦੀ ਖੰਡਨ ਨੀਤੀ ਜਿੱਥੇ ਮੁਗ਼ਲ ਜਗੀਰੂ ਢਾਂਚੇ ਤੇ ਸਟੇਟ ਨਾਲ ਸੀ, ਉੱਥੇ ਕੱਟੜ ਹਿੰਦੂਤਵੀ ਤੇ ਮਨੂਵਾਦੀ ਸਿਸਟਮ ਨਾਲ ਵੀ ਸੀ। ਦੋਹਾਂ ਤੋਂ ਵੱਖਰੇ ਤੇ ਨਿਆਰੇ ਨਿਰਮਲ ਪੰਥ ਦੀ ਨੀਂਹ ਰੱਖ ਕੇ ਗੁਰੂ ਨਾਨਕ ਸਾਹਿਬ ਨੇ ਸਿੱਖੀ ਦੀ ਸਥਾਪਨਾ ਕੀਤੀ। ਯੁੱਗ-ਪੁਰਸ਼ ਗੁਰੂ ਨਾਨਕ ਸਾਹਿਬ ਦੇ ਪ੍ਰੇਮ, ਇਤਫ਼ਾਕ ਤੇ ਸਦਭਾਵਨਾ ਦੇ ਸੰਦੇਸ਼ ਸਦਕਾ ਹਿੰਦੂ ਤੇ ਮੁਸਲਮਾਨ, ਗ੍ਰਹਿਸਤੀ ਤੇ ਤਿਆਗੀ, ਇਸਤਰੀ ਤੇ ਮਰਦ, ਨਾਥ ਤੇ ਯੋਗੀ, ਵਲੀ ਕੰਧਾਰੀ ਤੇ ਹਮਜ਼ਾ ਗੌਂਸ, ਕੌਡੇ ਰਾਖਸ਼ ਤੇ ਸੱਜਣ ਠੱਗ ਆਦਿ ਸਭਨਾਂ ਦੀ ਤਰਜ਼ੇ-ਜ਼ਿੰਦਗੀ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਆਉਣਾ ਤੇ ਗੁਰੂ ਸਾਹਿਬ ਦੇ ਮੁਰੀਦ ਤੇ ਸ਼ਰਧਾਲੂ ਬਣ ਜਾਣਾ ਵਿਸ਼ਵ ਇਤਿਹਾਸ ਵਿੱਚ ਅਲੌਕਿਕ ਵਰਤਾਰਾ ਹੈ। ਦਰਅਸਲ, ਉਨ੍ਹਾਂ ਦਾ ਪ੍ਰੇਮ ਪੈਗ਼ਾਮ ਸੰਪੂਰਨ ਇਨਸਾਨੀਅਤ ਲਈ ਹੈ ਅਤੇ ਖੱਤਰੀ ਬ੍ਰਾਹਮਣ ਸੂਦਰ ਵੈਸ਼ ਉਪਦੇਸ਼ ਚਹੁੰ ਵਰਨਾ ਲਈ ਸਾਂਝਾ ਹੈ। ਬਾਬਾ ਨਾਨਕ ਸਾਹਿਬ ਨੇ ਆਪਣੀ ਨਿਵੇਕਲੀ ਵਿਚਾਰਧਾਰਾ ਤੇ ਮਹਾਨ ਫ਼ਲਸਫ਼ੇ ਨਾਲ ਨੌਂ ਖੰਡ ਪ੍ਰਿਥਵੀ ਦਾ ਹਨੇਰਾ ਖ਼ਤਮ ਕਰ ਦਿੱਤਾ।ਪੂਰਬੀ ਦੁਨੀਆ ਵਿੱਚ ਉਦੈ ਹੋਇਆ ਇਹ ਸੂਰਜ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਬਣਿਆ। ਆਪ ਦੇ ਪਾਕਿ-ਪਵਿੱਤਰ ਕਲਾਮ ਨੂੰ ਸਲਾਮ ਕਰਦਾ ਡਾ. ਮੁਹੰਮਦ ਇਕਬਾਲ ਜਿੱਥੇ ਆਪ ਨੂੰ 'ਮਰਦੇ-ਕਾਮਿਲ' ਆਖਦਾ ਹੈ, ਉੱਥੇ 'ਇਨਸਾਈਕਲੋਪੀਡੀਆ ਆਫ ਇਸਲਾਮ' ਦੀ ਚੌਥੀ ਜਿਲਦ ਵਿੱਚ ਆਪਦਾ ਉਪਦੇਸ਼, ਸਮਾਜਿਕ ਸਾਵਾਂਪਣ, ਵਿਸ਼ਵ ਭਾਈਚਾਰੇ ਦੀ ਸਿਰਜਣਾ ਅਤੇ ਫਿਰਕਾਪ੍ਰਸਤੀ ਤੇ ਵਹਿਮ-ਭਰਮ ਦਾ ਖ਼ਾਤਮਾ ਦੱਸਿਆ ਗਿਆ ਹੈ।ਇੱਕੀਵੀਂ ਸਦੀ ਦੀਆਂ ਫਾਸ਼ੀਵਾਦੀ ਤਾਕਤਾਂ ਖਿਲਾਫ਼ ਡਟਣ ਲਈ ਗੁਰੂ ਨਾਨਕ ਸਾਹਿਬ ਦੇ ਚਿੰਤਨ ਤੋਂ ਸੇਧ ਲੈਣ ਦੀ ਲੋੜ ਹੈ। ਦੱਬੇ ਕੁਚਲੇ ਨਿਮਾਣੇ, ਨਿਤਾਣੇ, ਨਿਓਟੇ ਤੇ ਨਿਆਸਰੇ ਲੋਕਾਂ ਦੀ ਬਾਂਹ ਫੜਦਿਆਂ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਦੇ 'ਸੰਗ-ਸਾਥ' ਦਾ ਹੋਕਾ ਦਿੱਤਾ ਅਤੇ ਅਖੌਤੀ ਉੱਚ-ਜਾਤੀਆਂ ਤੇ ਜਗੀਰੂ ਤਾਕਤਾਂ ਨੂੰ ਰੱਦ ਕੀਤਾ।

ਬੇਗਮਪੁਰੇ ਦਾ ਸੱਚਾ-ਸੁੱਚਾ ਸਮਾਜੀ ਸਿਧਾਂਤ ਅਤੇ ਹਲੇਮੀ ਰਾਜ ਵਰਗਾ ਅਨੰਦਮਈ ਰਾਜ ਪ੍ਰਬੰਧ ਅਜੋਕੀ ਸਦੀ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਸੰਕਲਪ ਹੈ। ਤ੍ਰਾਸਦੀ ਇਹ ਹੈ ਕਿ ਜਿਨ੍ਹਾਂ ਮੂਲ ਨਿਵਾਸੀ ਲੋਕਾਂ ਨੂੰ ਦੈਂਤ, ਅਸੁਰ, ਸ਼ੂਦਰ ਤੇ ਅਛੂਤ ਕਹਿ ਕੇ ਛੁਟਿਆਇਆ ਜਾਂਦਾ ਹੈ, ਦਰਅਸਲ, ਉਨ੍ਹਾਂ ਲੋਕਾਂ ਦੀ ਬਾਂਹ ਫੜ ਕੇ ਹੀ ਗੁਰੂ ਨਾਨਕ ਸਾਹਿਬ ਨੇ ਸਿੱਖੀ ਦੀ ਨੀਂਹ ਰੱਖੀ ਸੀ। ਮਨੂਵਾਦੀ ਪ੍ਰਣਾਲੀ ਨੂੰ ਰੱਦ ਕਰਕੇ ਗੁਰੂ ਸਾਹਿਬ ਨੇ ਸਭਨਾਂ ਨੂੰ ਇੱਕ ਪੰਗਤ ਵਿੱਚ ਲੰਗਰ ਛਕਾਇਆ, ਜਿਸ ਕਾਰਨ ਬਿਪਰਵਾਦੀ ਤਾਕਤਾਂ ਦੀ ਸਿੱਖ ਪੰਥ ਨਾਲ ਟੱਕਰ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਜਾਤ ਨਾਸ਼, ਕੁਲ ਨਾਸ਼, ਰੰਗ-ਨਸਲ ਦਾ ਭਿੰਨ ਭੇਦ ਨਾਸ਼ ਕਰਾਰ ਦਿੰਦਿਆਂ ਸਭ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਣ ਦਾ ਰਾਹ ਦਿਖਾਇਆ, ਜਿਸ ਕਾਰਨ ਬਿਪਰ ਦੀ ਸੋਚ ਦਾ ਹਮੇਸ਼ਾਂ ਲਈ ਅੰਤ ਹੋ ਗਿਆ। ਜੋ ਖਾਲਸਾ ਰੂਪੀ ਵਿਸ਼ਾਲ ਰੁੱਖ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਫੁੱਲਿਤ ਹੋਇਆ ਸੀ, ਉਸ ਦੇ ਬੀਜ ਗੁਰੂ ਨਾਨਕ ਸਾਹਿਬ ਜੀ ਬੀਜ ਗਏ ਸਨ ਅਤੇ ਮਗਰਲੇ ਗੁਰੂ ਸਾਹਿਬਾਨ ਉਸ ਦੀ ਸਿੰਚਾਈ ਕਰਕੇ ਪਾਲਣ ਕਰਦੇ ਰਹੇ ਸਨ। ਜ਼ੁਲਮ ਦੇ ਖਾਤਮੇ ਲਈ ਅਤੇ ਮਜ਼ਲੂਮਾਂ ਦੀ ਰਾਖੀ ਲਈ ਜੋ ਕਿਰਪਾਨ ਖਾਲਸੇ ਨੂੰ ਫੜਾਈ ਗਈ ਸੀ, ਬੇਸ਼ੱਕ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਈ ਸੀ, ਪਰ ਉਸ ਦਾ ਫੌਲਾਦ ਗੁਰੂ ਨਾਨਕ ਜੀ ਨੇ ਤਿਆਰ ਕੀਤਾ ਸੀ।'ਗੁਰੂ ਨਾਨਕ ਦਰਸ਼ਨ ਰਬਾਬ ਤੋਂ ਨਗਾਰਾ ਤੱਕ ਦੀ ਯਾਤਰਾ' ਹੈ, ਜਿੱਥੇ ਭਾਈ ਮਰਦਾਨਾ ਜੀ ਦੀ ਰਬਾਬ ਤੋਂ ਲੈ ਕੇ ਆਨੰਦਪੁਰ ਸਾਹਿਬ ਦੇ ਰਣਜੀਤ ਨਗਾਰੇ ਤੱਕ ਦੀ ਗੂੰਜ, ਗਿਆਨ ਅਤੇ ਕਿਰਪਾਨ ਨਾਲ ਹਲੂਣਾ ਦਿੰਦੀ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਵੱਖੋ-ਵੱਖਰੇ ਨਹੀਂ, ਬਲਕਿ ਇੱਕ ਹੀ ਜੋਤ ਹਨ ਤੇ ਇਹ ਜੋਤ ਗੁਰੂ ਗ੍ਰੰਥ ਸਾਹਿਬ ਦੇ ਜੁੱਗੋ ਜੁੱਗ ਅਟੱਲ ਸਿਧਾਂਤ ਰੂਪ ਵਿੱਚ ਸਦਾ ਹੀ ਕਾਇਮ ਹੈ ਅਤੇ ਰਹੇਗੀ। ਅੱਜ ਜਦੋਂ ਸਿੱਖ ਪੰਥ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾ ਰਿਹਾ ਹੈ, ਅਜਿਹੇ ਸਮੇਂ ਸਰਬੱਤ ਦੇ ਭਲੇ ਅਤੇ ਮੁਕਤੀ ਦੇ ਮਾਰਗ ਅਨੁਸਾਰ ਪੱਛੜੇ, ਦੱਬੇ-ਕੁਚਲੇ ਤੇ ਬਿਪਰਵਾਦ ਵੱਲੋਂ ਨਕਾਰੇ ਲੋਕਾਂ ਨੂੰ ਗਲਵੱਕੜੀ ਵਿੱਚ ਲੈਣ ਲਈ ਪਹਿਲਕਦਮੀ ਕਰਨਾ ਸਮੇਂ ਦੀ ਮੰਗ ਹੈ।

ਗੁਰੂ ਨਾਨਕ ਰਚਨਾ ਦੀ ਵਿਲੱਖਣ ਨੁਹਾਰ ਦਾ ਕਾਰਨ ਸਮੇਂ ਅਤੇ ਸਥਾਨ ਦੀ ਸੀਮਾ ਤੋਂ ਮੁਕਤ ਭਾਸ਼ਾ ਦਾ ਸੁਮੇਲ ਹੈ। ਇਸ ਵਿੱਚਲੀ ਭਾਸ਼ਾ ਸਦੀਵੀ ਸਮਝੀ ਜਾਣ ਵਾਲੀ ਤੇ ਲੋਕ ਮੁਹਾਵਰੇ ਵਾਲੀ ਸਾਧਾਰਨ ਲੋਕਾਂ ਦੀ ਬੋਲੀ ਹੈ।

(ਬਾਕੀ ਸਫ਼ਾ 27 'ਤੇ)

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੂ ਜਗਿ ਚਾਨਣੁ ਹੋਆ



ਬੀਬੀ ਜਗੀਰ ਕੌਰ



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਇੱਕ ਨਿਵੇਕਲੇ ਅਧਿਆਇ ਦਾ ਆਰੰਭ ਹੋਇਆ। ਆਪ ਜੀ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਵਿਖੇ 1469 ਈਸਵੀ ਵਿੱਚ ਪਿਤਾ ਮਹਿਤਾ ਕਲਿਆਣ ਦਾਸ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਸ ਨਗਰ ਨੂੰ ਸ੍ਰੀ ਨਨਕਾਣਾ ਸਾਹਿਬ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਨਾਲ ਮਾਨਵਤਾ ਨੂੰ ਅੰਮ੍ਰਿਤਮਈ ਅਗਵਾਈ ਮਿਲੀ, ਜਿਸ ਨਾਲ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਅਤੇ ਵਿਗਿਆਨਕ ਆਦਿ ਖੇਤਰਾਂ ਅੰਦਰ ਇੱਕ ਕ੍ਰਾਂਤੀਕਾਰੀ ਲੋਅ ਚਮਕੀ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਸਮਾਜ ਅੰਦਰ ਅਗਿਆਨਤਾ ਦਾ ਹਨੇਰਾ ਪਸਰਿਆ ਹੋਇਆ ਸੀ। ਧਾਰਮਿਕ ਆਗੂਆਂ ਦੇ ਸਤਾਏ ਹੋਏ ਲੋਕ ਅਜਿਹੇ ਆਸਰੇ ਦੀ ਭਾਲ 'ਚ ਸਨ, ਜਿੱਥੋਂ ਉਨ੍ਹਾਂ ਨੂੰ ਜੀਵਨ ਦਾ ਸਹੀ ਮਾਰਗ ਪ੍ਰਾਪਤ ਹੋ ਸਕੇ। ਇਸ ਅਧੋਗਤੀ ਦੇ ਸਮੇਂ ਅੰਦਰ ਜਿਥੇ ਲੋਕਾਈ ਵਹਿਮਾਂ-ਭਰਮਾਂ ਅਤੇ ਪਾਖੰਡਵਾਦ ਵਿੱਚ ਫਸੀ ਹੋਈ ਸੀ, ਉਥੇ ਹੀ ਧਰਮ ਦੇ ਨਾਂਅ 'ਤੇ ਮਾਨਵਤਾ ਨੂੰ ਵੰਡਣ ਦਾ ਬੋਲਬਾਲਾ ਵੀ ਸੀ। ਵਰਣ-ਵੰਡ ਅਤੇ ਛੂਤ-ਛਾਤ ਸਿਖ਼ਰ 'ਤੇ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ 'ਤੇ ਆਗਮਨ ਨਾਲ ਮਨੁੱਖਤਾ ਨੂੰ ਇੱਕ ਠੰਢਾ ਅਹਿਸਾਸ ਹੋਇਆ। ਸਮਾਜਿਕ ਅਧੋਗਤੀ ਦਾ ਵਰਣਨ ਕਰਦਿਆਂ ਗੁਰੂ ਸਾਹਿਬ ਨੇ ਪਾਵਨ ਗੁਰਬਾਣੀ ਵਿੱਚ ਫ਼ਰਮਾਇਆ ਹੈ:

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥ (ਅੰਗ 145)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਬਰਾਬਰਤਾ, ਸਾਂਝੀਵਾਲਤਾ ਅਤੇ ਸੁਤੰਤਰਤਾ ਵਾਲੀ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਕੇ ਸੰਸਾਰ ਦਾ ਮਾਰਗ-ਦਰਸ਼ਨ ਕੀਤਾ। ਆਪ ਜੀ ਦੀ ਵਿਚਾਰਧਾਰਾ ਨੇ ਇਨਸਾਨ ਨੂੰ ਧਾਰਮਿਕ ਪੱਖ ਤੋਂ ਸਚਿਆਰ, ਸਮਾਜਿਕ ਪੱਖ ਤੋਂ ਬਰਾਬਰ ਤੇ ਆਰਥਿਕ ਪੱਖ ਤੋਂ ਆਪਣੀ ਸੱਚੀ-ਸੁੱਚੀ ਕਿਰਤ ਰਾਹੀਂ ਸੰਤੁਸ਼ਟ ਰਹਿਣਾ ਸਿਖਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਰਮਕਾਂਡੀ ਤਰਜੀਹਾਂ ਤੋਂ ਵੱਖ ਕਰਕੇ ਸਮਾਜਿਕ ਖੇਤਰ ਵਿਚ ਧਰਮ ਦਾ ਸਹੀ ਸਥਾਨ ਨਿਸਚਿਤ ਕੀਤਾ ਅਤੇ ਧਰਮ ਤੇ ਸਮਾਜ ਦੀ ਨਿਰਭਰਤਾ ਨੂੰ ਸਪੱਸ਼ਟ ਕੀਤਾ।ਉਨ੍ਹਾਂ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੇ ਢੁੱਕਵੇਂ, ਸਾਵੇਂ ਤੇ ਸਪੱਸ਼ਟ ਹੱਲ ਦੱਸੇ।ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਿਆਂ ਤੇ ਵਿਚਾਰਿਆਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਉਨ੍ਹਾਂ ਮਨੁੱਖੀ ਜੀਵਨ ਨੂੰ ਆਦਰਸ਼ਕ ਬਣਾਉਣ ਲਈ ਇਸ ਦੀ ਹਰ ਪੱਖ ਤੋਂ ਅਗਵਾਈ ਕੀਤੀ। ਆਪ ਜੀ ਨੇ ਉਹ ਵਿਚਾਰਧਾਰਾ ਦਿੱਤੀ, ਜੋ ਸੰਸਾਰਕ ਜੀਵਨ ਦੇ ਨਾਲੋ-ਨਾਲ ਹੋ ਕੇ ਚੱਲਦੀ ਹੈ।

ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੋਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਮਨੁੱਖ ਨੂੰ ਸੱਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਬਣਨ ਦੀ ਪ੍ਰੇਰਣਾ ਕੀਤੀ ਅਤੇ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜੀਣ ਦੇ ਯੋਗ ਬਣਾਇਆ। ਗੁਰੂ ਸਾਹਿਬ ਜੀ ਵਲੋਂ ਸੁਝਾਇਆ ਇਹ ਮਾਰਗ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ 'ਤੇ ਆਧਾਰਿਤ ਹੈ। ਆਪ ਜੀ ਨੇ ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀਂ ਸੇਧ ਦੇਣ ਵਾਲੇ ਹਨ।

ਇਸ ਦੇ ਨਾਲ ਹੀ ਸਮਾਜ ਅੰਦਰ ਤ੍ਰਿਸਕਾਰੀ ਜਾ ਰਹੀ ਇਸਤਰੀ ਸ਼੍ਰੇਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਚਾ ਸਨਮਾਨ ਦਿੱਤਾ ਅਤੇ ਉਨ੍ਹਾਂ ਦੇ ਹੱਕਾਂ, ਹਿੱਤਾਂ ਲਈ ਆਵਾਜ਼ ਬੁਲੰਦ ਕੀਤੀ। ਅਸਲ ਵਿੱਚ ਉਸ ਸਮੇਂ ਹਿੰਦੋਸਤਾਨੀ ਸਮਾਜ ਵਿੱਚ ਇਸਤਰੀ ਦੀ ਦਸ਼ਾ ਬੜੀ ਮਾੜੀ

ਬਾਬਾ ਨਾਨਕ ਦੀ ਸ਼ਖ਼ਸੀਅਤ ਉਸਾਰੀ 'ਚ ਬੇਬੇ ਨਾਨਕੀ ਦਾ ਯੋਗਦਾਨ

ਡਾ. ਜਗਜੀਵਨ ਸਿੰਘ

ਨਾਨਕ ਸਾਹਿਬ ਨੂੰ ਬਾਬਾ ਗੁਰੂ ਨਾਨਕ ਅਤੇ ਫਿਰ ਬਾਬਾ ਗੁਰੂ ਨਾਨਕ ਤੋਂ 'ਬਾਬਾ ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ' ਬਣਾਉਣ ਵਿੱਚ ਉਨ੍ਹਾਂ ਦੀ ਵੱਡੀ ਭੈਣ ਬੇਬੇ ਨਾਨਕੀ ਦਾ ਬਹੁਤ ਵੱਡਾ ਹੱਥ ਸੀ। ਇਹ ਵੀ ਸੱਚ ਹੈ ਕਿ ਬਾਬਾ ਨਾਨਕ ਦੀ ਆਮਦ ਤੋਂ ਪਹਿਲਾਂ ਬੇਬੇ ਨਾਨਕੀ ਜੀ ਇਸ ਧਰਤੀ 'ਤੇ ਆਏ ਸਨ। ਬਾਬਾ ਨਾਨਕ ਜੀ ਦੇ ਪੈਗ਼ੰਬਰੀ ਸਰੂਪ ਨੂੰ ਪਹਿਲੀ ਵਾਰ ਨਿਹਾਰਨ, ਪਛਾਣਨ ਅਤੇ ਮਾਨਤਾ ਪ੍ਰਦਾਨ ਕਰਨ ਦਾ ਸੁਭਾਗ ਵੀ ਸ਼ਾਇਦ ਭੈਣ ਨਾਨਕੀ ਨੂੰ ਹੀ ਹਾਸਲ ਹੋਇਆ ਸੀ। ਭੈਣ ਨਾਨਕੀ ਦਾ ਆਪਣੇ ਛੋਟੇ ਵੀਰ ਨਾਲ ਪਿਆਰ ਭਰਿਆ ਨਿੱਘਾ ਰਿਸ਼ਤਾ, ਭੈਣ-ਭਰਾ ਦੇ ਆਦਰਸ਼ ਪਿਆਰ ਦਾ ਲਖਾਇਕ ਹੈ। ਬਚਪਨ ਤੋਂ ਬਾਅਦ ਹੋਸ਼ ਸੰਭਾਲਣ ਵਾਲੀ ਉਮਰ ਵਿੱਚ ਜਦੋਂ ਬਾਬਾ ਨਾਨਕ ਜੀ ਦੀ ਨਿਰੰਕਾਰੀ ਸੋਚਧਾਰਾ ਉਨ੍ਹਾਂ ਦੇ ਪਿਤਾ ਜੀ ਦੀ ਸੰਸਾਰੀ ਸੋਚਧਾਰਾ ਨੂੰ ਬਹੁਤੀ ਪਸੰਦ ਨਾ ਆਈ, ਤਾਂ ਅਜਿਹੀ ਤਣਾਅ ਵਾਲੀ ਸਥਿਤੀ ਵਿੱਚ ਸੁਲਤਾਨਪੁਰ ਲੋਧੀ ਵਿਆਹੀ ਉਨ੍ਹਾਂ ਦੀ ਵੱਡੀ ਭੈਣ ਨਾਨਕੀ ਅਤੇ ਭਾਈਆ ਜੈ ਰਾਮ ਜੀ ਦਾ ਘਰ ਅਤੇ ਦਿਲ ਦਾ ਬਾਗ਼ ਬਾਬਾ ਨਾਨਕ ਦੇ ਤੇਜੱਸਵੀ ਵਿਅਕਤੀਤਵ ਦੇ ਹੋਰ ਮੌਲਣ ਅਤੇ ਨਿਖਰਨ ਦਾ ਸਾਜ਼ਗਾਰ ਟਿਕਾਣਾ ਬਣਿਆ।

ਭੈਣ ਅਤੇ ਜੀਜੇ ਕੋਲ ਰਹਿੰਦਿਆਂ, 'ਗਿਰਹੀ ਮਾਹਿ ਉਦਾਸੀ' ਵਾਲੇ ਨਿਰਾਲੇ ਮਾਰਗ 'ਤੇ ਚੱਲਦਿਆਂ, ਸਤਿਗੁਰਾਂ ਨੇ ਸੁਲਤਾਨਪੁਰ ਲੋਧੀ ਦੇ ਨਵਾਬ ਦੇ ਮੋਦੀਖ਼ਾਨੇ ਵਿੱਚ ਨੌਕਰੀ ਕਰਕੇ ਜਿੱਥੇ ਇੱਕ ਪਾਸੇ ਆਮ ਦੁਨੀਆਦਾਰਾਂ ਵਾਂਗ ਸੰਸਾਰ ਦੀ ਕਾਰ ਨੂੰ ਬਾਖ਼ੂਬੀ ਨਿਭਾਇਆ, ਉੱਥੇ 'ਤੇਰਾ ਤੇਰਾ' ਤੋਲ ਕੇ ਰੂਹਾਨੀ ਬੰਦਗੀ ਦੇ ਆਪਣੇ ਅਨੋਖੇ ਤੇਜੱਸਵੀ ਸਫ਼ਰ ਨੂੰ ਵੀ ਨਿਰੰਤਰ ਜਾਗੀ ਰੱਖਿਆ। ਪਤਨੀ ਸੁਲੱਖਣੀ ਜੀ ਨੂੰ ਵਿਆਹੁਣ ਲਈ ਬਟਾਲੇ ਢੁੱਕੀ ਬਾਬਾ ਨਾਨਕ ਜੀ ਦੀ ਜੰਞ ਵੀ ਉਨ੍ਹਾਂ ਦੀ ਪਿਆਰੀ ਭੈਣ ਦੇ ਘਰੋਂ ਸੁਲਤਾਨਪੁਰ ਲੋਧੀ ਤੋਂ ਹੀ ਰਵਾਨਾ ਹੋਈ। ਵਿਆਹ ਪਿੱਛੋਂ ਗ੍ਰਹਿਸਥ ਆਸ਼ਰਮ ਦਾ ਨਿਭਾਅ ਅਤੇ ਨਿਰਬਾਹ ਵੀ ਸੁਲਤਾਨਪੁਰ ਲੋਧੀ ਵਿਖੇ ਹੀ ਕੀਤਾ। ਦੋ ਲਿਸ਼ਕਾਰੇ ਵਾਲੇ ਸਪੁੱਤਰਾਂ ਦੀ ਪੈਦਾਇਸ਼ ਵੀ ਇੱਥੇ ਹੀ ਹੋਈ। ਇੱਥੇ ਹੀ ਉਨ੍ਹਾਂ ਦਾ 'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ' ਵਾਲਾ ਸਮੁੱਚਾ ਅਤਿ ਰਹੱਸਮਈ, ਕੀਮਤੀ ਅਤੇ ਰਮਜ਼ ਭਰਪੂਰ ਰੂਹਾਨੀ ਘਟਨਾਕ੍ਰਮ ਵੀ ਇਸੇ ਪਾਵਨ ਧਰਤੀ 'ਤੇ ਹੀ ਵਾਪਰਿਆ।

ਭਾਈ ਗੁਰਦਾਸ ਜੀ ਦੇ ਕਹਿਣ ਅਨੁਸਾਰ ਭਾਰਤ ਜਾਂ ਹਿੰਦੁਸਤਾਨ ਦੀ ਧਰਤੀ 'ਤੇ ਪੈਦਾ ਹੋਣ ਵਾਲੇ ਨਿਆਰੇ 'ਨਿਰਮਲ ਪੰਥ' (ਸਿੱਖ ਧਰਮ/ਗੁਰਮਤਿ) ਦੇ ਬਾਨੀ ਹੋਣ ਕਾਰਨ, ਬਾਬਾ ਨਾਨਕ ਜੀ ਮੂਲ ਰੂਪ ਵਿੱਚ ਇੱਕ ਮਹਾਨ ਦਰਵੇਸ਼-ਸ਼ਾਇਰ, ਦਾਰਸ਼ਨਿਕ, ਸੰਗੀਤਕਾਰ ਅਤੇ ਧਾਰਮਿਕ ਰਹਿਬਰ ਜਾਂ ਧਰਮ-ਗੁਰੂ ਹਨ।

ਧਰਮ ਕੀ ਹੈ ? ਧਰਮ ਦਾ ਰਾਹ ਕੀ ਹੈ ? ਸਾਡੀ ਜਾਚੇ ਧਰਮ ਮੂਲ ਮਨੁੱਖੀ ਫ਼ਰਜ਼ ਹੈ। ਇਹ ਇੱਕ ਅੰਤਰ-ਯਾਤਰਾ ਹੈ। ਸਰੀਰ ਤੋਂ ਪਾਰਲੀ ਮਨ ਅਤੇ ਰੂਹ ਦੀ ਸਾਧਨਾ ਹੈ। ਅੰਤਰ-ਯਾਤਰਾ ਦੀ ਸਿਖਰਲੀ ਮੰਜ਼ਿਲ (ਸੱਚਖੰਡ ਦੀ ਅਵਸਥਾ) 'ਤੇ ਪੁੱਜਿਆ ਧਰਮ-ਸਾਧਕ ਹਰ ਪ੍ਰਕਾਰ ਦੀਆਂ ਬੰਦਿਸ਼ਾਂ, ਦੁਬਿਧਾਵਾਂ, ਲਕੀਰਾਂ, ਵਖਰੇਵਿਆਂ ਅਤੇ ਸੰਕੀਰਨਤਾਵਾਂ ਤੋਂ ਉਤਾਂਹ ਉੱਠਿਆ (ਮੁਕਤ) ਹੋਇਆ, ਬਹੁਤ ਹੀ ਪਾਕ-ਸਾਫ਼, ਉਦਾਰ ਅਤੇ ਫ਼ਰਾਖ਼-ਦਿਲ ਇਨਸਾਨ ਹੁੰਦਾ ਹੈ। ਤਾਂ ਹੀ ਤਾਂ ਵੇਈਂ ਨਦੀ (ਡੂੰਘੀ ਸਮਾਧੀ) 'ਚੋਂ ਬਾਹਰ ਨਿਕਲਣ ਉਪਰੰਤ ਬਾਬਾ ਨਾਨਕ ਜੀ ਨੇ ਇਲਾਹੀ ਵਜਦ ਵਿੱਚ ਆ ਕੇ ਜੋ ਪਹਿਲਾ ਪਾਵਨ ਵਚਨ ਉਚਾਰਿਆ, ਉਹ ਇਹ ਸੀ: 'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ'।

ਬਚਪਨ ਦੇ ਦਿਨਾਂ ਤੋਂ ਲੈ ਕੇ ਆਪਣੇ ਸਮੁੱਚੇ ਜੀਵਨ-ਸਫ਼ਰ ਦੌਰਾਨ ਉਹ ਹਰ ਮਜ਼ਹਬ, ਹਰ ਫ਼ਿਰਕੇ ਅਤੇ ਹਰ ਵਰਗ ਦੇ ਲੋਕਾਂ ਨਾਲ ਬੇਝਿਜਕ ਮੇਲ-ਮਿਲਾਪ, ਵਿਚਾਰ-ਵਟਾਂਦਰਾ ਅਤੇ ਸੰਵਾਦ ਕਰਦੇ ਰਹੇ। ਉਹ ਧਾਰਮਿਕ ਸਹਿ-ਹੋਂਦ, ਫ਼ਿਰਕੂ ਇਕਸੁਰਤਾ, ਮਿਲਵਰਤਨ ਅਤੇ ਸਦਭਾਵਨਾ ਦੇ ਮੁੱਦਈ ਸਨ।

ਉਨ੍ਹਾਂ ਕੋਲ ਆਪਣੇ ਤੋਂ ਵੱਖਰੀ ਰਾਇ ਰੱਖਣ ਵਾਲਿਆਂ ਨੂੰ ਸਵੀਕਾਰਨ ਅਤੇ ਸਤਿਕਾਰਨ ਦਾ ਸਲੀਕਾ, ਖੁੱਲ੍ਹਾ-ਖੁਲਾਸਾਪਣ ਅਤੇ ਸਦਾਚਾਰਕ ਤਾਣ ਹੀ ਨਹੀਂ, ਸਗੋਂ ਉਨ੍ਹਾਂ ਨਾਲ ਬੜੀ ਹਲੀਮੀ, ਸ਼ਾਇਸਤਗੀ ਅਤੇ ਅਧੀਨਗੀ ਨਾਲ ਸੰਵਾਦ ਰਚਾਉਣ ਦਾ ਰੌਚਕ ਹੁਨਰ ਵੀ ਮੌਜੂਦ ਸੀ।

ਬਚਪਨ ਦੇ ਦਿਨਾਂ ਵਿੱਚ ਜਦੋਂ ਉਨ੍ਹਾਂ ਦੇ ਪਰਿਵਾਰਕ ਪੁਰੋਹਿਤ (ਪਾਂਧੇ) ਨੇ ਉਨ੍ਹਾਂ ਨੂੰ ਜਨੇਊ ਪਹਿਨਣ ਦੀ ਰਸਮ ਅਦਾ ਕਰਨ ਲਈ ਆਖਿਆ, ਤਾਂ ਉਹ ਇਸ ਲਈ ਸਹਿਮਤ ਨਾ ਹੋਏ। ਆਪਣੀ ਅਸਹਿਮਤੀ ਨੂੰ ਤਾਰਕਿਕ ਅੰਦਾਜ਼ ਵਿੱਚ ਪੇਸ਼ ਕਰਦਿਆਂ ਉਹ ਕਿਤੇ ਵੀ ਪਾਂਧੇ ਨਾਲ ਖਹਿਬੜਦੇ ਨਹੀਂ, ਤਕਰਾਰ ਨਹੀਂ ਕਰਦੇ। ਕਿਸੇ ਪ੍ਰਕਾਰ ਦੇ ਬੇਲੋੜੇ ਵਿਵਾਦ ਅਤੇ ਝਗੜੇ ਵਿੱਚ ਪੈਣ ਦੀ ਥਾਂ ਉਹ ਆਪਣੀ ਰਾਇ ਨੂੰ ਬੜੀ ਵਿਵੇਕਸ਼ੀਲਤਾ, ਸ਼ਾਇਸਤਗੀ, ਨਿਮਰਤਾ, ਦਲੇਰੀ ਅਤੇ ਪਕਿਆਈ ਨਾਲ ਉਸ ਅੱਗੇ ਰੱਖਦੇ ਹਨ।

ਬਿਨਾਂ ਸ਼ੱਕ ਉਹ ਪਿਤਾ ਜੀ ਅਤੇ ਪੁਰੋਹਿਤ ਤੋਂ ਵੱਖਰੀ ਰਾਇ ਦੇ ਧਾਰਨੀ ਸਨ। ਵੱਖਰੇ ਰਾਹ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ, ਪਰਿਪੱਕ ਅਤੇ ਪ੍ਰਤੀਬੱਧ ਵੀ ਸਨ। ਇਸ ਮੁੱਦੇ 'ਤੇ ਅਰਥ-ਭਰਪੂਰ ਸੰਵਾਦ ਕਰਦਿਆਂ ਉਹ ਕਿਤੇ ਵੀ ਦੋਵਾਂ ਨਾਲ ਤਕਰਾਰ ਨਹੀਂ ਕਰਦੇ, ਗੁੱਸੇ ਅਤੇ ਤਲਖ਼ੀ ਵਿੱਚ ਨਹੀਂ ਆਉਂਦੇ।

ਇਸ ਪ੍ਰਸੰਗ ਵਿੱਚ ਸਿੱਖ ਇਤਿਹਾਸ ਅਤੇ ਉਨ੍ਹਾਂ ਦੀ ਬਾਣੀ ਵਿੱਚ ਇੱਕ ਥਾਂ ਜ਼ਿਕਰ ਆਉਂਦਾ ਹੈ ਕਿ ਜਦੋਂ ਉਨ੍ਹਾਂ ਦੀ ਕੁੱਲ ਦੇ ਪਰਿਵਾਰਕ ਪੁਰੋਹਿਤ (ਪਾਂਧੇ) ਨੇ ਪ੍ਰਚਲਿਤ ਖ਼ਾਨਦਾਨੀ ਰਵਾਇਤ ਮੁਤਾਬਕ ਉਨ੍ਹਾਂ ਨੂੰ ਜਨੇਊ ਧਾਰਨ ਕਰਨ ਦੀ ਤਾਕੀਦ ਕੀਤੀ, ਤਾਂ ਉਹ ਅੱਗੋਂ ਇਸ ਨੂੰ ਪਾਉਣ ਤੋਂ ਇਨਕਾਰ ਨਹੀਂ ਕਰਦੇ। ਨਾਂਹ-ਪੱਖੀ ਰਵੱਈਆ ਅਪਣਾਉਂਦਿਆਂ ਪਾਂਧੇ ਦੀ ਪਾਈ ਲਕੀਰ ਨੂੰ ਮੇਸਦੇ ਨਹੀਂ, ਕੱਟਦੇ ਨਹੀਂ, ਮਿਟਾਉਂਦੇ ਨਹੀਂ, ਸਗੋਂ ਵਿਵੇਕ ਅਤੇ ਦਲੇਰੀ ਦਾ ਪੱਲਾ ਨਾ ਛੱਡਦਿਆਂ ਬੜੀ ਹਲੀਮੀ ਨਾਲ 'ਜਨੇਊ' ਦੀ ਅਸਲੀਅਤ 'ਤੇ ਚਾਨਣਾ ਪਾਉਂਦਿਆਂ, ਆਪਣੇ ਨਿਆਰੇ ਵਿਵੇਕ ਦੁਆਰਾ ਇਵੇਂ ਕਰਨ ਦੀ ਹਾਮੀ ਭਰਦੇ ਹਨ। ਪਾਂਧੇ ਦੀ ਲਕੀਰ, ਪਾਂਧੇ ਦੇ ਖ਼ੁਸ਼ਕ ਕਿਸਮ ਦੇ ਰਵਾਇਤੀ ਤਰਕ ਦੇ ਬਰਾਬਰ ਆਪਣਾ ਨਿਵੇਕਲਾ ਅਤੇ ਤਾਜ਼ਗੀ ਨਾਲ ਭਰਪੂਰ ਤਰਕ ਦਿੰਦੇ ਹਨ। ਉਸ ਨਾਲੋਂ ਤੇਜੱਸਵੀ ਅਤੇ ਵੱਡੀ ਆਪਣੀ ਵੱਖਰੀ ਲਕੀਰ ਖਿੱਚਦੇ ਹਨ। ਜਨੇਊ ਪਾਉਣ ਦੀ ਤਰਕਯੁਕਤ ਹਮਾਇਤ ਕਰਦਿਆਂ ਉਹ ਪਾਂਧੇ ਨੂੰ ਆਖਦੇ ਹਨ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਸਪਸ਼ਟ ਹੈ ਕਿ ਬਾਬਾ ਨਾਨਕ ਜਨੇਊ ਪਾਉਣ ਲਈ ਬਿਲਕੁਲ ਰਾਜ਼ੀ ਹਨ, ਪਰ ਉਹ ਪਾਂਧੇ ਦੁਆਰਾ ਸੁਝਾਏ ਕੱਚੇ, ਥੋੜ੍ਹ-ਚਿਰੇ, ਰਸਮੀ, ਨਕਲੀ ਅਤੇ ਬਾਹਰੀ ਜਨੇਊ ਨੂੰ ਪਾਉਣ ਦੀ ਥਾਂ, ਆਪਣਾ ਦੱਸਿਆ ਅਜਿਹਾ ਪੱਕਾ, ਸਦੀਵੀ, ਸਦਾਬਹਾਰ, ਅਸਲੀ ਅਤੇ ਅੰਤਰੀਵੀ ਜਨੇਊ ਧਾਰਨ ਕਰਨ ਲਈ ਹੀ ਰਾਜ਼ੀ ਸਨ, ਜੋ ਨਾ ਤਾਂ ਕਦੇ ਟੁੱਟਦਾ ਹੈ, ਨਾ ਮੈਲਾ ਹੁੰਦਾ ਹੈ, ਨਾ ਨਾਸ਼ ਹੁੰਦਾ ਹੈ ਅਤੇ ਨਾ ਹੀ ਕਦੇ ਗੁਆਚਦਾ ਹੈ।

ਬਾਬਾ ਨਾਨਕ ਜੀ ਕਮਾਲ ਦੇ ਖੁੱਲ੍ਹ-ਦਿਲੇ ਪੁੱਤਰ, ਭਰਾ, ਵਿਚਾਰਕ ਅਤੇ ਧਾਰਮਿਕ ਰਹਿਨੁਮਾ ਹੀ ਨਹੀਂ, ਬੜੇ ਨਿਆਰੇ ਫ਼ਰਾਖ਼-ਦਿਲ ਪਿਤਾ ਵੀ ਸਨ। ਇਤਿਹਾਸ ਗਵਾਹ ਹੈ ਕਿ ਪਿਓ ਅਤੇ ਗੁਰੂ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੇ ਦੋਵਾਂ ਸਪੁੱਤਰਾਂ ਨੂੰ ਆਪਣਾ ਪਿਛਲੱਗੂ ਬਣਾਉਣ ਦਾ ਕੋਈ ਉਪਰਾਲਾ ਨਹੀਂ ਕੀਤਾ। ਵਿਸ਼ੇਸ਼ ਕਰਕੇ ਜਦੋਂ ਵੱਡੇ ਤਪੱਸਵੀ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਉਨ੍ਹਾਂ ਤੋਂ ਵੱਖਰਾ ਪ੍ਰਤੀਤ ਹੁੰਦਾ ਰਾਹ (ਉਦਾਸੀ ਭੇਖ) ਚੁਣਿਆ, ਤਾਂ ਉਨ੍ਹਾਂ ਨੇ ਉਸ ਦੇ ਵਿਚਾਰਾਂ ਦੀ ਆਜ਼ਾਦੀ ਦੇ ਹੱਕ ਅਤੇ ਉਸ ਦੁਆਰਾ ਚੁਣੇ ਰਾਹ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਬਾਬਾ ਨਾਨਕ ਜੀ ਸੰਵਾਦ ਅਤੇ ਕਿਤਾਬ ਨਾਲ ਪਿਆਰ ਕਰਨ ਵਾਲੇ ਬੇਹੱਦ ਸੁਹਿਰਦ, ਸੰਜੀਦਾ, ਸੰਵੇਦਨਸ਼ੀਲ ਅਤੇ ਰਸੀਲੇ ਦਰਵੇਸ਼ ਸ਼ਖ਼ਸ ਵੀ ਸਨ। ਉਹ 'ਪੋਥੀ' ਅਰਥਾਤ ਕਿਤਾਬ ਨੂੰ 'ਪਰਮੇਸਰ ਕਾ ਥਾਨੁ' ਸਵੀਕਾਰਦੇ ਸਨ। ਕਹਿਣ ਦਾ ਅਰਥ ਇਹ ਹੈ ਕਿ ਉਹ ਸ਼ਬਦ/ਕਿਤਾਬ ਅਤੇ ਗਿਆਨ ਨੂੰ ਪਰਮਾਤਮਾ ਤੁੱਲ ਮੰਨਦੇ ਸਨ। ਉਹ ਪੁਸਤਕ-ਪ੍ਰੇਮੀ ਬੰਦੇ ਸਨ। ਕਿਤਾਬ/ਗਿਆਨ ਨੂੰ ਉਹ ਆਪਣਾ ਇਸ਼ਟ ਅਤੇ ਸਭ ਤੋਂ ਵਧੀਆ ਦੋਸਤ ਮੰਨਦੇ ਸਨ। ਆਪਣੇ ਘਰ ਅਤੇ ਵਤਨ ਦਾ ਤਿਆਗ ਕਰਕੇ ਉਹ ਜਦੋਂ-ਜਦੋਂ ਵੀ ਦੇਸ਼ਾਂ-ਵਿਦੇਸ਼ਾਂ ਵਿੱਚ ਲੰਮੀਆਂ ਯਾਤਰਾਵਾਂ 'ਤੇ ਗਏ, ਤਾਂ ਇਨ੍ਹਾਂ ਸਾਰੀਆਂ ਉਦਾਸੀਆਂ ਦੌਰਾਨ 'ਕਿਤਾਬ' ਅਤੇ 'ਸੰਵਾਦ' ਉਨ੍ਹਾਂ ਦੇ ਪੱਕੇ ਸੰਗੀ-ਸਾਥੀ ਰਹੇ।

ਉਨ੍ਹਾਂ ਨੇ ਆਪਣੇ ਜੀਵਨ-ਸਫ਼ਰ ਦੌਰਾਨ ਕਈ ਸਾਰੀਆਂ ਜ਼ੁਬਾਨਾਂ ਜਿਵੇਂ ਸੰਸਕ੍ਰਿਤ, ਬ੍ਰਜ, ਉਰਦੂ, ਫ਼ਾਰਸੀ, ਅਰਬੀ ਆਦਿ ਕੇਵਲ ਇਸ ਕਰਕੇ ਬੜੇ ਸ਼ੌਕ ਅਤੇ ਲਗਨ ਨਾਲ ਸਿੱਖੀਆਂ ਤਾਂ ਕਿ ਉਹ ਨਾ ਕੇਵਲ ਇਨ੍ਹਾਂ ਭਾਸ਼ਾਵਾਂ ਵਿੱਚ ਪਏ ਗਿਆਨ ਨੂੰ ਹੀ ਸਹੀ ਢੰਗ ਨਾਲ ਸਮਝਣ ਦੇ ਸਮਰੱਥ ਹੋ ਸਕਣ, ਸਗੋਂ ਆਪਣੀ ਗਿਆਨ ਦੀ ਤੀਬਰ ਪਿਆਸ ਨੂੰ ਵੀ ਤ੍ਰਿਪਤ ਕਰ ਸਕਣ।

ਕੁਝ ਦੱਸਣ ਅਤੇ ਕਹਿਣ ਦੀ ਥਾਂ ਕੁਝ ਸੁਣਨਾ, ਧਿਆਨ ਨਾਲ ਸੁਣਨਾ ਅਤੇ ਗਹਿਰਾ ਸੁਣਨਾ ਉਨ੍ਹਾਂ ਦਾ ਮਨਭਾਉਂਦਾ ਸ਼ੌਕ ਸੀ। ਦਰਅਸਲ ਬੋਲਣ ਦੀ ਥਾਂ ਸੁਣਨਾ ਉਨ੍ਹਾਂ ਦੀ ਪਹਿਲੀ ਤਰਜੀਹ ਸੀ। ਦੂਸਰਾ, ਵਿਚਾਰ-ਚਰਚਾ ਕਰਨ ਅਤੇ ਗਿਆਨ ਹਾਸਲ ਕਰਨ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਹਉਮੈ ਵੀ ਨਹੀਂ ਸੀ। ਸਦਾ ਸਿਖਿਆਰਥੀ, ਨਿਮਰ ਅਤੇ ਜਾਣਨ ਦੇ ਇੱਛੁਕ ਹੋਣ ਦੇ ਤੀਬਰ ਭਾਵ ਕਾਰਨ ਉਹ ਆਪਣੇ ਆਪ ਨੂੰ ਹਮੇਸ਼ਾ ਊਣਾ ਅਤੇ ਅਧੂਰਾ ਹੀ ਮੰਨਦੇ ਸਨ। ਇੱਕ ਜਗਿਆਸੂ ਵਿਦਿਆਰਥੀ ਵਾਂਗ ਵਿਚਰਨਾ ਉਨ੍ਹਾਂ ਦੀ ਸੋਚਧਾਰਾ ਅਤੇ ਜੀਵਨ-ਸ਼ੈਲੀ ਦਾ ਕੇਂਦਰੀ-ਬਿੰਦੂ ਸੀ। ਤਾਂ ਹੀ ਤਾਂ ਉਹ ਆਖਦੇ ਸਨ:

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥

ਸੰਵਾਦ ਰਚਾਉਣ ਦੀ ਆਪਣੀ ਦਿਲਚਸਪ ਅਤੇ ਨਿਰਾਲੀ ਸ਼ੈਲੀ ਸਦਕਾ ਬਾਬਾ ਨਾਨਕ ਜੀ ਆਪਣੀਆਂ ਚਾਰ ਲੰਮੀਆਂ ਉਦਾਸੀਆਂ (ਯਾਤਰਾਵਾਂ) ਦੌਰਾਨ ਜਿੱਥੇ ਕਿਤੇ ਵੀ ਗਏ, ਉੱਥੇ ਵਸਦੇ ਵੱਖ-ਵੱਖ ਧਰਮਾਂ ਦੇ ਵਿਦਵਾਨਾਂ ਅਤੇ (ਬਾਕੀ ਸਫ਼ਾ 27 'ਤੇ)

ਮਨੁੱਖੀ ਹੱਕਾਂ ਦੀ ਕ੍ਰਾਂਤੀ ਦੇ ਸਿਰਜਕ ਸਤਿਗੁਰੂ ਨਾਨਕ

ਡਾ. ਰਣਜੀਤ ਸਿੰਘ

ਪੰਦਰਵੀਂ ਸਦੀ ਤੱਕ ਸਦੀਆਂ ਦੀ ਗੁਲਾਮੀ ਅਤੇ ਜਾਤ ਪਾਤ ਦੇ ਆਧਾਰ ਉੱਤੇ ਪਈਆਂ ਵੰਡੀਆਂ ਨਾਲ ਭਾਰਤੀ ਸਮਾਜ ਦਾ ਭੈੜਾ ਹਾਲ ਸੀ। ਕੰਮਕਾਜੀ ਆਧਾਰ ਉੱਤੇ ਹੋਈ ਵਰਗ ਵੰਡ ਨੂੰ ਪੱਕਿਆਂ ਕਰ ਕੇ ਲੋਕਾਂ ਨੂੰ ਉੱਚੀਆਂ ਤੇ ਨੀਵੀਆਂ ਜਾਤਾਂ ਵਿੱਚ ਵੰਡ ਦਿੱਤਾ ਗਿਆ ਸੀ। ਨੀਵੀਆਂ ਜਾਤੀਆਂ ਨੂੰ ਅਛੂਤ ਆਖਿਆ ਗਿਆ ਅਤੇ ਉਨ੍ਹਾਂ ਦਾ ਜੀਵਨ ਨਰਕ ਤੋਂ ਵੀ ਭੈੜਾ ਬਣਾ ਦਿੱਤਾ ਗਿਆ। ਵੇਲੇ ਦੇ ਹਾਕਮਾਂ ਨੇ ਧਰਮ ਦੇ ਠੇਕੇਦਾਰਾਂ ਅਤੇ ਉੱਚੀ ਜਾਤ ਦੇ ਆਗੂਆਂ ਨੂੰ ਖਰੀਦ, ਉਨ੍ਹਾਂ ਦੇ ਹੱਥੋਂ ਹੀ ਇਸ ਵੰਡ ਨੂੰ ਮਜ਼ਬੂਤ ਕਰਵਾਇਆ। ਗਰੀਬ, ਨਿਮਾਣੇ ਅਤੇ ਲਿਤਾੜੇ ਜਾ ਰਹੇ ਲੋਕਾਂ ਦੇ ਦਿਮਾਗ ਵਿੱਚ ਇਹ ਦ੍ਰਿੜ ਕਰਵਾ ਦਿੱਤਾ ਗਿਆ ਕਿ ਤੁਹਾਡੀ ਦੁਰਦਸ਼ਾ ਤੁਹਾਡੇ ਪਿਛਲੇ ਜਨਮਾਂ ਵਿੱਚ ਕੀਤੇ ਕਰਮਾਂ ਕਰ ਕੇ ਹੈ। ਅਗਲੇ ਜਨਮ ਵਿੱਚ ਭਲੇ ਦਿਨ ਦੇਖਣ ਲਈ ਉੱਚੀਆਂ ਜਾਤਾਂ ਦੀ ਸੇਵਾ ਕਰੋ, ਦੇਵੀ ਦੇਵਤਿਆਂ ਦੀ ਪੂਜਾ ਕਰੋ। ਸਮੇਂ ਦੇ ਰਾਜਸੀ ਅਤੇ ਧਾਰਮਿਕ ਆਗੂਆਂ ਨੇ ਨੀਚ ਅਤੇ ਅਛੂਤ ਸਮਝੇ ਜਾਂਦੇ ਲੋਕਾਂ ਲਈ ਵਿਦਿਆ ਦੀ ਪ੍ਰਾਪਤੀ, ਚੰਗੇ ਕਪੜੇ ਪਹਿਨਣ ਅਤੇ ਧਾਰਮਿਕ ਸਥਾਨ ਉੱਤੇ ਜਾਣ ਦਾ ਮਨਾਹੀ ਕੀਤੀ ਹੋਈ ਸੀ। ਧਾੜਵੀਆਂ ਦੇ ਹਮਲਿਆਂ ਅਤੇ ਵਿਦੇਸ਼ੀਆਂ ਦੀ ਗੁਲਾਮੀ ਨੇ ਲੋਕਾਂ ਵਿਚੋਂ ਸਵੈਮਾਣ ਖਤਮ ਕਰ ਦਿੱਤਾ ਸੀ। ਧਾੜਵੀ ਆਉਂਦੇ,ਲੁੱਟ ਮਚਾਉਂਦੇ, ਲੋਕਾਂ ਉੱਤੇ ਜ਼ੁਲਮ ਕਰਦੇ, ਇਥੋਂ ਤੱਕ ਕਿ ਲੁੱਟੇ ਮਾਲ ਦੇ ਨਾਲ ਨਾਲ ਔਰਤਾਂ ਨੂੰ ਵੀ ਆਪਣੇ ਨਾਲ ਲੈ ਜਾਂਦੇ। ਇਸ ਜ਼ੁਲਮ ਵਿਰੁਧ ਸਭ ਤੋਂ ਪਹਿਲਾਂ ਗੁਰੂ ਨਾਨਕ ਜੀ ਨੇ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਜ਼ਾਲਮਾਂ ਨੂੰ ਲਲਕਾਰਿਆਂ, ਧਾਰਮਿਕ ਆਗੂਆਂ ਨੂੰ ਫਿਟਕਾਰਿਆ ਅਤੇ ਦੱਬੇ-ਕੁਚਲੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਵਾਸਤੇ ਜੂਝਣ ਲਈ ਵੰਗਾਰਿਆ। ਉਨ੍ਹਾਂ ਨੇ ਨਿਮਾਣੇ ਅਤੇ ਨੀਚ ਸਮਝੇ ਜਾਂਦੇ ਲੋਕਾਂ ਦੇ ਬਰਾਬਰ ਆਪਣੇ ਆਪ ਨੂੰ ਖੜ੍ਹਾ ਕੀਤਾ ਅਤੇ ਉਨ੍ਹਾਂ ਦਾ ਸਾਥ ਦਿੱਤਾ। ਕਿਰਤੀਆਂ ਨੂੰ ਮਾਣ ਬਖਸ਼ਿਆ ਅਤੇ ਗਿਆਨ ਦੇ ਦਰਵਾਜ਼ੇ ਉਨ੍ਹਾਂ ਲਈ ਖੋਲ੍ਹੇ:

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥ (142)

ਗੁਰੂ ਜੀ ਨੇ ਕੇਵਲ ਲੋਕਾਂ ਵਿੱਚ ਚੇਤਨਾ ਹੀ ਨਹੀਂ ਜਗਾਈ ਸਗੋਂ ਆਪਣੇ ਹੱਕਾਂ ਦੀ ਰਾਖੀ ਵਾਸਤੇ ਘੋਲ ਕਰਨ ਲਈ ਵੀ ਪ੍ਰੇਰਿਆ। ਉਦੋਂ ਸ਼ਾਹੀ ਜ਼ੁਲਮ ਅਤੇ ਜਬਰ ਆਪਣੀ ਸਿਖਰ ਉੱਤੇ ਸੀ। ਉਸ ਸਮੇਂ ਦੀ

ਸ੍ਰੀ ਗੁਰੂ ਨਾਨਕ ਦੇਵ ਜੀ



ਪ੍ਰਮਿੰਦਰ ਸਿੰਘ
ਪ੍ਰਵਾਨਾ
510-415-9377

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਗਮਨ ਸਮੇਂ ਭਾਵੇਂ ਹਿੰਦੁਸਤਾਨ ਦਾ ਬਹੁਤਾ ਹਿੱਸਾ ਮੁਸਲਮਾਨ ਰਾਜ ਹੇਠ ਸੀ ਪਰ ਅਸਲ ਵਿੱਚ ਸਾਰਾ ਦੇਸ਼ ਕਈ ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਸੂਬੇ ਆਪਣੀ ਥਾਂ ਖੁਦ ਮੁਖਤਿਆਰ ਸਨ। ਧਰਮ -ਯੁੱਧ ਬਹਾਨੇ ਦੂਸਰੇ ਧਰਮਾਂ ਵਿਰੁੱਧ ਅੱਤਿਆਚਾਰ ਅਤੇ ਜ਼ੁਲਮ ਢਾਹੇ ਜਾਂਦੇ ਸਨ। ਇਸ ਤਰਾਂ ਰਾਜਨੀਤਿਕ , ਭਾਈਚਾਰਕ ਤੇ ਧਾਰਮਿਕ ਹੱਕਾਂ ਦੇ ਪੱਖ ਤੋਂ ਹਿੰਦੂਆਂ ਦੀ ਦਸ਼ਾ ਬੜੀ ਭੈੜੀ ਸੀ। ਭਾਰਤ ਵਰਸ਼ ਵਹਿਮਾਂ ਭਰਮਾਂ ਤਅੱਸਬ ਵੈਰ ਵਿਰੋਧ ਦਾ ਸ਼ਿਕਾਰ ਸੀ। ਲੋਕ ਢਹਿੰਦੀ ਕਲਾ ਵੱਲ ਜਾ ਰਹੇ ਸਨ। ਰੋਜ਼ਾਨਾ ਜੀਵਨ ਵਿੱਚ ਨਿਘਾਰ ਆ ਚੁੱਕਾ ਸੀ। ਲੋਕ ਜ਼ੁਲਮ ਅਤੇ ਪਾਪ ਹੇਠ ਪਿਸ ਰਹੇ ਸਨ। ਉਹਨਾਂ ਦਾ ਕੋਈ ਰਹਿਬਰ ਨਹੀਂ ਸੀ। ਧਾਰਮਿਕ ਆਗੂ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਲੁੱਟ ਰਹੇ ਸਨ। ਰਾਜਨੀਤਿਕ ਲੋਟੂ ਟੋਲਾ ਵੀ ਹਾਵੀ ਸੀ। ਲੋਕ ਉਸ ਵੇਲੇ ਦੇ ਪ੍ਰਚਲਤ ਧਰਮਾਂ ਤੋਂ ਨਿਰਾਸ਼ ਸਨ। ਆਮ ਜਨਤਾ ਨੂੰ ਆਸ ਸੀ ਕਿ ਕੋਈ ਸੂਰਮਾ ਮੁਕਤੀ ਦਾਤਾ ਉਠੇਗਾ, ਜਿਹੜਾ ਦੱਬੇ ਕੁਚਲੇ ਲਿਤਾੜੇ ਮੰਦ ਭਾਗੇ ਲੋਕਾਂ ਮਨੁੱਖਤਾ ਦੇ ਵੈਰੀਆਂ ਤੋਂ ਛਡਾਏਗਾ। ਜੋ ਜਾਬਰ ਜਰਵਾਣਿਆਂ ਨੂੰ ਵੰਗਾਰੇਗਾ। ਉਹ ਮਹਾਨ ਸ਼ਖ਼ਸੀਅਤ ਗੁਰੂ ਨਾਨਕ ਦੇਵ ਸਾਹਿਬ ਜੀ ਹੀ ਤਾਂ ਸਨ, ਜਿਨ੍ਹਾਂ ਸਿੱਖ ਕੌਮ ਦੀ ਘਾੜਤ ਘੜੀ। ਜਿਨ੍ਹਾਂ ਸਿੱਖ ਧਰਮ ਦੀ ਨੀਂਹ ਰੱਖੀ।

ਪੰਜਾਬ ਵਿੱਚ ਕੂੜ ਅਮਾਵਸ ਦੀ ਹਨੇਰੀ ਸੀ। ਤਦ ਹੀ ਗੁਰੂ ਸਾਹਿਬ ਭਾਈਚਾਰਕ ਧਾਰਮਿਕ ਤੇ ਰਾਜਸੀ ਜਬਰ ਦੇ ਦੇਸ਼ ਵਿੱਚ ਅਜ਼ਾਦੀ ਤੇ ਬਰਾਬਰੀ ਦਾ ਪੈਗੰਬਰ ਹੋ ਕੇ ਵਿਚਰੇ। ਈਰਖਾ ਅਤੇ ਪਾਟੋ ਧਾਪ ਦੇ ਸਮੇਂ ਅਮਨ ਤੇ ਮ੍ਰਿਤਤਾਈ ਦਾ ਸੁਨੇਹਾ ਲੈ ਕੇ ਆਏ। ਅਜਿਹੇ ਸੂਰਮਿਆਂ ਦੀ ਕੌਮ ਦੀ ਨੀਂਹ ਰੱਖੀ, ਜਿਸ ਨੇ ਜ਼ਾਲਮਾਂ ਦਾ ਨਾਸ ਕੀਤਾ। ਜਾਤ ਪਾਤ ਤੋਂ ਉਪਰ ਉੱਠ ਕੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ।

ਪੰਦ੍ਹਰਵੀਂ ਸਦੀ ਵਿੱਚ ਕੱਤਕ ਦੀ ਪੂਰਨਮਾਸੀ 1469 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ ਪਿੰਡ ਰਾਇ ਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ, ਜਿਸ ਨੂੰ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਉਂ ਮਹਿਤਾ ਕਾਲੂ ਜੀ ਸੀ, ਜੋ ਲੇਖਾਕਾਰ ਦਾ ਕੰਮ ਕਰਦੇ ਸਨ। ਮਾਤਾ ਤ੍ਰਿਪਤਾ ਧਾਰਮਿਕ ਵਿਚਾਰਾਂ ਦੇ ਸਨ। ਆਪ ਜੀ ਤੋਂ ਪੰਜ ਸਾਲ ਵੱਡੀ ਭੈਣ ਬੇਬੇ ਨਾਨਕੀ ਜੀ ਸਨ।

ਆਪ ਬਚਪਨ ਤੋਂ ਹੀ ਅਧਿਆਤਮਕ ਵਿਚਾਰਾਂ ਦੇ ਸਨ। ਡੂੰਘੇ ਚਿੰਤਕ ਅਤੇ ਤਰਕਸ਼ੀਲ ਸੋਚ ਦੇ ਮਾਲਕ ਸਨ। ਉਹਨਾਂ ਦੇ ਗਿਆਨ ਤੋਂ ਉਹਨਾਂ ਦੇ ਅਧਿਆਪਕ ਵੀ ਹੈਰਾਨ ਹੋਏ ਸਨ। 16 ਸਾਲ ਦੀ ਉਮਰ ਤਕ ਆਪ ਜੀ ਨੇ ਸੰਸਕ੍ਰਿਤ, ਫਾਰਸੀ ਅਤੇ ਹਿੰਦੀ ਦੇ ਨਾਲ ਧਾਰਮਿਕ ਗ੍ਰੰਥਾਂ ਦੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰ ਲਈ ਸੀ। ਉਹਨਾਂ ਲਿਖਣਾ ਵੀ ਸ਼ੁਰੂ ਕਰ ਦਿੱਤਾ ਸੀ। ਦਫ਼ਤਰੀ ਕੰਮ ਕਾਜ ਵੀ ਸਿੱਖ ਲਿਆ ਸੀ।

ਸੰਨ 1487 ਵਿੱਚ ਆਪ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ। ਆਪ ਦੇ ਦੋ ਸਪੁੱਤਰ ਸ੍ਰੀ ਚੰਦ ਅਤੇ ਲਖਣੀ ਚੰਦ ਸਨ। ਬਚਪਨ ਦੇ ਮਿੱਤਰ ਭਾਈ ਮਰਦਾਨਾ ਜੀ ਮੁਸਲਮਾਨ ਸਨ, ਉਹਨਾਂ ਨਾਲ ਪਰਵਾਰ ਸਮੇਤ ਸੁਲਤਾਨਪੁਰ ਲੋਧੀ ਚਲੇ ਗਏ ਸਨ। ਉਥੋਂ ਦੇ ਨਵਾਬ ਕੋਲ ਸਰਕਾਰੀ ਰਾਸ਼ਨ ਦਾ ਮੋਦੀਖਾਨਾ ਸੀ। ਆਪ ਜੀ ਨੇ ਉਸ ਕੋਲ ਮੋਦੀ ਦੀ ਨੌਕਰੀ ਕਰ ਲਈ। ਸਵੇਰ ਸ਼ਾਮ ਉਹਨਾਂ ਨੇ ਰਬਾਬੀ ਮਰਦਾਨਾ ਨਾਲ ਸ਼ਬਦ ਗਾਇਨ ਦਾ ਨਿਯਮ ਬਣਾ ਲਿਆ ਸੀ। ਗੁਰੂ ਸਾਹਿਬ ਜੀ ਨੇ 1497 ਵਿੱਚ ਵੇਈਂ ਨਦੀ 'ਤੇ ਇਸ਼ਨਾਨ ਕਰਦਿਆਂ, ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਜੀਵਨ ਦਾ ਅਗਲਾ ਪੜਾਅ ਸ਼ੁਰੂ ਕੀਤਾ। ਆਪਣੇ ਸਿੱਖੀ ਸਿੱਧਾਂਤ ਦਾ ਪ੍ਰਚਾਰ ਸਾਰੇ ਸੰਸਾਰ ਵਿੱਚ ਕੀਤਾ। ਸੰਨ 1497-1521 ਤਕ ਚਾਰ ਯਾਤਰਾਵਾਂ ਕੀਤੀਆਂ। ਜਿਸ ਵਿੱਚ ਦੂਰ ਦੁਰਾਡੇ ਦੇ ਖਿੱਤਿਆਂ ਦਾ ਭਰਮਣ ਕੀਤਾ। ਵਿਚਾਰ ਗੋਸ਼ਟੀਆਂ ਦਾ ਆਰੰਭ ਕੀਤਾ। ਧਰਮ ਸ਼ਾਸਤਰੀਆਂ, ਵਿਦਵਾਨ, ਪੰਡਤਾਂ, ਮੁੱਲਾਂ , ਸਿੱਧਾਂ ਨਾਥ ਯੋਗੀਆਂ, ਸੈਂਣ ਅਤੇ ਜਨਮਾਨੀਆਂ ਆਦਿ ਨਾਲ ਚਰਚਾਵਾਂ ਕੀਤੀਆਂ। ਕ੍ਰਮਵਾਰ ਪੂਰਬ, ਦੱਖਣ , ਉੱਤਰ ਅਤੇ ਪੱਛਮ ਵਿੱਚ 30,000 ਕਿਲੋਮੀਟਰ ਦੇ ਸਫ਼ਰ ਵਿੱਚ ਭਾਰਤ ਦੱਖਣੀ ਏਸ਼ੀਆ, ਤਿੱਬਤ ਅਤੇ ਅਰਬ ਦੇਸ਼ਾਂ ਦਾ ਪੈਂਡਾ ਤਹਿ ਕੀਤਾ। ਉਹਨਾਂ ਨਾਲ ਰਬਾਬੀ ਮਰਦਾਨਾ ਅਤੇ ਬਾਲਾ ਜੀ ਵੀ ਸਨ। ਵੇਈਂ ਨਦੀ ਤੋਂ ਉਹਨਾਂ ਦਾ ਪਹਿਲਾ ਉਪਦੇਸ਼ ਸੀ ਕਿ ਨਾ ਤਾਂ ਕੋਈ ਪੂਰਾ ਹਿੰਦੂ ਹੈ ਅਤੇ ਨਾ ਹੀ ਕੋਈ ਪੂਰਾ ਮੁਸਲਮਾਨ ਹੈ। ਨਿਖੇੜਵਿਆਂ ਵਿੱਚ ਦੋਨੋਂ ਦੁਬਿਧਾ ਵਿੱਚ ਹਨ। ਉਹਨਾਂ ਵਿਸ਼ਵ ਭਾਈਚਾਰੇ ਵਿੱਚ ਸਾਂਝੀਵਾਲਤਾ ਦਾ ਉਦੇਸ਼ ਦਿੱਤਾ। ਲੋਕਾਂ ਵਿੱਚ ਦੂਰੀਆਂ ਖਤਮ ਹੋਈਆਂ। ਗੁਰੂ ਸਾਹਿਬ ਜੀ ਦੇ ਦਸੇ ਸਰਬ ਸਾਂਝੇ ਮਾਰਗ 'ਤੇ ਚੱਲਣ ਲਈ ਵੱਡੀ ਗਿਣਤੀ ਵਿੱਚ ਹਿੰਦੂ ਮੁਸਲਮਾਨ ਵੀ ਗੁਰੂ ਜੀ ਦਾ ਉਪਦੇਸ਼ ਸਰਵਣ ਕਰਨ ਪੁੱਜਣ ਲੱਗੇ। ਗੁਰਾਂ ਨੇ ਕਿਹਾ ਕਿ ਹਰ ਇਨਸਾਨ ਪਹਿਲਾਂ ਇੱਕ ਇਨਸਾਨ ਹੈ? ਫਿਰ ਹਿੰਦੂ ਜਾਂ ਮੁਸਲਮਾਨ ਹੈ।

ਜਾਤ ਪਾਤ, ਛੂਤ ਛਾਤ ਨੂੰ ਖਤਮ ਕਰਨ ਲਈ ਉਹਨਾਂ ਨੇ ਸਾਂਝੇ ਗੁਰੂ ਕੇ ਲੰਗਰਾਂ ਦੀ ਪ੍ਰਥਾ ਚਲਾਈ। ਜਿਥੇ ਹਰ ਫਿਰਕੇ ਦੇ ਲੋਕ ਬਿਨਾਂ ਭੇਦਭਾਵ ਇੱਕ ਪੰਗਤ ਵਿੱਚ ਮਿਲ ਬੈਠ ਕੇ ਗੁਰੂ ਕਾ ਲੰਗਰ ਛਕਦੇ ਸਨ। ਗੁਰਾਂ ਨੇ ਕਿਹਾ ਕਿ ਜਾਤ ਪਾਤ ਦਾ ਵਿਤਕਰਾ ਇੱਕ ਸਮਾਜਿਕ ਬੁਰਾਈ ਹੈ। ਜੋ ਸਮਾਜ ਨੂੰ ਕਮਜ਼ੋਰ ਕਰਦੀ ਹੈ। ਉਹਨਾਂ ਸ਼ਾਹ ਸਰਪ ਨੂੰ ਦੱਸਿਆ ਕਿ ਜੋ ਇਨਸਾਨ ਨੂੰ ਪਿਆਰ ਕਰਦੇ ਹਨ, ਉਹ ਹੀ ਸੰਸਾਰ ਵਿੱਚ ਸਫਲ ਰਹਿੰਦੇ ਹਨ। ਗੁਰਾਂ ਨੇ ਗ੍ਰਹਿਸਥ ਜੀਵਨ ਨੂੰ ਵੱਡੀ ਪਹਿਲ ਦਿੱਤੀ। ਗ੍ਰਹਿਸਥ ਨੂੰ ਜੀਵਨ ਦਾ ਧੁਰਾ ਦੱਸਿਆ। ਗੁਰਾਂ ਨੇ ਤਿਆਗ ਦੇ ਮਾਰਗ ਨੂੰ ਰੱਦ ਕੀਤਾ। ਇਮਾਨਦਾਰ ਆਚਰਣ ਤੇ ਘਰੇਲੂ ਪਰਵਾਰਕ ਜੀਵਨ ਨੂੰ ਜੀਵਨ ਦਾ ਧੁਰਾ ਦੱਸਿਆ। ਗੁਰਾਂ ਨੇ ਤਿਆਗ ਦੇ ਮਾਰਗ ਨੂੰ ਰੱਦ ਕੀਤਾ। ਇਮਾਨਦਾਰ ਆਚਰਣ ਤੇ ਘਰੇਲੂ ਪਰਵਾਰਕ ਜੀਵਨ 'ਤੇ ਜੋਰ ਦਿੱਤਾ। ਉਹਨਾਂ ਯੋਗੀਆਂ ਨੂੰ ਕਿਹਾ ਕਿ ਉਹ ਘੋਰ ਤਪ ਤਿਆਗ ਤੋਂ ਨਿਕਲ ਕੇ ਲੋਕ ਭਲਾਈ ਦਾ ਕੰਮ ਕਰਨ। ਇਨਸਾਨ ਦੀ ਭਲਾਈ ਅਤੇ ਸਮਾਜਿਕ ਮਜ਼ਬੂਤੀ ਲਈ ਨਾਮ ਜਪੋ, ਕ੍ਰਿਤ ਕਰੋ ਤੇ ਵੰਡ ਦੇ ਛਕੋ। ਸੇਵਾ ਜੀਵਨ ਦਾ ਅਨਿੱਖੜਵਾਂ ਅੰਗ ਹੈ। ਗੁਰਾਂ ਨੇ ਬੇਗਰਜ਼ ਸੇਵਾ 'ਤੇ ਜੋਰ ਦਿੱਤਾ। ਸੇਵਾ ਨੂੰ ਜੀਵਨ ਮੁਕਤੀ ਨਾਲ ਜੋੜ ਦਿੱਤਾ। ਪਵਿੱਤਰ ਜੀਵਨ ਜਿਉਣ ਲਈ ਸੁਆਰਥ ਛੱਡੋ । ਭਾਣੇ ਵਿੱਚ ਰਹੋ। ਦਯਾਵਾਨ ਬਣੋ, ਦਾਨ ਕਰੋ। ਸੱਚ 'ਤੇ ਪਹਿਰਾ ਦੇਵੋ। ਰੱਬ ਇੱਕ ਹੈ ਉਸ ਦੀ ਰਜਾ ਵਿੱਚ ਰਹੋ। ਰੱਬ ਨਾਲ ਸਿੱਧਾ ਰਾਬਤਾ ਬਣਾਓ। ਕਿਸੇ ਵਿਚੋਲੇ ਜਾਂ ਝੂਠੇ ਕਰਮ ਕਾਂਡ ਦੀ ਰੱਬੀ ਦੀ ਪ੍ਰਾਪਤੀ ਵਿੱਚ ਕੋਈ ਲੋੜ ਨਹੀਂ ਹੈ।

ਵਹਿਮਾਂ ਭਰਮਾਂ ਦਾ ਖੰਡਨ ਕਰਕੇ ਗੁਰਾਂ ਨੇ ਉਪਦੇਸ਼ ਦਿੱਤਾ ਕਿ ਕੂੜ ਦੀ ਕੰਧ ਢਾਉਣ ਲਈ ਕੇਵਲ ਅਕਾਲ ਪੁਰਖ 'ਤੇ ਭਰੋਸਾ ਰੱਖੋ। ਅਕਾਲ ਪੁਰਖ ਦੀ ਉਸਤਤ ਕਰੋ, ਪਰਮਾਤਮਾ ਦੀ ਨਿਰੰਤਰ ਭਗਤੀ ਅਤੇ ਪਰਮਾਤਮਾ ਨੂੰ ਹਮੇਸ਼ਾ ਯਾਦ ਰੱਖੋ। ਗੁਰਾਂ ਨੇ ਮੁਗਲ ਸ਼ਾਸਕਾਂ ਦੀ ਧਰਮ ਤੰਤਰ ਦੀ ਨਿਖੇਧੀ ਕੀਤੀ। ਇਸਤਰੀ ਨੂੰ ਸਮਾਜ ਵਿੱਚ ਮਾਣ ਦੇਣ ਲਈ ਇਸਤਰੀ ਦਾ ਸਤਿਕਾਰ ਕਰੋ। ਇਸਤਰੀ ਹੀ ਹੈ ਜਿਸ ਨਾਲ ਜਗਤ ਦੀ ਉਤਪਤੀ ਹੁੰਦੀ ਹੈ, ਜਿਸ ਤੋਂ ਰਾਜੇ ਵੀ ਜਨਮ ਲੈਂਦੇ ਹਨ। ਉਹਨਾਂ ਨੂੰ ਮੰਦਾ ਆਖਣਾ ਠੀਕ ਨਹੀਂ

'ਸੋ ਕਿਉਂ ਮੰਦਾ ਆਖੀਐ ਜਿੱਤੁ ਜੰਮਹਿ ਰਾਜਾਨ॥'

ਗੁਰੂ ਨਾਨਕ ਦੇਵ ਜੀ ਦੀ ਸਾਰੀ ਸਿੱਖਿਆ ਦਾ ਮੰਤਵ ਸਮਾਜਿਕ ਸਾਵਾਂਪਣ, ਵਿਸ਼ਵ ਭਾਈਚਾਰਾ ਬਣਾਉਣਾ , ਫਿਰਕਾ ਪ੍ਰਸਤੀ ਨੂੰ ਤੋੜਨਾ, ਵਹਿਮਾਂ, ਭਰਮਾਂ ਨੂੰ ਦੂਰ ਕਰਕੇ ਹਿਰਦਾ ਸਾਫ਼ ਰੱਖਣਾ, ਗੁਰਾਂ ਦੇ ਉਪਦੇਸ਼ ਵਿੱਚ ਝੂਠੀਆਂ ਗੀਤ ਰਸਮਾਂ ਦੀ ਕੋਈ ਥਾਂ ਨਹੀਂ ਹੈ। ਉਹਨਾਂ ਦੇ ਧਰਮ ਸੰਕਲਪ ਵਿੱਚ ਲੋਕਾਂ ਦਾ ਰੱਬ ਵਿੱਚ ਵਿਸ਼ਵਾਸ ਜਗਾਉਣਾ ਹੈ। ਉਹਨਾਂ ਨੂੰ ਛੂੰਘੀ ਵਿਚਾਰ ਤੇ ਰੂਹਾਨੀਅਤ ਨਾਲ ਮਨੁੱਖਤਾ ਨੂੰ ਸੱਚ ਧਰਮ ਦਾ ਗਿਆਨ ਕਰਵਾਇਆ ਹੈ। ਆਤਮ ਨਿਰਭਰ ਅਤੇ ਸਵੈ ਮਾਣ ਦਾ ਜੀਵਨ ਜਿਉਣ ਦੇ ਯੋਗ ਬਣਾਇਆ ਹੈ। ਗਰੀਬ ਦੱਬੇ ਕੁਚਲੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਹਨ। ਉਹਨਾਂ ਦਾ ਉਪਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੈ।

ਭਾਈ ਲਹਿਣਾ ਜੀ ਗੁਰੂ ਸਾਹਿਬ ਅਤੇ ਸੰਗਤ ਦੀ ਸੇਵਾ ਵਿੱਚ ਰਹੇ। ਗੁਰੂ ਸਾਹਿਬ ਜੀ ਨੇ ਉਹਨਾਂ ਦੀ ਅਣਥੱਕ ਸੇਵਾ ਤੋਂ ਪ੍ਰਸੰਨ ਹੋ ਕੇ ਭਾਈ ਲਹਿਣਾ ਜੀ ਨੂੰ ਅੰਗਦ ਦਾ ਨਾਉਂ ਦੇ ਕੇ ਸੰਨ 1539 ਵਿੱਚ ਸਿੱਖਾਂ ਦੇ ਦੂਸਰੇ ਗੁਰੂ ਥਾਪ ਦਿੱਤਾ।

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ 974 ਪਦੇ 19 ਰਾਗਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਬਾਣੀ ਦੇ ਰੂਪ ਵਿੱਚ ਜਪੁਜੀ ਸਾਹਿਬ, ਆਸਾ ਦੀ ਵਾਰ, ਬਾਰਾਂ ਮਾਹ, ਸਿੱਧ ਗੋਸਟਿ ਅਤੇ ਦੱਖਣੀ ਓਂਕਾਰ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਬਾਅਦ ਸਿੱਖ ਗੁਰੂਆਂ ਨੇ ਆਪਣੀ ਪਵਿੱਤਰ ਬਾਣੀ ਦਰਜ ਕਰਵਾਉਂਦੇ ਹੋਏ। ਆਪਣੇ ਆਪ ਦੀ ਪਛਾਨ ਗੁਰੂ ਨਾਨਕ ਵਜੋਂ ਜਾਗੀ ਰੱਖੀ। ਇਸ ਤਰ੍ਹਾਂ ਸਾਰੇ ਗੁਰੂ ਸਾਹਿਬਾਨ ਨੇ ਗੁਰਬਾਣੀ ਦੇ ਗਿਆਨ ਨੂੰ ਹੋਰ ਪਰਪੱਕ ਅਤੇ ਪ੍ਰਚੰਡ ਕੀਤਾ। ਜੋ ਸੰਕਲਪ ਧਰਮ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰਿਆ ਗਿਆ ਸੀ।

ਵੱਖ ਵੱਖ ਧਰਮਾਂ ਅਤੇ ਪ੍ਰੰਪਰਾਵਾਂ ਦੇ ਲੋਕ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਸਤਿਗੁਰੂ ਨਾਨਕ, ਬਾਬਾ ਨਾਨਕ, ਨਾਨਕ ਸ਼ਾਹ ਫਕੀਰ, ਨਾਨਕ ਕਲੰਧਰ ਦੇ ਰੂਪ ਵਿੱਚ ਸਤਿਕਾਰ ਨਾਲ ਉਹਨਾਂ ਦੇ ਗੁਣ ਗਾਉਂਦੇ ਹਨ। ਉਹਨਾਂ ਦੀ ਸ਼ਖ਼ਸੀਅਤ ਦੇ ਗੁਣ ਨਹੀਂ ਗਾਏ ਜਾ ਸਕਦੇ, ਬੇਅੰਤ ਹਨ। '' ਅਨੰਤ ਕਲਾ ਸੰਪੂਰਨ ਫਲਿਆ। ''

ਗੁਰੂ ਨਾਨਕ ਦੇਵ ਸਾਹਿਬ ਜੀ ਨੇ ਚੌਥੀ ਉਦਾਸੀ ਤੋਂ ਬਾਅਦ 1522 ਵਿੱਚ ਰਾਵੀ ਦੇ ਕੰਢੇ ਕਰਤਾਰਪੁਰ ਨਗਰ ਵਸਾਇਆ, ਪਿਛਲੀ ਉਮਰ ਦੇ 18 ਸਾਲ ਉਹ ਪਰਵਾਰ ਸਮੇਤ ਰਹੇ। ਉਹਨਾਂ ਕਿਰਸਾਨੀ ਜੀਵਨ ਬੜੀ ਮਿਹਨਤ ਅਤੇ ਇਮਾਨਦਾਰੀ ਨਾਲ ਗੁਜ਼ਾਰਿਆ। ਉਹ ਵਿਆਪਕ ਰੂਪ ਵਿੱਚ ਪ੍ਰਸਿੱਧ ਹੋ ਗਏ ਸਨ। ਉਹਨਾਂ ਨੇ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਉਹਨਾਂ ਮਨੁੱਖਤਾ ਨੂੰ ਪਿਆਰ ਦਾ ਮਾਰਗ ਦਰਸ਼ਨ ਦਿੱਤਾ। ਸਿੱਖ ਹਿੰਦੂ ਅਤੇ ਮੁਸਲਮਾਨਾਂ ਨੇ ਉਹਨਾਂ ਨੂੰ ਏਨਾ ਸਤਿਕਾਰ ਦਿੱਤਾ ਕਿ ਪੈਗੰਬਰ ਮਨ ਲਿਆ। ਉਹ ਸਾਰੇ ਸ਼ਰਧਾਲੂ ਦੂਰ ਦੂਰ ਤੋਂ ਗੁਰੂ ਸਾਹਿਬ ਜੀ ਦਾ ਉਪਦੇਸ਼ ਸਰਵਣ ਕਰਨ ਆਉਂਦੇ। ਉਹਨਾਂ ਧਰਮਸ਼ਾਲਾ ਦੇ ਨਾਲ ਲੰਗਰਾਂ ਦੀ ਪ੍ਰਥਾ ਨੂੰ ਬਕਾਇਦਾ ਪ੍ਰਚਲਤ ਕੀਤਾ। ਸੰਗਤਾਂ ਪੰਗਤ ਵਿੱਚ ਬੈਠ ਕੇ ਇਕੱਠੇ ਗੁਰੂ ਕੇ ਲੰਗਰ ਛਕਦੀਆਂ। ਗੁਰੂ ਸਾਹਿਬ ਜੀ ਦਾ ਪ੍ਰਚਾਰ ਘਰ ਘਰ ਹੋਣ ਲੱਗਾ। ਭਾਈ ਗੁਰਦਾਸ ਜੀ ਅਨੁਸਾਰ 'ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ'।


ਸੰਨ 1523 ਵਿੱਚ ਭਾਈ ਲਹਿਣਾ ਜੀ ਗੁਰੂ ਦੇ ਦਰ 'ਤੇ ਆਏ। ਸਿੱਖੀ ਦੀ ਦਾਤ ਪ੍ਰਾਪਤ ਕਰਕੇ ਪੂਰਨ ਸ਼ਰਧਾ ਪ੍ਰੇਮ ਨਾਲ ਸੇਵਾ ਕਰਨ ਲੱਗੇ। ਜੂਨ 14, 1539 ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਸੰਭਾਲਣ ਲਈ ਨਾਮਜ਼ਦ ਕੀਤਾ। ਉਹਨਾਂ ਨੂੰ ਗੁਰੂ ਸਾਹਿਬ ਜੀ ਨੇ ਖਡੂਰ ਸਾਹਿਬ ਟਿਕਣ ਦੀ ਆਗਿਆ ਦਿੱਤੀ। ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਦਿਨ ਸੋਮਵਾਰ ਗੁਰੂ ਸਾਹਿਬ ਜੋਤਿ ਜੋਤ ਸਮਾ ਗਏ। ਹਿੰਦੂ ਅਤੇ ਮੁਸਲਮਾਨ ਬਰਾਬਰ ਤੌਰ 'ਤੇ ਗੁਰੂ ਸਾਹਿਬ ਦੇ ਸ਼ਰਧਾਲੂ ਸਨ।

ਸਿੱਖ ਹਿੰਦੂ ਅਤੇ ਮੁਸਲਮਾਨ ਅੰਤਿਮ ਕਿਰਿਆ ਆਪਣੀ ਸ਼ਰਧਾ ਅਨੁਸਾਰ ਕਰਨਾ ਚਾਹੁੰਦੇ ਸਨ। ਇਸ ਲਈ ਹਿੰਦੂਆਂ ਵੱਲੋਂ ਸਮਾਧੀ ਯਾਦਗਾਰ ਬਣਾਈ ਗਈ। ਮੁਸਲਮਾਨਾਂ ਵੱਲੋਂ ਕਬਰ ਬਣਾਈ ਗਈ। ਪਾਕਿਸਤਾਨ ਪੰਜਾਬ ਰਾਵੀ ਦਰਿਆ ਦੇ ਪੱਛਮੀ ਕੰਢੇ 'ਕੋਠੇ' ਪਿੰਡ ਵਿੱਚ ਗੁਰਦੁਆਰਾ ਸੁਸੋਭਿਤ ਹੋਇਆ।

ਵੱਖ ਵੱਖ ਧਰਮਾਂ ਪ੍ਰੰਪਰਾਵਾਂ ਦੇ ਲੋਕ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਇੱਕ ਸਤਿਕਾਰ ਵਜੋਂ ਬਾਬਾ ਨਾਨਕ, ਨਾਨਕ ਸ਼ਾਹ ਫਕੀਰ, ਨਾਨਕ ਕਲੰਦਰ ਆਦਿ ਰੂਪ ਵਿੱਚ ਉਨ੍ਹਾਂ ਦੇ ਗੁਣ ਗਾਉਂਦੇ ਹਨ। ਉਹਨਾਂ ਦੀ ਸ਼ਖ਼ਸ਼ੀਅਤ ਦੇ ਗੁਣ ਗਾਏ ਨਹੀਂ ਜਾ ਸਕਦੇ।

ਅੰਤਿਕਾ : ਗੁਰੂ ਸਭ ਕੁਝ ਕਰਨਯੋਗ ਹੈ ਅ ਤੇ ਗੁਰੂ ਆਪਣੇ ਹੀ ਆਕਾਰ ਰਹਿਤ ਸਾਹਿਬ ਹੈ। ਗੁਰੂ ਬੁਲੰਦ, ਅਥਾਹ ਅਤੇ ਹਦਬੰਨਾ-ਰਹਿਤ ਹੈ। ਅਕਹਿ ਹੈ ਗੁਰਾਂ ਦਾ ਉਪਮਾ। ਆਖਣ ਵਾਲਾ ਕੀ ਆਖ ਸਕਦਾ ਹੈ? ਅੰਗ : 52





‘ਬਾਪੂ ਰੋਟੀ ਖਾ ਲੈ’, ਮੈਂ ਥਾਲੀ ਮੰਜੇ ਕੋਲ ਪਏ ਛੋਟੇ ਜਿਹੇ ਮੇਜ਼ ਉੱਤੇ ਰੱਖਦਿਆਂ ਆਖਿਆ। ਬਾਪੂ ਨੇ ਮੇਰੇ ਵੱਲ ਵੇਖਿਆ। ਉਸ ਦੀਆਂ ਅੱਖਾਂ ’ਚ ਉਹੀ ਪੁਰਾਣੀ ਮਮਤਾ ਪਰ ਹੁਣ ਉਸ ’ਚ ਥਕਾਵਟ ਵੀ ਨਜ਼ਰ ਆਈ, ਜੋ ਪਹਿਲਾਂ ਕਦੇ ਨਹੀਂ ਵੇਖੀ ਸੀ। ‘ਥੋੜ੍ਹੀ ਦੇਰ ਬਾਅਦ ਖਾ ਲਵਾਂਗਾ ਪੁੱਤ।’ ਇਹ ਉਸ ਦਾ ਪੁਰਾਣਾ ਜਵਾਬ ਸੀ ਤੇ ਹੁਣ ਮੈਨੂੰ ਪਤਾ ਸੀ ਕਿ ਥੋੜ੍ਹੀ ਦੇਰ ਦਾ ਮਤਲਬ ਅਕਸਰ ਨਹੀਂ ਹੁੰਦਾ ਏ। ਮੈਂ ਕੁਝ ਕਹਿਣ ਹੀ ਲੱਗਾ ਸੀ ਕਿ ਅੰਦਰੋਂ ਮੇਰੀ ਨਾਲ ਦੀ ਆਵਾਜ਼ ਆਈ, ‘ਰੋਜ਼ ਏਹੋ ਕੰਜਰਖ਼ਾਨਾ ਹੀ ਹੁੰਦਾ ਏ। ਪਹਿਲਾਂ ਬਣਾਓ, ਫਿਰ ਮਿੰਨਤਾਂ ਕਰੋ।’ ਬੇਸ਼ੱਕ ਆਵਾਜ਼ ਬਹੁਤੀ ਉੱਚੀ ਨਹੀਂ ਸੀ ਪਰ ਏਨੀ ਜ਼ਰੂਰ ਸੀ ਕਿ ਕਮਰੇ ਤੱਕ ਪਹੁੰਚ ਜਾਵੇ। ਬਾਪੂ ਨੇ ਸੁਣ ਲਿਆ ਤੇ ਮੈਂ ਵੀ। ਇੱਕ ਪਲ ਉਸ ਦੇ ਚਿਹਰੇ ਉੱਤੇ ਕੁਝ ਤੈਰਿਆ, ਦੁੱਖ, ਸ਼ਰਮ ਜਾਂ ਆਪਣੇ ਹੀ ਘਰ ’ਚ ਵਾਧੂ ਹੋਣ ਦਾ ਅਹਿਸਾਸ ? ਮੈਨੂੰ ਸਮਝ ਨਹੀ ਲੱਗੀ ਪਰ ਉਸ ਪਲ ਉਸ ਨੇ ਥਾਲੀ ਵੱਲੋਂ ਨਜ਼ਰ ਹਟਾ ਲਈ

ਅਤੇ ਮੈਨੂੰ ਲੱਗਿਆ, ਜਿਵੇਂ ਕਿਸੇ ਨੇ ਮੇਰੇ ਸੀਨੇ ’ਤੇ ਪੱਥਰ ਰੱਖ ਦਿੱਤਾ ਹੋਵੇ।

ਬਾਪੂ ਨੇ ਕਦੇ ਜ਼ਿੰਦਗੀ ਤੋਂ ਵੱਡੀਆਂ ਮੰਗਾਂ ਨਹੀਂ ਕੀਤੀਆਂ ਸਨ। ਉਸ ਦੀ ਦੁਨੀਆ ਬਹੁਤ ਛੋਟੀ ਸੀ। ਸਵੇਰ ਦੀ ਕਿਰਤ, ਸ਼ਾਮ ਦੀ ਰੋਟੀ, ਪਰਿਵਾਰ ਦੀ ਖ਼ੁਸ਼ੀ ਤੇ ਬੱਸ। ਜਦੋਂ ਮੈਂ ਛੋਟਾ ਸੀ ਤਾਂ ਅਕਸਰ ਰਾਤ ਨੂੰ ਉਸ ਦੀ ਛਾਤੀ ਉੱਤੇ ਸਿਰ ਰੱਖ ਕੇ ਸੌਂ ਜਾਂਦਾ ਤੇ ਉਸ ਦੇ ਹੱਥਾਂ ’ਚ ਅਜੀਬ ਜਿਹੀ ਸੁਰੱਖਿਆ ਹੁੰਦੀ। ਮੈਨੂੰ ਲੱਗਦਾ ਕਿ ਜਦੋਂ ਤੱਕ ਬਾਪੂ ਮੇਰੇ ਨਾਲ ਹੈ, ਦੁਨੀਆ ਦੀ ਕੋਈ ਮੁਸੀਬਤ ਮੇਰੇ ਕੋਲ ਨਹੀਂ ਆ ਸਕਦੀ ਪਰ ਸ਼ਾਇਦ ਮੈਂ ਇਹ ਨਹੀਂ ਸੀ ਜਾਣਦਾ ਕਿ ਉਹ ਵੀ ਹੌਲੀ-ਹੌਲੀ ਬੁੱਢਾ ਹੋ ਰਿਹਾ। ਉਸ ਦੇ ਮੋਢੇ ਵੀ ਥੱਕਦੇ ਨੇ ਤੇ ਉਸ ਦਾ ਵੀ ਦਿਲ ਟੁੱਟਦਾ ਏ ਤੇ ਫਿਰ ਇੱਕ ਦਿਨ ਉਸ ਦੀਆਂ ਅੱਖਾਂ ’ਚ ਵੀ ਇਕੱਲਾਪਣ ਉਤਰ ਆਉਂਦਾ ਹੈ, ਸੱਚੀ ਨਹੀਂ ਸਾਂ ਜਾਣਦਾ। ਸ਼ਾਇਦ ਮਾਂ ਦੇ ਜਾਣ ਮਗਰੋਂ ਬਾਪੂ ਬਦਲ ਗਿਆ ਸੀ, ਬਹੁਤ ਨਹੀਂ, ਏਨਾ ਕੁ ਜਿਸ ਨੂੰ ਸਿਰਫ਼ ਮੈਂ ਮਹਿਸਸ ਕਰ ਸਕਦਾ ਸੀ। ਪਹਿਲਾਂ ਉਹ ਘਰ ਆਉਂਦਿਆਂ ਹੀ ਆਵਾਜ਼ ਮਾਰਦਾ , ‘ਓ ਭਾਗਵਾਨੇ, ਚਾਹ ਬਣਾ ਦੇ।’ ਤੇ ਫਿਰ ਇੱਕ ਦਿਨ ਉਹ ਆਵਾਜ਼ ਹਮੇਸ਼ਾ ਲਈ ਖ਼ਾਮੋਸ਼ ਹੋ ਗਈ। ਉਸ ਤੋਂ ਬਾਅਦ ਮੈਂ ਉਸ ਨੂੰ ਕਈ ਵਾਰ ਮਾਂ ਦੀ ਤਸਵੀਰ ਸਾਹਮਣੇ ਬੈਠਿਆ ਵੇਖਿਆ। ਕਦੇ ਬਿਨਾਂ ਬੋਲੇ, ਕਦੇ ਹੌਲੀ-ਹੌਲੀ ਹੱਸਦਿਆਂ, ਲੱਗਦਾ ਜਿਵੇਂ ਕੋਈ ਅਣਸੁਣੀ ਗੱਲਬਾਤ ਚੱਲ ਰਹੀ ਹੋਵੇ। ਮੇਰੇ ਵਿਆਹ ਤੋਂ ਬਾਅਦ ਮੈਂ ਸੋਚਿਆ ਸੀ ਕਿ ਹੁਣ ਘਰ ਮੁੜ ਵੱਸ ਜਾਵੇਗਾ ਪਰ ਘਰ ਸਿਰਫ਼ ਲੋਕਾਂ ਨਾਲ ਨਹੀਂ ਵੱਸਦੇ, ਦਿਲਾਂ ਨਾਲ ਵਸਦੇ ਨੇ।

ਮੇਰੀ ‘ਨਾਲ ਦੀ’ ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਪਰ ਬਾਪੂ ਲਈ ਉਸ ਦੇ ਮਨ ’ਚ ਉਹ ਪਿਆਰ ਨਹੀਂ ਸੀ, ਜਿਸ ਦੀ ਇੱਕ ਬਜ਼ੁਰਗ ਨੂੰ ਲੋੜ ਹੁੰਦੀ ਏ। ਉਹ ਕਦੇ ਸਿੱਧਾ ਕੁਝ ਨਹੀਂ ਕਹਿੰਦੀ ਪਰ ਕਈ ਵਾਰ ਬੰਦਾ ਸ਼ਬਦਾਂ ਨਾਲ ਨਹੀਂ, ਵਰਤਾਅ ਨਾਲ ਦੂਰ ਕਰ ਦਿੱਤਾ ਜਾਂਦਾ। ਬਾਪੂ ਰਸੋਈ ’ਚ ਆਉਂਦਾ ਤਾਂ ਗੱਲਾਂ ਰੁਕ ਜਾਂਦੀਆਂ। ਉਹ ਕੋਈ ਸਲਾਹ ਦਿੰਦਾ ਤਾਂ ਚੁੱਪ ਛਾ ਜਾਂਦੀ, ਲੱਗਦਾ ਜਿਵੇਂ ਉਸ ਦੀ ਲੋੜ ਨੂੰ ਹੁਣ ਲੋੜ ਨਹੀਂ, ਔਖ ਸਮਝਣ ਲੱਗ ਪਈ ਸੀ ਤੇ ਜੇ ਕਿਤੇ ਮੈਂ ਬਾਪੂ ਦੀ ਡਿੱਗਦੀ ਸਿਹਤ ਬਾਰੇ ਫ਼ਿਕਰਾਂ ’ਚ ਡੁੱਬਾ ਹੋਣਾ ਤਾਂ ਸ਼ੀਸ਼ੇ ’ਚ ਮੜ੍ਹਾ ਕੇ ਰੱਖ ਲੈ। ਉਸ ਦੇ ਇਹ ਬੋਲ ਮੇਰੀ ਰੂਹ ਨੂੰ ਜ਼ਖ਼ਮੀ ਕਰ ਦਿੰਦੇ ਤੇ ਸਭ ਤੋਂ ਦੁੱਖ ਵਾਲੀ ਗੱਲ ਇਹ ਸੀ ਕਿ ਬਾਪੂ ਇਹ ਸਭ ਸਮਝਦਾ ਸੀ।

ਇੱਕ ਦਿਨ ਮੈਂ ਘਰ ਆਇਆ ਤਾਂ ਬਾਪੂ ਵਿਹੜੇ ’ਚ ਬੈਠਾ ਸੀ। ਸਰਦੀਆਂ ਦੀ ਧੁੱਪ ਉਸ ਦੇ ਪੈਰਾਂ ਕੋਲ ਆ ਕੇ ਰੁਕ ਗਈ ਸੀ। ਮੈਂ ਕੋਲ ਬੈਠ ਗਿਆ। ‘ਕੀ ਸੋਚ ਰਹੇ ਹੋ’, ਮੈਂ ਸਰਸਰੀ ਪੁੱਛਿਆ। ਬਾਪੂ ਥੋੜਾ ਜਿਹਾ ਹੱਸਿਆ, ‘ਬੱਸ ਕਿ ਵੇਲਾ ਕਿੰਨਾ ਤੇਜ਼ ਦੌੜਦਾ ਏ।’ ਕਿਉਂ...। ਉਹ ਕੁਝ ਪਲ ਚੁੱਪ ਰਿਹਾ। ਫਿਰ ਬੋਲਿਆ, ‘ਜਦੋਂ ਤੂੰ ਛੋਟਾ ਸੀ ਹਨਾਂ, ਤੂੰ ਮੇਰੇ ਪਿੱਛੇ-ਪਿੱਛੇ ਫਿਰਦਾ ਹੁੰਦਾ ਸੀ।’ ਉਹ ਹੱਸਿਆ, ‘ਹੁਣ ਮੈਂ ਤੇਰੇ ਪਿੱਛੇ ਫਿਰਦਾ ਹਾਂ ਕਿ ਦੋ ਮਿੰਟ ਗੱਲ ਹੋ ਜਾਵੇ।’ ਮੈਂ ਵੀ ਹੱਸਣ ਦੀ ਕੋਸ਼ਿਸ਼ ਕੀਤੀ ਪਰ ਮੇਰੇ ਅੰਦਰ ਕੁਝ ਰੋ ਪਿਆ ਸੀ। ਫਿਰ...। ਦਿਲ ਦਾ ਦੌਰਾ ਅਚਾਨਕ ਨਹੀਂ ਆਇਆ ਸੀ। ਉਹ ਤਾਂ ਜਿਵੇਂ ਲੰਮੇ ਸਮੇਂ ਤੋਂ ਰਾਹ ਵੇਖ ਰਿਹਾ ਸੀ। ਉਸ ਦਿਨ ਹਸਪਤਾਲ ਦੇ ਬਾਹਰ ਖੜ੍ਹਾ ਮੈਂ ਪਹਿਲੀ ਵਾਰ ਸੱਚਮੁੱਚ ਡਰਿਆ ਸੀ। ਮੈਨੂੰ ਲੱਗਿਆ ਸੀ ਕਿ ਪਹਾੜ ਵੀ ਡਿੱਗ ਸਕਦੇ ਹਨ। ਡਾਕਟਰ ਨੇ ਕਿਹਾ, ‘ਹਾਲਤ ਸੰਭਲ ਗਈ ਹੈ ਪਰ ਹੁਣ ਬਹੁਤ ਧਿਆਨ ਰੱਖਣਾ ਪਵੇਗਾ।’

ਬਾਪੂ ਘਰ ਤਾਂ ਆ ਗਿਆ ਪਰ ਹੁਣ ਉਹ ਪਹਿਲਾਂ ਵਾਲਾ ਬਾਪੂ ਨਹੀਂ ਸੀ ਰਿਹਾ। ਉਸ ਦੀ ਤੋਰ ਹੌਲੀ ਹੋ ਗਈ ਸੀ ਤੇ ਸਾਹ ਛੋਟੇ ਪਰ ਸਭ ਤੋਂ ਵੱਧ ਉਸ ਦੀਆਂ ਗੱਲਾਂ ਘੱਟ ਹੋ ਗਈਆਂ। ਇੱਕ ਰਾਤ ਮੈਂ ਪਾਣੀ ਪੀਣ ਉੱਠਿਆ, ਬਾਪੂ ਦੇ ਕਮਰੇ ਦੀ ਬੱਤੀ ਜਗ ਰਹੀ ਸੀ। ਮੈਂ ਦਰਵਾਜ਼ੇ ਵਿੱਚੋਂ ਝਾਤ ਮਾਰੀ। ਉਹ ਜਾਗ ਰਿਹਾ ਸੀ ਤੇ ਮਾਂ ਦੀ ਤਸਵੀਰ ਹੱਥ ਵਿੱਚ ਅਤੇ ਅੱਖਾਂ ’ਚ ਹੰਝੂ ਸਨ। ਮੈਂ ਜ਼ਿੰਦਗੀ ’ਚ ਪਹਿਲੀ ਵਾਰ ਆਪਣੇ ਪਿਉ ਨੂੰ ਰੋਂਦਿਆਂ ਵੇਖਿਆ ਸੀ। ਮੈਂ ਅੰਦਰ ਜਾਣਾ ਚਾਹੁੰਦਾ ਸੀ। ਉਸ ਨੂੰ ਗਲੇ ਲਾਉਣਾ ਚਾਹੁੰਦਾ ਸੀ ਪਰ ਪਤਾ ਨਹੀਂ ਕਿਉਂ ? ਮੈਂ ਜੰਮਿਆ ਰਹਿ ਗਿਆ। ਅੱਜ ਵੀ ਉਸ ਰਾਤ ਦੀ ਕਾਇਰਤਾ ਮੈਨੂੰ ਸੌਣ ਨਹੀਂ ਦਿੰਦੀ।

ਕੁਝ ਦਿਨਾਂ ਬਾਅਦ ਮੈਂ ਬਾਜ਼ਾਰ ਤੋਂ ਇੱਕ ਨਵਾਂ ਕੰਬਲ ਲਿਆਇਆ ਸੀ। ਬਹੁਤ ਨਰਮ, ਬਹੁਤ ਗਰਮ। ਬਾਪੂ ਇਹ ਤੇਰੇ ਲਈ। ਉਹ ਬੱਚਿਆਂ ਵਾਂਗ ਖ਼ੁਸ਼ ਹੋ ਗਿਆ। ‘ਬਹੁਤ ਸੋਹਣਾ ਏ ਪੁੱਤ।’ ਫਿਰ ਹੱਸ ਕੇ ਬੋਲਿਆ, ‘ਜਦੋਂ ਜ਼ਿਆਦਾ ਠੰਢ ਪਈ ਤਾਂ ਵਰਤਾਂਗਾ।’ ਮੈਂ ਵੀ ਹੱਸ ਪਿਆ ਪਰ ਮੈਨੂੰ ਕੀ ਪਤਾ ਸੀ ਕਿ ਉਹ ਠੰਢ ਕਦੇ ਨਹੀਂ ਆਉਣੀ। ਆਖ਼ਰੀ ਦਿਨਾਂ ’ਚ ਬਾਪੂ ਅਕਸਰ ਮੈਨੂੰ ਆਪਣੇ ਕੋਲ ਬਿਠਾ ਲੈਂਦਾ। ਕਦੇ ਮੇਰੇ ਬਚਪਨ ਦੀ ਗੱਲ ਕਰਦਾ ਤੇ ਕਦੇ ਮਾਂ ਦੀ ਤੇ ਕਦੇ ਉਨ੍ਹਾਂ ਦਿਨਾਂ ਦੀ, ਜਦੋਂ ਘਰ ’ਚ ਕੁਝ ਵੀ ਨਹੀਂ ਸੀ ਹੁੰਦਾ ਪਰ ਹਾਸੇ ਬਹੁਤ ਸਨ। ਇੱਕ ਰਾਤ ਉਸ ਨੇ ਮੇਰਾ ਹੱਥ ਫੜ ਲਿਆ। ‘ਪੁੱਤ ਇੱਕ ਗੱਲ ਮੰਨੇਂਗਾ’ ? ‘ਹਾਂ ਬਾਪੂ।’ ‘ਮੇਰੇ ਜਾਣ ਮਗਰੋਂ ਕਿਸੇ ਨੂੰ ਦੋਸ਼ ਨਾ ਦੇਵੀਂ। ਮੇਰੀਆਂ ਅੱਖਾਂ ਭਰ ਆਈਆਂ। ਉਸ ਨੇ ਮੇਰਾ ਹੱਥ ਦਬਾਇਆ। ਜੋ ਪਿਆਰ ਮੈਨੂੰ ਮਿਲਿਆ, ਉਹ ਮੇਰੇ ਹਿੱਸੇ ਦਾ ਸੀ। ਥੋੜ੍ਹਾ ਰੁਕਿਆ। ਜੋ ਨਹੀਂ ਮਿਲਿਆ, ਉਹ ਵੀ ਮੇਰੇ ਹਿੱਸੇ ਦਾ ਸੀ।’ ਮੈਂ ਰੋ ਪਿਆ ਪਰ ਉਹ ਨਹੀਂ ਸੀ ਰੋਇਆ। ਸ਼ਾਇਦ ਪਿਉ ਆਪਣੇ ਹੰਝੂ ਬੱਚਿਆਂ ਲਈ ਬਚਾ ਕੇ ਨਹੀਂ ਰੱਖਦੇ। ਫਿਰ ਉਸ ਨੇ ਸਿਰਹਾਣੇ ਹੇਠੋਂ ਇੱਕ ਰੁਮਾਲ ਕੱਢਿਆ। ਮਾਂ ਦੀ ਤਸਵੀਰ ਤੇ ਮੇਰੇ ਬਚਪਨ ਦੀ ਇੱਕ ਫੋਟੋ। ‘ਸੰਭਾਲ ਕੇ ਰੱਖੀਂ।’ ਫਿਰ ਉਸ ਨੇ ਅੱਖਾਂ ਬੰਦ ਕਰ ਲਈਆਂ ਤੇ ਹੌਲੀ ਜਿਹੇ ਬੋਲਿਆ, ‘ਹੁਣ ਮੈਂ ਥੱਕ ਗਿਆ ਹਾਂ ਯਾਰ।’ ਇਹ ਉਸ ਦੇ ਆਖ਼ਰੀ ਬੋਲ ਸਨ। ਅੰਤਿਮ ਸੰਸਕਾਰ, ਭੋਗ, ਰਿਸ਼ਤੇਦਾਰ, ਸਭ ਕੁਝ ਇੱਕ ਧੁੰਦ ਵਾਂਗ ਲੰਘ ਗਿਆ। ਕੁਝ ਯਾਦ ਨਹੀਂ। ਬੱਸ ਇਹੀ ਯਾਦ ਹੈ ਕਿ ਉਸ ਦਿਨ ਤੋਂ ਬਾਅਦ ਘਰ ’ਚ ਅਜਿਹਾ ਖ਼ਾਲੀਪਣ ਆ ਗਿਆ ਸੀ, ਜਿਸ ਨੂੰ ਕੋਈ ਭਰ ਨਹੀਂ ਸਕਿਆ। ਕਈ ਮਹੀਨੇ ਬਾਅਦ ਮੈਂ ਉਸ ਦੀ ਅਲਮਾਰੀ ਖੋਲ੍ਹੀ। ਕੰਮ ਵਾਲੇ ਪੁਰਾਣੇ ਕੱਪੜਿਆਂ ਦੀ ਮਹਿਕ ਅਜੇ ਵੀ ਮੌਜੂਦ ਸੀ। ਹੇਠਲੇ ਖ਼ਾਨੇ ’ਚ ਉਹ ਕੰਬਲ ਪਿਆ ਸੀ। ਉਹੀ, ਜੋ ਮੈਂ ਉਸ ਲਈ ਲਿਆਇਆ ਸੀ। ਟੈਗ ਅਜੇ ਵੀ ਲੱਗਾ ਹੋਇਆ ਸੀ। ਮੈਂ ਕੰਬਲ ਚੁੱਕਿਆ ਤੇ ਮੇਰੇ ਹੱਥ ਕੰਬ ਗਏ। ਉਸ ਨੇ ਉਹ ਕਦੇ ਵਰਤਿਆ ਹੀ ਨਹੀਂ ਸੀ। ਸ਼ਾਇਦ ਸੋਚਦਾ ਹੋਵੇਗਾ, ‘ਨਵਾਂ ਏ, ਬਾਅਦ ਵਿੱਚ ਵਰਤ ਲਵਾਂਗਾ।’ ਪਰ ਉਹ ਬਾਅਦ ਕਦੇ ਨਹੀਂ ਆਇਆ। ਮੇਰੀਆਂ ਅੱਖਾਂ ’ਚ ਹੰਝੂ ਆ ਗਏ।

ਫਿਰ ਕੰਬਲ ਹੇਠ ਇੱਕ ਪੁਰਾਣੀ ਕਾਪੀ ਨਜ਼ਰ ਆਈ। ਮੈਂ ਖੋਲ੍ਹੀ। ਆਖ਼ਰੀ ਸਫ਼ੇ ਉੱਤੇ ਲਿਖਿਆ ਸੀ, ‘ਮੇਰਾ ਪੁੱਤ ਬਹੁਤ ਚੰਗਾ ਏ ਪਰ ਉਸ ਦੀ ਜ਼ਿੰਦਗੀ ਬੜੀ ਔਖੀ ਤੇ ਜੇ ਮੈਂ ਚਲਾ ਜਾਵਾਂ.....।’ ਮੇਰੀ ਨਜ਼ਰ ਧੁੰਦਲੀ ਹੋ ਗਈ। ਹੇਠਾਂ ਇੱਕ ਹੋਰ ਲਾਈਨ ਸੀ, ਬਹੁਤ ਕੰਬਦੀ ਹੋਈ ਲਿਖਾਈ ਵਿੱਚ। ‘ਉਹਨੂੰ ਕਦੇ ਨਾ ਦੱਸਣਾ ਕਿ ਮੈਂ ਇਕੱਲਾ ਸੀ। ਉਹ ਪਹਿਲਾਂ ਹੀ ਬਹੁਤ ਦੁਖੀ ਰਹਿੰਦਾ ਏ।’ ਬੱਸ ਉੱਥੇ ਮੈਂ ਟੁੱਟ ਗਿਆ ਪੂਰੀ ਤਰ੍ਹਾਂ ਕਿਉਂਕਿ ਉਸ ਪਲ ਨੂੰ ਮੈਨੂੰ ਸਮਝ ਆ ਗਿਆ ਕਿ ਮੇਰਾ ਬਾਪੂ ਕਿੰਨਾ ਵੱਡਾ ਆਦਮੀ ਸੀ। ਉਹ ਮਰਨ ਵੇਲੇ ਵੀ ਆਪਣੇ ਦਰਦ ਬਾਰੇ ਨਹੀਂ ਸਗੋਂ ਉਹ ਮੇਰੇ ਬਾਰੇ ਸੋਚ ਰਿਹਾ ਸੀ। ਆਪਣੇ ਉਸ ਪੁੱਤ ਬਾਰੇ, ਜੋ ਸਾਰੀ ਉਮਰ ਇਹ ਸਮਝਦਾ ਰਿਹਾ ਕਿ ਉਹ ਆਪਣੇ ਪਿਉ ਨੂੰ ਪਿਆਰ ਕਰਦਾ ਹੈ, ਜਿਸ ਨੂੰ ਬਹੁਤ ਦੇਰ ਬਾਅਦ ਪਤਾ ਲੱਗਿਆ ਕਿ ਉਸ ਦਾ ਪਿਉ ਉਸ ਨੂੰ ਕਿਤੇ ਵੱਧ ਪਿਆਰ ਕਰਦਾ ਸੀ।

ਅੱਜ ਵੀ ਕਦੇ-ਕਦੇ ਰਾਤ-ਬਰਾਤੇ ਨੀਂਦ ਖੁੱਲ੍ਹਦੀ ਏ ਤਾਂ ਲੱਗਦਾ ਹੈ, ਜਿਵੇਂ ਵਿਹੜੇ ਵਿੱਚ ਕੋਈ ਬੈਠਾ ਹੋਵੇ ਤੇ ਮਾਂ ਨਾਲ ਹੌਲੀ-ਹੌਲੀ ਗੱਲਾਂ ਕਰਦਾ ਮੇਰੀ ਚਿੰਤਾ ਕਰ ਰਿਹਾ ਹੋਵੇ। ਫਿਰ ਮੈਂ ਅੱਖਾਂ ਬੰਦ ਕਰ ਲੈਂਦਾ ਹਾਂ ਕਿਉਂਕਿ ਮੈਂ ਜਾਣਦਾ ਹਾਂ, ਕੁਝ ਲੋਕ ਮਰਦੇ ਨਹੀਂ। ਉਹ ਆਪਣੇ ਬੱਚਿਆਂ ਦੇ ਪਛਤਾਵਿਆਂ, ਯਾਦਾਂ ਤੇ ਧੜਕਣਾਂ ’ਚ ਜਿਉਂਦੇ ਰਹਿੰਦੇ ਹਨ। ਤੇ ਮੇਰਾ ਬਾਪੂ ਅੱਜ ਵੀ ਮੇਰੇ ਅੰਦਰ ਜਿਉਂਦਾ ਹੈ।

ਮਿੰਨੀ ਕਹਾਣੀਆਂ



ਗੁਆਚਿਆ ਪਿੰਡ

ਬਲਜਿੰਦਰ ਅਕਲੀਆ

ਕਈ ਸਾਲਾਂ ਬਾਅਦ ਬਿੱਲੂ ਆਪਣੇ ਪਿੰਡ ਆਇਆ। ਉਹ ਸੋਚ ਰਿਹਾ ਸੀ ਕਿ ਪਿੰਡ ਦੀ ਹਵਾ, ਲੋਕਾਂ ਦਾ ਪਿਆਰ ਅਤੇ ਸੱਥ ਦੀਆਂ ਰੌਣਕਾਂ ਅੱਜ ਵੀ ਪਹਿਲਾਂ ਵਾਂਗ ਹੀ ਹੋਣਗੀਆਂ। ਪਿੰਡ ਦੇ ਮੋੜ ’ਤੇ ਉਸ ਨੂੰ ਬਚਪਨ ਦਾ ਦੋਸਤ ਲੱਖਾ ਮਿਲ ਗਿਆ। ਆ ਜਾ ਬਿੱਲੂ ! ਕਿੰਨੇ ਸਾਲਾਂ ਬਾਅਦ ਚੱਕਰ ਲਾਇਐ ? ਲੱਖੇ ਨੇ ਗਲੇ ਮਿਲਦਿਆਂ ਕਿਹਾ। ਦੋਵੇਂ ਲੱਖੇ ਦੇ ਘਰੇ ਬੈਠਕ ਵਿੱਚ ਜਾ ਬੈਠੇ।

ਚਾਹ ਪੀਂਦਿਆਂ ਬਿੱਲੂ ਨੇ ਗੱਲ ਸ਼ੁਰੂ ਕੀਤੀ, ਯਾਰ, ਸੱਥ ਸੁੰਨੀ ਪਈ ਹੈ। ਨਾ ਤਾਸ਼ ਖੇਡਦੇ ਬਜ਼ੁਰਗ, ਨਾ ਪਿੱਪਲ ਹੇਠ ਬੈਠੀਆਂ ਟੋਲੀਆਂ, ਸਭ ਕਿੱਥੇ ਗਏ ? ਸੱਥ ’ਚ ਤਾਂ ਬਜ਼ੁਰਗ ਹਮੇਸ਼ਾ ਤਾਸ਼ ਖੇਡਦੇ ਰਹਿੰਦੇ ਸਨ।” ਲੱਖਾ ਮੁਸਕਰਾਇਆ ਤੇ ਬੋਲਿਆ, ਸਭ ਆਪੋ-ਆਪਣੇ ਘਰਾਂ ਵਿੱਚ ਹਨ। ਹੁਣ ਸੱਥ ਨਹੀਂ ਜੁੜਦੀ, ਸਭ ਮੋਬਾਈਲ ਨਾਲ ਜੁੜੇ ਹੋਏ ਨੇ।” ਬਿੱਲੂ ਨੇ ਠੰਢਾ ਹਉਕਾ ਭਰਦਿਆਂ ਕਿਹਾ, ਯਾਰ, ਮੈਂ ਤਾਂ ਸੋਚਿਆ ਸੀ ਕਿ ਸ਼ਹਿਰ ਹੀ ਬਦਲਿਆ ਹੋਵੇਗਾ। ਪਿੰਡ ਤਾਂ ਉਹੀ ਹੋਵੇਗਾ। ਲੱਖੇ ਨੇ ਚਾਹ ਦਾ ਆਖ਼ਰੀ ਘੁੱਟ ਭਰ ਕੇ ਗਿਲਾਸ ਹੇਠਾਂ ਰੱਖਦਿਆਂ ਕਿਹਾ, ਪਹਿਲਾਂ ਲੋਕ ਘਰਾਂ ਦੇ ਦਰਵਾਜ਼ੇ ਖੜਕਾਉਂਦੇ ਸਨ ਤੇ ਹੁਣ ਫੋਨ ਕਰਦੇ ਨੇ। ਪਹਿਲਾਂ ਦੁੱਖ-ਸੁੱਖ ਵੰਡਦੇ ਸਨ, ਹੁਣ ਸਿਰਫ਼ ਸਟੇਟਸ ਵੇਖਦੇ ਨੇ।” ਬਿੱਲੂ ਦੀਆਂ ਅੱਖਾਂ ਸਾਹਮਣੇ ਪੁਰਾਣਾ ਪਿੰਡ ਘੁੰਮ ਰਿਹਾ ਸੀ। ਉਸ ਨਿਰਾਸ਼ਾ ਵਿੱਚ ਕਿਹਾ, “ਲੱਗਦੈ ਪਿੰਡ ਵੀ ਬਦਲ ਗਿਆ। ਲੱਖੇ ਨੇ ਸਿਰ ਹਿਲਾਉਂਦਿਆਂ ਕਿਹਾ, “ਨਹੀਂ ਯਾਰ... ਪਿੰਡ ਨ੍ਹੀਂ ਬਦਲਿਆ, ਅਸੀਂ ਬਦਲ ਗਏ ਹਾਂ।

***

ਡਰ ’ਤੇ ਜਿੱਤ

ਰਵਨਜੋਤ ਕੌਰ ਸਿੱਧੂ ਰਾਵੀ

ਸਕੂਲ ਵਿੱਚ ਅਧਿਆਪਕ ਅਮਰਜੀਤ ਸਿੰਘ ਆਪਣੇ ਸਖ਼ਤ ਮਿਜ਼ਾਜ ਲਈ ਜਾਣੇ ਜਾਂਦੇ ਸਨ। ਉਨ੍ਹਾਂ ਦੀ ਕਲਾਸ ਵਿੱਚ ਸ਼ਰਾਰਤੀ ਤੋਂ ਸ਼ਰਾਰਤੀ ਵਿਦਿਆਰਥੀ ਵੀ ਅਨੁਸ਼ਾਸਨ ’ਚ ਰਹਿੰਦੇ ਸਨ। ਕਲਾਸ ’ਚ ਰੋਹਨ ਨਾਂ ਦਾ ਇੱਕ ਵਿਦਿਆਰਥੀ ਸੀ, ਜੋ ਬਹੁਤ ਹੁਸ਼ਿਆਰ ਸੀ ਪਰ ਉਸ ਨੂੰ ਕਿਸੇ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨ ਤੋਂ ਬਹੁਤ ਡਰ ਲੱਗਦਾ ਸੀ। ਇਸ ਡਰ ਕਰਕੇ ਕਈ ਵਾਰ ਉਹ ਜਵਾਬ ਆਉਂਦਾ ਹੋਣ ਦੇ ਬਾਵਜੂਦ ਹੱਥ ਖੜ੍ਹਾ ਨਹੀਂ ਸੀ ਕਰਦਾ। ਅਧਿਆਪਕ ਅਮਰਜੀਤ ਸਿੰਘ ਉਸ ਦੇ ਦਿਲ ਵਿਚਲੇ ਇਸ ਡਰ ਨੂੰ ਸਮਝ ਚੁੱਕੇ ਸਨ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਰੋਹਨ ਆਪਣੀ ਇਸ ਝਿਜਕ ਕਰਕੇ ਹੀ ਕਈ ਵਾਰ ਅਧਿਆਪਕਾਂ ਤੋਂ ਝਿੜਕਾਂ ਖਾ ਚੁੱਕਾ ਸੀ। ਅਮਰਜੀਤ ਸਿੰਘ ਹੋਰਾਂ ਦੇ ਸਖ਼ਤ ਸੁਭਾਅ ਕਾਰਨ ਰੋਹਨ ਦਾ ਵੀ ਕਦੇ ਹੌਸਲਾ ਨਾ ਪਿਆ ਕਿ ਉਹ ਆਪਣੀ ਗੱਲ ਉਨ੍ਹਾਂ ਸਾਹਮਣੇ ਰੱਖ ਸਕਦਾ।

ਇੱਕ ਦਿਨ ਕਲਾਸ ਵਿੱਚ ਬਹਿਸ ਮੁਕਾਬਲਾ ਕਰਵਾਉਣ ਲਈ ਨਾਂ ਦਰਜ ਕੀਤੇ ਜਾ ਰਹੇ ਸਨ, ਪਰ ਰੋਹਨ ਨੇ ਉਸ ਵਿੱਚ ਭਾਗ ਲੈਣ ਤੋਂ ਇਨਕਾਰ ਕਰ ਦਿੱਤਾ। ਅਧਿਆਪਕ ਨੇ ਰੋਹਨ ਨੂੰ ਆਪਣੇ ਕਮਰੇ ਵਿੱਚ ਬੁਲਾਇਆ ਤਾਂ ਉਸ ਨੇ ਮੂੰਹ ਹੇਠਾਂ ਜ਼ਮੀਨ ਵੱਲ ਕੀਤਿਆਂ ਬਹੁਤ ਹੀ ਡਰੀ ਹੋਈ ਆਵਾਜ਼ ਵਿੱਚ ਕਿਹਾ, “ਮੈਥੋਂ ਇਹ ਨਹੀਂ ਹੋਣਾ ਸਰ, ਮੈਨੂੰ ਹੋਰਨਾਂ ਸਾਹਮਣੇ ਗੱਲ ਕਰਨੀ ਨਹੀ

ਕਾਵਿ ਸੰਸਾਰ



ਦਰਦਾਂ ਦੇ ਛਾਲੇ ਉੱਧੜੇ ਪਏ ਨੇ,
ਸਾਹ ਪੀੜਾਂ ਨਾਲ ਉੱਖੜੇ ਪਏ ਨੇ।
ਜ਼ਿੰਦਗੀ ਦੇ ਸਵਾਲ ਉਲਝੇ ਪਏ ਨੇ,
ਜਵਾਬ ਲੇਖਾਂ ਨਾਲ ਰੁੱਸੇ ਪਏ ਨੇ।
ਧਰਤੀ ਦੇ ਪਾਣੀ ਸੁੱਕਦੇ ਪਏ ਨੇ,
ਬਿਰਖ ਵੀ ਜੰਗਲਾਂ 'ਚ ਮੁੱਕਦੇ ਪਏ ਨੇ।
ਕੁੱਖ 'ਚ ਧੀਆਂ ਦੇ ਕਤਲ ਨੇ ਹੁੰਦੇ,
ਕੁਦਰਤ ਅਤੇ ਕਾਦਰ ਗੁੱਸੇ ਪਏ ਨੇ।
ਨੰਗੇ ਤਨ ਧੋਹ ਵਿੱਚ ਠਰਦੇ ਨੇ ਲੋਕ,
ਹਾੜ੍ਹ ਦੀ ਧੁੱਪ ਵਿੱਚ ਸੜਦੇ ਪਏ ਨੇ।
ਕਫ਼ਨ ਕਿਰਤੀਆਂ ਸਿਰ ਬੰਨ੍ਹੇ ਪਏ ਨੇ,
ਹੱਥ ਤਕਦੀਰ ਨਾਲ ਲੜਦੇ ਪਏ ਨੇ।
ਧਨਾਢਾਂ ਦੇ ਢਿੱਡ ਨੇ ਬਾਹਰ ਨੂੰ ਲਟਕੇ,
ਮਜ਼ਲੂਮਾਂ ਦੇ ਚੁੱਲ੍ਹੇ ਬੁਝੇ ਪਏ ਨੇ।
ਵਿਚਾਰੇ ਭੁੱਖ ਨਾਲ ਤਪੇ ਪਏ ਨੇ,
ਪਾਣੀ ਵੀ ਚਿੱਥ ਕੇ ਪੀਂਦੇ ਪਏ ਨੇ।
ਝੱਖੜ ਥੰਮ ਚਾਨਣ ਹੁੰਦੇ ਪਏ ਨੇ,
ਕਲਮ ਅਤੇ ਦਾਤੀ ਸਲਾਹੀਂ ਪਏ ਨੇ।
ਸਾਂਝ ਦੇ ਸਿਰਨਾਵੇਂ ਲਿਖਦੇ ਪਏ ਨੇ,
'ਅਮਰ' ਹੁਣ ਸ਼ਬਦ ਸਹੀ ਰਸਤੇ ਪਏ ਨੇ।

ਬਹਾਰਾਂ
ਗੁਰਮੀਤ ਸਿੰਘ ਚੀਮਾ

ਹੋਵਣ ਕਤਲ ਬਹਾਰਾਂ ਇੱਥੇ,
ਸੜਨ ਪਈਆਂ ਗੁਲਜ਼ਾਰਾਂ ਇੱਥੇ।
ਪੈਰ ਪੈਰ 'ਤੇ ਜ਼ਹਿਰਾਂ ਉੱਗਣ,
ਬਣ ਕੇ ਤਿੱਖੀਆਂ ਖ਼ਾਰਾਂ ਇੱਥੇ।
ਅੰਬਰੋਂ ਵਰ੍ਹਦੀ ਰਾਖ ਅਗਨ ਦੀ,
ਧਰਤੀ ਦਾ ਮੂੰਹ ਸ਼ਿਕਵਾ ਸ਼ਿਕਵਾ।
ਮਹਿਲ ਮਾੜੀਆਂ ਉੱਚੀਆਂ ਉੱਠਣ,
ਰੋਵਣ ਛੰਨਾਂ ਢਾਰਾਂ ਇੱਥੇ।
ਖ਼ੂਨ 'ਚ ਲਿੱਬੜੇ ਪੰਜੇ ਤੱਕੇ,
ਤੇ ਬਨਮਾਨਸ ਬੰਦੇ ਤੱਕੇ।
ਤਿਰਸ਼ੂਲਾਂ ਦੀ ਮੰਡੀ ਲਗਦੀ,
ਮੁਫ਼ਤ ਮਿਲਣ ਤਲਵਾਰਾਂ ਇੱਥੇ।

ਗ਼ਜ਼ਲ
ਗੁਰਵਿੰਦਰ ਸਿੰਘ ਗੋਸਲ

ਅਕਸਰ ਵੇਖਾਂ ਇੱਕ ਦੂਜੇ ਦੀ, ਰਹਿਣ ਬੁਰਾਈ ਕਰਦੇ ਲੋਕ,
ਜਦ ਇਨਸਾਨ ਤਰੱਕੀ ਕਰਦਾ, ਬਿਲਕੁਲ ਵੀ ਨਾ ਜਰਦੇ ਲੋਕ।
ਮਾੜੇ ਬੰਦੇ ਉੱਤੇ ਐਵੇਂ, ਹਰ ਬੰਦਾ ਹੀ ਝਾੜੇ ਰੁਅਬ,
ਪੈਸੇ ਵਾਲੇ ਬੰਦੇ ਦਾ ਹੀ, ਵੇਖੇ ਪਾਣੀ ਭਰਦੇ ਲੋਕ।
ਸਭ ਦੇ ਰੰਗ ਨੇ ਵੱਖੋ-ਵੱਖਰੇ, ਸਭ ਦੇ ਵੱਖੋ-ਵੱਖ ਸੁਭਾਅ,
ਇੱਕ ਦੂਜੇ ਦੇ ਢੱਕਦੇ ਘੱਟ ਨੇ, ਚੱਕਦੇ ਬਹੁਤੇ ਪੜਦੇ ਲੋਕ।
ਵੱਧ ਦਿਹਾੜੀ ਦੇਣ ਦੀ ਗੱਲ ਤਾਂ, ਰਹਿ ਗਈ ਲੱਖਾਂ ਕੋਹਾਂ ਦੂਰ,
ਮਜ਼ਦੂਰਾਂ ਦਾ ਹੱਕ ਖਾ ਜਾਂਦੇ, ਏਥੇ ਸਰਦੇ ਵਰਦੇ ਲੋਕ।
ਰੱਬ ਦੇ ਨਾਂਅ 'ਤੇ ਕਰ ਕੇ 'ਕੱਠਾ, ਭੋਲੇ ਲੋਕਾਂ ਕੋਲੋਂ ਦਾਨ,
ਚੁੱਪ-ਚੁਪੀਤੇ ਛਕ ਜਾਂਦੇ ਹਨ, ਰੱਬ ਤੋਂ ਵੀ ਨ੍ਹੀਂ ਡਰਦੇ ਲੋਕ।
ਦੇਸ਼ ਮੇਰੇ ਦੀ ਧਰਤੀ ਦਾ ਅੱਜ, ਕਿੰਨਾ ਬਦਤਰ ਹੋਇਆ ਹਾਲ,
ਆਪਣੀ ਮੌਤੇ ਘੱਟ ਤੇ ਜ਼ਿਆਦਾ, ਨਸ਼ਿਆਂ ਕਾਰਨ ਮਰਦੇ ਲੋਕ।
'ਗੋਸਲ' ਆਖਰ ਪਛਤਾਵੇ ਬਿਨ, ਕੁਝ ਨਈਂ ਬਚਣਾ ਉਹਨਾਂ ਕੋਲ,
ਜਿਹੜੇ ਅਪਣੇ ਹੱਕਾਂ ਖਾਤਰ, ਮੂੰਹ ਨਾ ਖੋਲ੍ਹਣ ਡਰਦੇ ਲੋਕ।

ਗ਼ਜ਼ਲ
ਪਰਮਜੀਤ ਸਿੰਘ ਨਿੱਕੇ ਘੁੰਮਣ

ਗ਼ੈਰਤ, ਇੱਜ਼ਤ, ਦਿਲ ਵਿੱਚ ਪਾਕ ਮੁਹੱਬਤ ਹੁੰਦੀ ਸੀ,
ਚੰਗਾ ਵਕਤ ਸੀ, ਚੰਗਿਆਂ ਦੀ ਹੀ ਸ਼ੁਹਰਤ ਹੁੰਦੀ ਸੀ।
ਪੈਸਾ ਵੀ ਨਾ ਲੈਣਾ, ਮੁਫ਼ਤ ਦਵਾਈ ਦੇ ਦੇਣੀ,
ਐਨੀ ਸੁੱਚੀ ਵੇਖੋ ਯਾਰੋ, ਹਿਕਮਤ ਹੁੰਦੀ ਸੀ।
ਭੁੱਖੇ ਮਰਨਾ, ਪੱਤ ਦਾ ਸੌਦਾ ਫਿਰ ਵੀ ਕਰਨਾ ਨਾ,
ਜਾਨੋਂ ਵੱਧ ਪਿਆਰੀ ਸਾਨੂੰ ਅਜ਼ਮਤ ਹੁੰਦੀ ਸੀ।
ਥੋੜ੍ਹਾ ਹੀ ਸੀ, ਥੋੜ੍ਹੇ ਵਿੱਚ ਹੀ ਉਮਰਾਂ ਕੱਢ ਲੈਂਦੇ,
ਹੱਕ ਦੀ ਰੋਟੀ ਦੇ ਵਿੱਚ ਬਹੁਤੀ ਬਰਕਤ ਹੁੰਦੀ ਸੀ।
ਦਿਲਬਰ ਉਹ ਜ਼ਮਾਨਾ ਲੰਘਿਆ, ਮੁੜ ਕੇ ਆਉਣਾ ਨਾ
ਧਰਮਾਂ-ਮਜ਼ਹਬਾਂ ਵਾਲੀ ਦਿਲ ਨਾ, ਨਫ਼ਰਤ ਹੁੰਦੀ ਸੀ।

ਚਾਹ ਪੀ ਲਈਏ
ਮਨਜੀਤ ਸਿੰਘ ਬੱਧਣ

ਤੁਰਦੇ ਤੇ ਰੁੱਕਦੇ ਥੱਕ ਰਹੇ ਹਾਂ, ਘੁੱਟ ਚਾਹ ਪੀ ਲਈਏ,
ਕਿੱਧਰੇ ਆਰਾਮ ਤੱਕ ਰਹੇ ਹਾਂ, ਘੁੱਟ ਚਾਹ ਪੀ ਲਈਏ।
ਗੁੜ ਵਾਲੀ ਚਾਹ ਵਿੱਚ ਇਲਾਇਚੀ-ਅਦਰਕ ਵੀ ਹੈ,
ਆਵੇ ਖੁਸ਼ਬੂ, ਨੇੜੇ ਹੀ ਰਹੀਏ, ਘੁੱਟ ਚਾਹ ਪੀ ਲਈਏ।
ਇਹ ਜਵਾਨੀ, ਗੁਮਾਨੀ ਤੇ ਅੱਖ ਮਸਤਾਨੀ ਦਾ ਅਸਰ,
ਮੁੱਛ 'ਤੇ ਹੱਥ ਤੇ ਜੀ-ਜੀ ਕਹੀਏ, ਘੁੱਟ ਚਾਹ ਪੀ ਲਈਏ।
ਉਮੰਗ ਤੋਂ ਉੱਗਦਾ ਹੈ ਦਿਨ, ਆਸ 'ਤੇ ਅਸਤ ਹੋ ਜਾਵੇ,
ਚੱਲ ਨਸੀਬਾਂ ਨਾਲ ਵੀ ਖਹੀਏ, ਘੁੱਟ ਚਾਹ ਪੀ ਲਈਏ।
ਟੋਟੇ-ਟੋਟੇ ਹੋਇਆ ਵੀ ਝੱਲਾ ਦਿਲ, ਧੜਕ ਰਿਹਾ ਹੈ,
ਲਾ ਕੇ ਕੁਝ ਤੋਪੇ, ਸਿਉਂ ਲਈਏ, ਘੁੱਟ ਚਾਹ ਪੀ ਲਈਏ।
ਇਸ ਆਰ ਤੋਂ ਉਸ ਪਾਰ ਹੋ ਜਾਣ ਤੋਂ ਪਹਿਲਾਂ-ਪਹਿਲਾਂ,
ਚੁਸਕੀਆਂ ਨਾਲ ਜੀਅ ਲਈਏ, ਘੁੱਟ ਚਾਹ ਪੀ ਲਈਏ।

ਗ਼ਜ਼ਲ
ਗੁਰਬਖ਼ਸ਼ ਸਿੰਘ 'ਨਾਕਾਮ'

ਮਹਿਰਮ ਬਣੇ ਰਹਿਣ ਸਦਾ ਦਿਲ ਦੇ,
ਹੋਵੇ ਕਿਸਮਤ ਜੇ ਤਾਹੀਓਂ ਮਿਲਦੇ।
ਗਾਹ ਮਾਰਿਆ ਮੈਂ ਕੁੱਲ ਗੁਲਜ਼ਾਰ,
ਵੇਖਣ ਨੂੰ ਨਾ ਮਿਲੇ ਫੁੱਲ ਖਿਲਦੇ।
ਖੋਦ-ਖੋਦ ਖੁੱਡ, ਚੂਹੇ ਥੱਕ ਜਾਵਣ,
ਸੱਪ ਬਣ ਬੈਠਣ ਮਾਲਕ ਬਿਲ ਦੇ।
ਤਿੜਕਿਆ ਸ਼ੀਸ਼ਾ ਭਾਵੇਂ ਜੁੜ ਜਾਵੇ,
ਫੱਟ ਦਿਲ ਲੱਗੇ ਕਦੇ ਨਾ ਸਿਲਦੇ।
ਉੱਜੜੇ ਵੱਸੇ, ਉੱਜੜੇ, ਮੁੜ ਵੱਸੇ,
ਪਰ ਨਾ ਦੇਣਦਾਰ ਇੱਕ ਤਿਲ ਦੇ।
ਬੇਇਨਸਾਫ਼ੀ ਦੇ ਤਾਬੂਤਾਂ ਖ਼ਾਤਰ,
ਤਲਬਗਾਰ ਹਾਂ ਅਸੀਂ ਹਰ ਕਿੱਲ ਦੇ।
ਸਦੀਆਂ ਪੁਸ਼ਤਾਂ ਦੇਣ ਨਾ ਮੁਆਫ਼ੀ,
ਗੁਨਾਹਗਾਰ ਜੋ ਵਰਤੀ ਢਿੱਲ ਦੇ।
'ਨਾਕਾਮ' ਜੇ ਨੀਅਤ ਰਾਸ ਮੁਕੰਮਲ,
ਹੱਲ ਮਿਲ ਜਾਂਦੇ ਹਰ ਮੁਸ਼ਕਿਲ ਦੇ।

ਨਜ਼ਰੀਆ
ਨਿਰਮਲ ਸਿੰਘ ਦਿਓਲ

ਸ਼ਹਿਰ ਵਿੱਚ ਅਚਨਚੇਤ
ਲੱਗੇ ਕਰਫ਼ਿਊ ਕਾਰਨ,
ਜਦੋਂ ਉਹ ਆਪਣੀ
ਸਕੂਲ ਪੜ੍ਹਦੀ ਧੀ ਨੂੰ
ਲੈਣ ਗਿਆ,
ਤਾਂ ਉਸ ਨੂੰ ਬਾਜ਼ਾਰ ਵਿੱਚ
ਤੁਰੀ ਫਿਰਦੀ,
ਹਰ ਕੁੜੀ ਬਿਲਕੁਲ
ਆਪਣੀ ਧੀ ਵਰਗੀ ਲੱਗੀ।
ਅੱਜ ਜਦੋਂ ਉਹ
ਬਾਜ਼ਾਰ ਨੂੰ ਜਾਂਦਾ,
'ਮੈਂ' ਨੂੰ ਘਰ ਭੁੱਲ ਗਿਆ
ਤਾਂ ਉਸ ਨੂੰ ਸ਼ਹਿਰ ਵਿੱਚ
ਤੁਰਿਆ ਫਿਰਦਾ
ਹਰ ਬੰਦਾ ਬਿਲਕੁਲ
ਆਪਣੇ ਆਪ ਵਰਗਾ ਲੱਗਿਆ।

ਤ੍ਰਿਸਕਾਰ
ਮੁਹੰਮਦ ਅੱਬਾਸ ਧਾਲੀਵਾਲ

ਸੱਚ ਦਾ ਇਉਂ ਤ੍ਰਿਸਕਾਰ ਨਾ ਕਰ,
ਝੂਠ ਨੂੰ ਤੂੰ ਸਵੀਕਾਰ ਨਾ ਕਰ।
ਦਿਲ ਦੇ ਰਿਸ਼ਤੇ ਨਾਜ਼ੁਕ ਹੁੰਦੇ,
ਇਨ੍ਹਾਂ ਦਾ ਇਉਂ ਵਪਾਰ ਨਾ ਕਰ।
ਮਰ ਜਾਵੇ ਜ਼ਮੀਰ ਹੀ ਜਿਸ 'ਤੇ,
ਅਜਿਹੇ ਰਾਹ ਅਖ਼ਤਿਆਰ ਨਾ ਕਰ।
ਸੋਚ ਤੂੰ ਰੱਖੀਂ ਫੁੱਲਾਂ ਵਰਗੀ,
ਨਫ਼ਰਤ ਨੂੰ ਗੁਲਜ਼ਾਰ ਨਾ ਕਰ।
ਥੋੜ੍ਹਾ ਬਹੁਤਾ ਸਬਰ ਵੀ ਰੱਖ,
ਹਰ ਗੱਲ 'ਤੇ ਤਕਰਾਰ ਨਾ ਕਰ।
'ਅੱਬਾਸ' ਤੂੰ ਆਪਣੇ ਅਸੂਲਾਂ ਨਾਲ,
ਸਮਝੌਤਿਆਂ ਦਾ ਵਪਾਰ ਨਾ ਕਰ।

ਗ਼ਜ਼ਲ
ਗੁਰਵਿੰਦਰ ਸਿੰਘ ਗੋਸਲ

ਦੁੱਖ ਹਮੇਸ਼ਾ ਹੋਰ ਦਾ, ਲੱਗੇ ਸਭ ਨੂੰ ਘੱਟ,
ਪੀੜਾ ਹੁੰਦੀ ਹੈ ਜਦੋਂ, ਖ਼ੁਦ ਨੂੰ ਲੱਗੇ ਸੱਟ।
ਵਿਕਦੇ ਅਣਖੀ ਲੋਕ ਨਾ, ਭਾਵੇਂ ਲੱਥੇ ਸੀਸ,
ਵੇਚ ਜ਼ਮੀਰਾਂ ਦੇਣ ਜੋ, ਖੁੱਕ ਕੇ ਲੈਂਦੇ ਚੱਟ।
ਜਿਹੜੇ ਆਖਣ ਆਪਣਾ, ਆਖਣ ਸੁਖਾਂ ਵਿੱਚ,
ਉਹ ਵੇਖੇ ਦੁੱਖ ਪੈਣ 'ਤੇ, ਪਾਸਾ ਲੈਂਦੇ ਵੱਟ।
ਪੀੜ ਜੋ ਮਿਲਦੀ ਹੋਰ ਤੋਂ, ਬੰਦਾ ਜਾਵੇ ਝੱਲ,
ਹੁੰਦੀ ਹੈ ਤਕਲੀਫ਼ ਜਦ, ਅਪਣੇ ਮਾਰਨ ਸੱਟ।
'ਗੋਸਲ' ਬੁਰੇ ਤਿਆਗ ਕੇ, ਕਰਨ ਜੋ ਚੰਗੇ ਕੰਮ,
ਉਹੀ ਬੰਦੇ ਜੱਗ 'ਤੇ, ਨੇਕੀ ਜਾਂਦੇ ਖੱਟ।



ਮਿੱਟੀ ਜਿਹਾ ਅਮੀਰ ਨਾ ਕੋਈ
ਸਭ ਦੇ ਕੰਮ ਜੋ ਆਵੇ
ਧੁੱਪ, ਮੀਂਹ, ਝੱਖੜ, ਔੜਾਂ ਝੱਲਦੀ
ਕੁੱਲ ਦੁਨੀਆ ਨੂੰ ਗੁਸ਼ਨਾਵੇ
ਵਾਂਗ ਮਨੁੱਖ ਨਾ ਕਰੇ ਵਿਤਕਰਾ
ਸਭ ਨੂੰ ਗਲ਼ ਨਾਲ ਲਾਵੇ।
ਇਸ ਤੋਂ ਸਿੱਖ ਲੈ ਤੂੰ ਜੀਵਣਾ
ਕਿਉਂ ਰੋ-ਰੋ ਜੂਨ ਹੰਢਾਵੇਂ
ਜਨਮ ਤੋਂ ਅਖੀਰ ਸਮੇਂ ਤੱਕ
ਮਿੱਟੀ ਚੋਗ ਚੁਗਾਵੇ
ਤੇਰੇ ਖਾਨੇ ਕੁਝ ਨਾ ਪੈਣਾ
ਇਹ ਕੀ-ਕੀ ਰੰਗ ਵਿਖਾਵੇ।
ਫੁੱਲ, ਫਲ ਤੇ ਜੜੀ ਬੂਟੀਆਂ
ਇਸ ਦੀ ਕੁੱਖ ਦੇ ਜਾਏ
ਮੀਂਹ ਪੈਂਦੇ ਤਾਂ ਮਹਿਕ ਮਿੱਟੀ ਦੀ
ਸਭ ਦੇ ਮਨ ਨੂੰ ਭਾਵੇ
ਮਿੱਟੀ ਨਾਲ ਸਭ ਮਿੱਟੀ ਹੋਣਾ
ਤੈਨੂੰ ਰਤਾ ਸਮਝ ਨਾ ਆਵੇ।
ਮਿੱਟੀ ਵਾਂਗੂ ਬਣ ਜਾ ਖੁੱਲ੍ਹਦਿਲਾ
ਜਿਹੜੀ ਸਭ ਲਈ ਅੰਨ ਉਗਾਵੇ
ਗੁਰੂਆਂ ਮਾਂ ਦਾ ਦਰਜਾ ਦੇ ਕੇ
ਇਸ ਨੂੰ ਪੂਜਣ ਯੋਗ ਬਣਾਇਆ
'ਧਾਲੀਵਾਲਾ' ਬੰਦਾ ਚੰਦ ਛਿੱਲੜਾਂ ਲਈ
ਇਹ ਦੀ ਹਿੱਕ ਚੜ੍ਹ ਬੋਲੀ ਲਾਵੇ।

ਚਾਲਾਂ
ਅਮਨਦੀਪ ਕੌਰ

ਹਾਕਮ ਖੇਡੇ ਚਾਲਾਂ ਜਨਤਾ ਭੋਲੀ ਨਾਲ,
ਨੌਕਰੀਆਂ ਦੀ ਥਾਂ 'ਤੇ ਵੰਡੇ ਲੂਣ ਤੇ ਦਾਲ।
ਬੇਰੁਜ਼ਗਾਰੀ, ਚਿੱਟਾ ਰਿਹਾ ਜਵਾਨੀ ਗਾਲ,
ਪੁੱਤ ਜਿਨ੍ਹਾਂ ਦੇ ਮੋਏ ਬੁਰੇ ਮਾਵਾਂ ਦੇ ਹਾਲ।
ਵੋਟਾਂ ਪਾ ਕੇ ਨਾਗ ਲਏ ਬੁੱਕਲਾਂ ਵਿੱਚ ਪਾਲ,
ਜੇ ਸਾਰੀਆਂ ਖੋਲ੍ਹਾਂ ਪੋਲਾਂ ਰੱਜ ਕੇ ਹੋਊ ਬਵਾਲ।
ਜਦ ਵੇਖਾਂ ਗੱਭਰੂ ਮਰਦੇ ਚਿੱਤ ਨੂੰ ਪੈਂਦੀ ਕਾਹਲ,
ਇੱਥੇ ਨਿੱਤ ਟੁੱਟਦੇ ਨੇ ਚੂੜੇ ਰੋਂਦੇ ਨਿੱਕੇ ਬਾਲ।
ਵਾਅਦਾ ਇੱਕ ਨਾ ਪੂਰਾ ਕੀਤਾ ਕਿੰਨੇ ਲੰਘੇ ਸਾਲ,
ਵਿਕਾਸ ਕਿੱਥੇ ਹੈ ਦੱਸੋ ? ਜਨਤਾ ਕਰੇ ਸਵਾਲ।
'ਦੀਪ' ਕੁਰਸੀ ਵਾਲੇ ਹੋ ਗਏ ਵੇਖੋ ਮਾਲੋ-ਮਾਲ
ਆਮ ਬੰਦੇ ਨੂੰ ਲੁੱਟ ਕੇ ਇਨ੍ਹਾਂ ਕੀਤਾ ਕੰਗਾਲ।

ਏਸ਼ੀਆਈ ਚੈਂਪੀਅਨਜ਼ ਟਰਾਫ਼ੀ ਲਈ ਭਾਰਤੀ ਮਹਿਲਾ ਹਾਕੀ ਟੀਮ ਦਾ ਐਲਾਨ

ਨਵੀਂ ਦਿੱਲੀ/ਏ.ਟੀ.ਨਿਊਜ਼ : ਤਜ਼ਰਬੇਕਾਰ ਗੋਲਕੀਪਰ ਸਵਿਤਾ ਪੂਨੀਆ ਨੂੰ ਭੋਪਾਲ 'ਚ ਹੋਣ ਵਾਲੀ ਮਹਿਲਾ ਏਸ਼ੀਆਈ ਚੈਂਪੀਅਨਜ਼ ਟਰਾਫੀ ਲਈ ਭਾਰਤੀ ਟੀਮ ਤੋਂ ਆਰਾਮ ਦਿੱਤਾ ਗਿਆ ਹੈ ਤੇ ਉਸ ਦੀ ਜਗ੍ਹਾ ਬੰਸਰੀ ਸੋਲੰਕੀ ਨੂੰ ਟੀਮ 'ਚ ਸ਼ਾਮਲ ਕੀਤਾ ਗਿਆ ਹੈ। ਮੁੱਖ ਕੋਚ ਸ਼ੋਰਡ ਮਾਰਿਨ ਨੇ ਲੰਘੇ ਦਿਨੀਂ ਐਲਾਨੀ ਟੀਮ 'ਚ ਕੁਝ ਖਿਡਾਰਨਾਂ ਦੀਆਂ ਭੂਮਿਕਾਵਾਂ 'ਚ ਬਦਲਾਅ ਦੀ ਵੀ ਜਾਣਕਾਰੀ ਦਿੱਤੀ।

ਟੂਰਨਾਮੈਂਟ ਦਾ ਆਯੋਜਨ 19 ਤੋਂ 28 ਨਵੰਬਰ ਤੱਕ ਭੋਪਾਲ ਦੇ ਨਾਥੂ ਬਰਖੇੜਾ 'ਚ ਨਵੇਂ ਬਣੇ ਕੌਮਾਂਤਰੀ ਖੇਡ ਕੰਪਲੈਕਸ 'ਚ ਕੀਤਾ ਜਾਵੇਗਾ। ਭਾਰਤੀ ਟੀਮ ਮੌਜੂਦਾ ਚੈਂਪੀਅਨ ਦੇ ਰੂਪ 'ਚ ਪ੍ਰਤੀਯੋਗਤਾ 'ਚ ਉਤਰੇਗੀ ਤੇ ਆਪਣੀ ਮੁਹਿੰਮ ਦੀ ਸ਼ੁਰੂਆਤ ਟੂਰਨਾਮੈਂਟ ਦੇ ਪਹਿਲੇ ਦਿਨ ਮਲੇਸ਼ੀਆ ਵਿਰੁੱਧ ਕਰੇਗੀ। ਮਿਡਫੀਲਡਰ ਸਲੀਮਾ ਟੇਟੇ ਟੀਮ ਦੀ ਕਪਤਾਨ



ਬਰਕਰਾਰ ਰਹੇਗੀ।

ਜਾਪਾਨ 'ਚ ਪਿਛਲੇ ਮਹੀਨੇ ਏਸ਼ੀਆਈ ਖੇਡਾਂ 'ਚ ਇਤਿਹਾਸਕ ਸੋਨ ਤਮਗਾ ਜਿੱਤਣ ਤੋਂ ਬਾਅਦ ਭਾਰਤੀ ਟੀਮ ਪਹਿਲੀ ਵਾਰ ਕਿਸੇ ਕੌਮਾਂਤਰੀ ਟੂਰਨਾਮੈਂਟ 'ਚ ਖੇਡੇਗੀ। ਭਾਰਤ 2016, 2023 ਤੇ 2024 'ਚ ਏਸ਼ੀਆਈ ਚੈਂਪੀਅਨਜ਼ ਟਰਾਫੀ ਦਾ ਖਿਤਾਬ ਜਿੱਤ ਚੁੱਕਾ ਹੈ। 6 ਟੀਮਾਂ ਦੀ ਇਸ ਪ੍ਰਤੀਯੋਗਤਾ 'ਚ ਭਾਰਤ ਤੋਂ ਇਲਾਵਾ ਚੀਨ, ਜਾਪਾਨ, ਮਲੇਸ਼ੀਆ, ਥਾਈਲੈਂਡ ਤੇ ਦੱਖਣੀ ਕੋਰੀਆ ਹਿੱਸਾ ਲੈਣਗੇ। ਭਾਰਤ ਦੀ ਤਰ੍ਹਾਂ ਦੱਖਣੀ ਕੋਰੀਆ ਨੇ ਵੀ ਮਹਿਲਾ ਏਸ਼ੀਆਈ ਚੈਂਪੀਅਨਜ਼ ਟਰਾਫੀ ਦਾ ਖਿਤਾਬ 3 ਵਾਰ ਜਿੱਤਿਆ ਹੈ।

25 ਸਾਲਾ ਬੰਸਰੀ ਪਿਛਲੇ ਸਾਲ ਏਸ਼ੀਆ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਹਿੱਸਾ ਸੀ। ਬਿਚੂ ਦੇਵੀ ਖਰੀਬਾਮ ਨੇ ਟੀਮ 'ਚ ਦੂਜੀ ਗੋਲਕੀਪਰ ਦੇ ਰੂਪ 'ਚ ਆਪਣਾ ਸਥਾਨ ਬਰਕਰਾਰ ਰੱਖਿਆ ਹੈ। ਮਾਰਿਨ ਨੇ ਕਿਹਾ, "ਇਹ ਹੋਰ ਖਿਡਾਰਨਾਂ ਨੂੰ ਕੌਮਾਂਤਰੀ ਪੱਧਰ 'ਚ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦੇਣ ਦਾ ਸਮਾਂ ਹੈ। ਕੁਝ ਖਿਡਾਰਨਾਂ ਆਪਣੀ ਆਮ ਪੋਜੀਸ਼ਨ ਤੋਂ ਵੱਖਰੀ ਭੂਮਿਕਾ 'ਚ ਖੇਡਣਗੀਆਂ ਜਿਸ ਨਾਲ ਕਿ ਮੈਂ ਦੇਖ ਸਕਾਂ ਕਿ ਉਹ ਨਵੀਂ ਜ਼ਿੰਮੇਵਾਰੀ 'ਚ ਕਿਹੋ ਜਿਹਾ ਪ੍ਰਦਰਸ਼ਨ ਕਰਦੀਆਂ ਹਨ।" ਉਸ ਨੇ ਕਿਹਾ, "ਅਸੀਂ ਘਰੇਲੂ ਦਰਸ਼ਕਾਂ ਦੇ ਸਾਹਮਣੇ ਖੇਡਣ ਤੇ ਸਾਲ ਦੀ ਸਮਾਪਤੀ ਚੰਗੇ ਪ੍ਰਦਰਸ਼ਨ ਦੇ ਨਾਲ ਕਰਨ ਨੂੰ ਲੈ ਕੇ ਉਤਸ਼ਾਹਿਤ ਹਾਂ।"

ਖਿਡਾਰਨਾਂ ਦੀਆਂ ਭੂਮਿਕਾਵਾਂ 'ਚ ਬਦਲਾਅ ਦੇ ਤਹਿਤ ਏਸ਼ੀਆਈ ਖੇਡਾਂ 'ਚ ਫਾਰਵਰਡ ਦੇ ਰੂਪ 'ਚ ਖੇਡਣ ਵਾਲੀ ਰਿਤੂਜਾ ਦਦਾਸੋ ਪਿਸਲ ਨੂੰ ਏਸ਼ੀਆਈ ਚੈਂਪੀਅਨਜ਼ ਟਰਾਫੀ ਲਈ ਮਿਡਫੀਲਡ 'ਚ ਰੱਖਿਆ ਗਿਆ ਹੈ। ਇਸੇ ਤਰ੍ਹਾਂ ਮਿਡਫੀਲਡਰ ਨਿੱਕੀ ਪ੍ਰਧਾਨ ਨੂੰ ਡਿਫੈਂਸ 'ਚ ਸ਼ਾਮਲ ਕੀਤਾ ਗਿਆ ਹੈ ਜਦਕਿ ਇਸ਼ਿਕਾ ਚੌਧਰੀ ਨੂੰ ਡਿਫੈਂਸ ਤੋਂ ਮਿਡਫੀਲਡ 'ਚ ਭੇਜਿਆ ਗਿਆ ਹੈ।

ਟਰਾਫੀ ਦਾ ਆਯੋਜਨ ਰਾਊਂਡ ਰੌਬਿਨ ਫਾਰਮੈੱਟ 'ਚ ਹੋਵੇਗਾ ਜਿਸ 'ਚ ਹਰੇਕ ਟੀਮ ਹੋਰ 5 ਟੀਮਾਂ ਵਿਰੁੱਧ ਇੱਕ-ਇੱਕ ਮੈਚ ਖੇਡੇਗੀ। ਲੀਗ ਪੜਾਅ ਦੇ ਅੰਤ 'ਚ ਟਾਪ-4 ਟੀਮਾਂ ਸੈਮੀਫਾਈਨਲ 'ਚ ਜਗ੍ਹਾ ਬਣਾਉਣਗੀਆਂ। ਟੂਰਨਾਮੈਂਟ ਦੇ ਪਹਿਲੇ ਦਿਨ ਏਸ਼ੀਆ ਦੀ ਚੋਟੀ ਰੈਂਕਿੰਗ ਵਾਲੀ ਟੀਮ ਚੀਨ ਦਾ ਸਾਹਮਣਾ ਥਾਈਲੈਂਡ ਨਾਲ ਹੋਵੇਗਾ। ਇਸ ਤੋਂ ਬਾਅਦ ਉਦਘਾਟਨੀ ਸਮਾਰੋਹ ਤੋਂ ਬਾਅਦ ਭਾਰਤ ਤੇ ਮਲੇਸ਼ੀਆ ਵਿਚਾਲੇ ਮੁਕਾਬਲਾ ਖੇਡਿਆ ਜਾਵੇਗਾ। ਭਾਰਤੀ ਟੀਮ 21 ਨਵੰਬਰ ਨੂੰ ਦੱਖਣੀ ਕੋਰੀਆ, 22 ਨਵੰਬਰ ਨੂੰ ਥਾਈਲੈਂਡ, 24 ਨਵੰਬਰ ਨੂੰ ਚੀਨ ਤੇ 25 ਨਵੰਬਰ ਨੂੰ ਜਾਪਾਨ ਨਾਲ ਭਿੜੇਗੀ। ਸੈਮੀਫਾਈਨਲ ਮੁਕਾਬਲੇ 27 ਨਵੰਬਰ ਨੂੰ ਜਦਕਿ ਤਗਮੇ ਲਈ ਮੈਚ 28 ਨਵੰਬਰ ਨੂੰ ਖੇਡੇ ਜਾਣਗੇ।

ਭਾਰਤੀ ਟੀਮ : ਗੋਲਕੀਪਰ : ਬੰਸਰੀ ਸੋਲੰਕੀ, ਬਿਚੂ ਦੇਵੀ ਖਰੀਬਾਮ।

ਡਿਫੈਂਡਰ : ਨਿੱਕੀ ਪ੍ਰਧਾਨ, ਜਯੋਤੀ, ਜਯੋਤੀ ਸਿੰਘ, ਸੁਸ਼ੀਲਾ ਚਾਨੂ, ਲਾਲਥਾਂਤਲੁਆਂਗੀ, ਪੂਜਾ ਸਾਹੂ।

ਮਿਡਫੀਲਡਰ : ਰਿਤੂਜਾ ਦਦਾਸੋ ਪਿਸਲ, ਸੁਨੇਲਿਤਾ ਟੋਪੋ, ਸਲੀਮਾ ਟੇਟੇ (ਕਪਤਾਨ), ਨੇਹਾ, ਸਾਖਸ਼ੀ ਰਾਣਾ, ਬਲਜੀਤ ਕੌਰ, ਇਸ਼ਿਕਾ।

ਫਾਰਵਰਡ : ਨਵਨੀਤ ਕੌਰ, ਦੀਪਿਕਾ, ਬਿਊਟੀ ਡੁੰਗਡੁੰਗ, ਲਾਲਰੇਮਸਿਆਮੀ, ਮੁਮਤਾਜ਼ ਖਾਨ।

ਚੇਨਈ ਵਿੱਚ ਹੋਵੇਗੀ ਏਸ਼ੀਅਨ ਐਥਲੈਟਿਕਸ ਚੈਂਪੀਅਨਸ਼ਿਪ 2029

ਟੋਕੀਓ ਵਿੱਚ ਏਸ਼ੀਅਨ ਐਥਲੈਟਿਕਸ ਐਸੋਸੀਏਸ਼ਨ ਨੇ ਆਪਣੀ 107ਵੀਂ ਕੌਂਸਲ ਮੀਟਿੰਗ ਦੌਰਾਨ ਚੇਨਈ ਨੂੰ ਮੇਜ਼ਬਾਨੀ ਦੇ ਅਧਿਕਾਰ ਦਿੱਤੇ



ਟੋਕੀਓ/ਏ.ਟੀ.ਨਿਊਜ਼ः ਚੇਨਈ ਸਾਲ 2029 ਵਿੱਚ ਹੋਣ ਵਾਲੀ 28ਵੀਂ ਏਸ਼ੀਅਨ ਐਥਲੈਟਿਕਸ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰੇਗਾ। ਏਸ਼ੀਅਨ ਐਥਲੈਟਿਕਸ ਐਸੋਸੀਏਸ਼ਨ ਨੇ ਟੋਕੀਓ ਵਿੱਚ ਆਪਣੀ 107ਵੀਂ ਕੌਂਸਲ ਮੀਟਿੰਗ ਦੌਰਾਨ ਚੇਨਈ ਨੂੰ ਮੇਜ਼ਬਾਨੀ ਦੇ ਅਧਿਕਾਰ ਦਿੱਤੇ ਹਨ। ਇਹ ਚੌਥੀ ਵਾਰ ਹੋਵੇਗਾ ਜਦੋਂ ਭਾਰਤ ਇਸ ਪ੍ਰਮੁੱਖ ਟ੍ਰੈਕ ਐਂਡ ਫੀਲਡ ਈਵੈਂਟ ਦਾ ਆਯੋਜਨ ਕਰੇਗਾ। ਇਸ ਤੋਂ ਪਹਿਲਾਂ ਭਾਰਤ ਨੇ ਨਵੀਂ ਦਿੱਲੀ (1989), ਪੁਣੇ (2013) ਅਤੇ ਭੁਵਨੇਸ਼ਵਰ (2017) ਵਿੱਚ ਇਸ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕੀਤੀ ਸੀ।

ਇਹ ਮੁਕਾਬਲਾ ਅਗਸਤ 2029 ਵਿੱਚ ਚੇਨਈ ਦੇ ਜਵਾਹਰਲਾਲ ਨਹਿਰੂ ਸਟੇਡੀਅਮ ਵਿੱਚ ਕਰਵਾਏ ਜਾਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ 2025 ਵਿੱਚ ਦੱਖਣੀ ਕੋਰੀਆ ਦੇ ਗੁਮੀ ਵਿੱਚ ਹੋਈ ਚੈਂਪੀਅਨਸ਼ਿਪ ਵਿੱਚ ਭਾਰਤੀ ਖਿਡਾਰੀਆਂ ਨੇ 8 ਸੋਨੇ, 10 ਚਾਂਦੀ ਅਤੇ 6 ਕਾਂਸੀ ਦੇ ਤਮਗਿਆਂ ਸਮੇਤ ਕੁੱਲ 24 ਤਮਗੇ ਜਿੱਤ ਕੇ ਤਮਗਾ ਤਾਲਿਕਾ ਵਿੱਚ ਚੀਨ ਤੋਂ ਬਾਅਦ ਦੂਜਾ ਸਥਾਨ ਹਾਸਲ ਕੀਤਾ ਸੀ। ਚੈਂਪੀਅਨਸ਼ਿਪ ਦਾ 27ਵਾਂ ਸੰਸਕਰਨ 2027 ਵਿੱਚ ਚੀਨ ਦੇ ਜਿਆਮੇਨ ਵਿੱਚ ਖੇਡਿਆ ਜਾਵੇਗਾ। ਇਸ ਤੋਂ ਇਲਾਵਾ ਚੰਡੀਗੜ੍ਹ 2027 ਵਿੱਚ ਏਸ਼ੀਅਨ ਰਿਲੇਅ ਚੈਂਪੀਅਨਸ਼ਿਪ ਅਤੇ ਭੁਵਨੇਸ਼ਵਰ 2028 ਵਿੱਚ ਵਰਲਡ ਇਨਡੋਰ ਏਥਲੈਟਿਕਸ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਵੀ ਕਰੇਗਾ।

ਭਾਰਤ ਨੇ ਪਾਕਿ ਨੂੰ ਹਰਾ ਕੇ ਨੌਵੀਂ ਵਾਰ ਜਿੱਤਿਆ ਅੰਡਰ-19 ਏਸ਼ੀਆ ਕੱਪ

ਅਲ ਅਮੇਰਾਤ (ਓਮਾਨ)/ ਏ.ਟੀ.ਨਿਊਜ਼ः ਭਾਰਤੀ ਟੀਮ ਨੇ ਲੰਘੇ ਦਿਨੀਂ ਇੱਥੇ ਆਖਰੀ ਗੇਂਦ ਤੱਕ ਚੱਲੇ ਬੇਹੱਦ ਰੋਮਾਂਚਕ ਫਾਈਨਲ ਮੁਕਾਬਲੇ ਵਿੱਚ ਪਿਛਲੇ ਚੈਂਪੀਅਨ ਪਾਕਿਸਤਾਨ ਨੂੰ ਇੱਕ ਵਿਕਟ ਨਾਲ ਹਰਾ ਕੇ ਅੰਡਰ-19 ਏਸ਼ੀਆ ਕੱਪ ਦਾ ਖਿਤਾਬ ਮੁੜ ਆਪਣੇ ਨਾਮ ਕਰ ਲਿਆ ਹੈ।

ਸਲਾਮੀ ਬੱਲੇਬਾਜ਼ ਉਸਮਾਨ ਖਾਨ ਦੀਆਂ 107 ਦੌੜਾਂ ਦੀ ਬਦੌਲਤ ਪਾਕਿਸਤਾਨ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 50 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ 'ਤੇ 337 ਦੌੜਾਂ ਦਾ ਵਿਸ਼ਾਲ ਸਕੋਰ ਖੜ੍ਹਾ ਕੀਤਾ ਸੀ। ਪਰ ਭਾਰਤੀ ਟੀਮ ਨੇ ਉਤਰਾਅ-ਚੜ੍ਹਾਅ ਨਾਲ ਭਰੇ ਇਸ ਮੁਕਾਬਲੇ ਵਿੱਚ ਆਖਰੀ ਗੇਂਦ 'ਤੇ ਟੀਚਾ ਹਾਸਲ ਕਰਕੇ ਨੌਵੀਂ ਵਾਰ ਇਹ ਖਿਤਾਬ ਆਪਣੇ ਨਾਮ ਕਰ ਲਿਆ।

ਭਾਰਤ ਵੱਲੋਂ ਕਪਤਾਨ ਲਕਸ਼ੈ ਰਾਏਚੰਦਾਨੀ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ 80 ਦੌੜਾਂ ਦੀ ਪਾਰੀ ਖੇਡੀ ਜਦਕਿ ਆਰੀਆਵੀਰ ਸਹਿਵਾਗ ਨੇ 58 ਦੌੜਾਂ ਦਾ ਯੋਗਦਾਨ ਪਾਇਆ। ਇਨ੍ਹਾਂ ਦੋਵਾਂ ਦੀਆਂ ਪਾਰੀਆਂ ਨੇ ਭਾਰਤ ਦੀ ਖਿਤਾਬੀ ਜਿੱਤ ਦੀ ਨੀਂਹ ਰੱਖੀ। ਇਸ ਤੋਂ ਬਾਅਦ ਮਨਲ ਚੌਹਾਨ ਨੇ 47 ਦੌੜਾਂ ਅਤੇ ਮੋਹਿਤ ਉਲਵਾ ਨੇ ਨਾਬਾਦ 49 ਦੌੜਾਂ ਦੀਆਂ ਅਹਿਮ ਪਾਰੀਆਂ ਖੇਡੀਆਂ ਜਿਸ ਦੇ ਦਮ 'ਤੇ ਭਾਰਤ ਨੇ ਇਸ ਰੋਮਾਂਚਕ ਮੁਕਾਬਲੇ ਵਿੱਚ ਜਿੱਤ ਦਰਜ ਕੀਤੀ।



ਮੈਨੂੰ ਹਮੇਸ਼ਾ ਯਕੀਨ ਸੀ ਕਿ ਮੈਂ ਇੱਕ ਆਲਰਾਊਂਡਰ ਹਾਂ : ਮੋਹਿਤ ਉਲਵਾ

ਅਲ ਅਮੀਰਾਤ : ਭਾਰਤ ਦੇ ਨੌਜਵਾਨ ਕ੍ਰਿਕਟਰ ਮੋਹਿਤ ਉਲਵਾ ਦਾ ਮੰਨਣਾ ਹੈ ਕਿ ਉਹ ਸਿਰਫ਼ ਇੱਕ ਗੇਂਦਬਾਜ਼ ਨਹੀਂ, ਬਲਕਿ ਇੱਕ ਆਲਰਾਊਂਡਰ ਹਨ। ਏ.ਸੀ.ਸੀ. ਮੇਨਜ਼ ਅੰਡਰ-19 ਏਸ਼ੀਆ ਕੱਪ ਦੇ ਫਾਈਨਲ ਮੁਕਾਬਲੇ ਵਿੱਚ ਉਨ੍ਹਾਂ ਨੇ ਆਖ਼ਰੀ ਗੇਂਦ 'ਤੇ ਚੌਕਾ ਜੜ ਕੇ ਪਾਕਿਸਤਾਨ ਖ਼ਿਲਾਫ਼ ਭਾਰਤ ਨੂੰ 1 ਵਿਕਟ ਨਾਲ ਰੋਮਾਂਚਕ ਜਿੱਤ ਦਿਵਾਈ ਅਤੇ ਖ਼ਿਤਾਬ ਆਪਣੇ ਨਾਂ ਕੀਤਾ। ਟੂਰਨਾਮੈਂਟ ਵਿੱਚ ਭਾਵੇਂ ਬੱਲੇ ਨਾਲ ਉਨ੍ਹਾਂ ਦਾ ਪ੍ਰਦਰਸ਼ਨ ਬਹੁਤ ਖਾਸ ਨਹੀਂ ਰਿਹਾ ਸੀ, ਪਰ ਉਲਵਾ ਨੂੰ ਆਪਣੀ ਆਲਰਾਊਂਡਰ ਸਮਰੱਥਾ 'ਤੇ ਪੂਰਾ ਭਰੋਸਾ ਸੀ। 338 ਦੌੜਾਂ ਦੇ ਮੁਸ਼ਕਿਲ ਲਕਸ਼ ਦਾ ਪਿੱਛਾ ਕਰਦਿਆਂ ਜਦੋਂ ਭਾਰਤੀ ਟੀਮ ਨੂੰ ਆਖ਼ਰੀ ਪਲਾਂ ਵਿੱਚ ਮੈਚ ਜਿਤਾਊ ਪਾਰੀ ਦੀ ਲੋੜ ਸੀ, ਤਾਂ ਉਲਵਾ ਨੇ ਖੁਦ 'ਤੇ ਭਰੋਸਾ ਜਤਾਉਂਦਿਆਂ ਇਹ ਜ਼ਿੰਮੇਵਾਰੀ ਨਿਭਾਈ। ਉਨ੍ਹਾਂ ਕਿਹਾ ਕਿ ਖੁਦ ਨੂੰ ਸਾਬਤ ਕਰਨ ਦੇ ਜ਼ਿਆਦਾ ਮੌਕੇ ਨਾ ਮਿਲਣ ਦੇ ਬਾਵਜੂਦ ਉਨ੍ਹਾਂ ਨੂੰ ਹਮੇਸ਼ਾ ਯਕੀਨ ਸੀ ਕਿ ਉਹ ਅਜਿਹਾ ਕਰ ਸਕਦੇ ਹਨ। ਮੋਹਿਤ ਉਲਵਾ ਨੇ ਮੈਚ ਦੌਰਾਨ ਬਿਹਤਰੀਨ ਮਾਹੌਲ ਬਣਾਉਣ ਅਤੇ ਸਥਿਤੀ ਨੂੰ ਸੰਭਾਲਣ ਲਈ ਆਪਣੇ ਸਾਥੀ ਖਿਡਾਰੀ ਮਨਲ ਚੌਹਾਨ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਉਹ ਮੈਚ ਖ਼ਤਮ ਕਰਨ ਲਈ ਸਹੀ ਗੇਂਦ ਦਾ ਇੰਤਜ਼ਾਰ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਪ੍ਰਮਾਤਮਾ 'ਤੇ ਪੂਰਾ ਭਰੋਸਾ ਸੀ। ਵੈਂਕਟਾ ਦੇ ਲਗਾਤਾਰ ਦਿੱਤੇ ਭਰੋਸੇ ਨੇ ਵੀ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ।

ਵੱਖਰੇ ਕੀਰਤੀਮਾਨ ਤੇ ਰਾਹ ਸਿਰਜਦੀ ਹੈ ਸਖ਼ਤ ਮੁਕਾਬਲੇ ਵਾਲੀ ਖੇਡ ਕਿਸ਼ਤੀ ਚਾਲਣ: ਸਤਨਾਮ ਸਿੰਘ

ਮਾਨਸਾ/ਏ.ਟੀ. ਨਿਊਜ਼ : ਜਪਾਨ ਵਿੱਚ ਲੰਘੇ ਦਿਨੀਂ ਹੋਈਆਂ ਏਸ਼ਿਆਈ ਖੇਡਾਂ 'ਚ ਕਿਸ਼ਤੀ ਚਾਲਣ 'ਚ ਤਮਗਾ ਜਿੱਤਣ ਵਾਲੇ ਮਾਨਸਾ ਦੇ ਪਿੰਡ ਫੱਤਾ ਮਾਲੋਕਾ ਦੇ ਮੱਧਵਰਗੀ ਪਰਿਵਾਰ ਨਾਲ ਸਬੰਧਿਤ ਸਤਨਾਮ ਸਿੰਘ ਨੇ ਕਿਹਾ ਕਿ ਕਿਸ਼ਤੀ ਚਾਲਣ ਖੇਡ ਆਪਣੇ ਪੰਜਾਬ ਵਿੱਚ ਘੱਟ ਖੇਡੀ ਅਤੇ ਅਪਣਾਈ ਜਾਂਦੀ ਹੈ, ਪਰ ਇਸ ਦੀ ਧਾਕ ਦੇਸ਼ਾਂ ਵਿਦੇਸ਼ਾਂ ਵਿੱਚ ਪੈਂਦੀ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਭਾਰਤ ਵਿੱਚ ਹੁਣ ਇਸ ਖੇਡ 'ਚ ਨੌਜਵਾਨਾਂ ਦੀ ਦਿਲਚਸਪੀ ਬਣ ਰਹੀ ਹੈ। ਸਤਨਾਮ ਸਿੰਘ ਕੇਰਲਾ ਨੇਵੀ ਵਿੱਚ ਨੌਕਰੀ ਕਰਦੇ ਹਨ ਅਤੇ ਹੁਣ ਭੁਪਾਲ (ਮੱਧ ਪ੍ਰਦੇਸ਼) ਰਹਿ ਰਹੇ ਹਨ। ਉਹ ਲੰਘੇ ਦਿਨੀਂ ਮਾਨਸਾ ਵਿਖੇ



ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ।

26 ਸਾਲਾ ਸਤਨਾਮ ਸਿੰਘ ਫੱਤਾ ਮਾਲੋਕਾ ਦਾ ਕਹਿਣਾ ਹੈ ਕਿ ਉਹ ਵੀਅਤਨਾਮ, ਮਲੇਸ਼ੀਆ, ਚੀਨ ਵਿੱਚ ਕਿਸ਼ਤੀ ਚਾਲਣ ਖੇਡ ਵਿੱਚ ਚਾਂਦੀ ਤੇ ਹੋਰ ਮੈਡਲ ਜਿੱਤ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਹੈਂਡਬਾਲ ਖੇਡਦੇ ਹੋਏ ਉਸ ਨੂੰ ਰੋਇੰਗ 'ਚ ਦਿਲਚਸਪੀ ਹੋਈ, ਫਿਰ ਇਸ ਖੇਡ ਨੂੰ ਆਪਣਾ ਸੰਕਲਪ, ਮਨੋਰਥ ਅਤੇ ਸ਼ੌਕ ਬਣਾ ਲਿਆ।

ਉਨ੍ਹਾਂ ਕਿਹਾ ਕਿ ਕਿਸ਼ਤੀ ਚਾਲਕ ਖੇਡ ਨੂੰ ਜਾਣਿਆ ਘੱਟ ਜਾਂਦਾ ਹੈ, ਪਰ ਇਹ ਸਖ਼ਤ ਮੁਕਾਬਲੇ ਵਾਲੀ ਖੇਡ ਵੱਖਰੇ ਕੀਰਤੀਮਾਨ ਤੇ ਰਾਹ ਸਿਰਜਦੀ ਹੈ।

ਜੈਪੁਰ ਵਿਖੇ ਕ੍ਰਿਕਟਰ ਹਰਮਨਪ੍ਰੀਤ ਕੌਰ ਵੱਲੋਂ ਆਪਣੇ ਮੋਮ ਦੇ ਬੁੱਤ ਦਾ ਉਦਘਾਟਨ

ਜੈਪੁਰ/ਏ.ਟੀ.ਨਿਊਜ਼ः ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ ਲੰਘੇ ਦਿਨੀਂ ਇੱਥੇ ਅਜਾਇਬਘਰ ਵਿੱਚ ਆਪਣੇ ਮੋਮ ਦੇ ਬੁੱਤ ਦਾ ਉਦਘਾਟਨ ਕੀਤਾ ਅਤੇ ਉਸ ਨੇ ਇਸ ਨੂੰ ਆਪਣੇ ਲਈ ਮਾਣ ਵਾਲਾ ਪਲ ਦੱਸਿਆ। ਨਾਹਰਗੜ੍ਹ ਸਥਿਤ ਇਤਿਹਾਸਕ ਅਜਾਇਬਘਰ ਵੱਲੋਂ ਤਿਆਰ ਕੀਤਾ ਗਿਆ ਇਹ ਬੁੱਤ ਪ੍ਰਦਰਸ਼ਨੀ ਲਈ ਰੱਖਿਆ ਜਾਵੇਗਾ। ਹਰਮਨਪ੍ਰੀਤ ਕੌਰ ਨੇ ਕਿਹਾ ਕਿ ਉਹ ਪਹਿਲੀ ਵਾਰ ਆਪਣਾ ਮੋਮ ਦਾ ਬੁੱਤ ਦੇਖ ਰਹੀ ਹੈ ਅਤੇ ਉਨ੍ਹਾਂ ਲੋਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਨੂੰ ਬਣਾਇਆ ਹੈ। ਨਵੰਬਰ 2025 ਵਿੱਚ ਹਰਮਨਪ੍ਰੀਤ ਦੀ ਕਪਤਾਨੀ ਹੇਠ ਭਾਰਤ ਨੇ ਮਹਿਲਾ ਇਕ ਰੋਜ਼ਾ ਵਿਸ਼ਵ ਕੱਪ ਜਿੱਤਿਆ ਸੀ। ਇਸ ਇਤਿਹਾਸਕ ਜਿੱਤ ਤੋਂ ਬਾਅਦ, ਜੈਪੁਰ ਵੈਕਸ ਮਿਊਜ਼ੀਅਮ ਨੇ ਉਸ ਦਾ ਮੋਮ ਦਾ ਬੁੱਤ ਸਥਾਪਤ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਸੀ।



ਪੰਜਾਬੀ ਸਿਨੇਮਾ ਦੀ 'ਹੇਮਾ ਮਾਲਿਨੀ' ਦਲਜੀਤ ਕੌਰ

ਪ੍ਰੋ. ਪਰਮਜੀਤ ਸਿੰਘ

ਬੇਹੱਦ ਖ਼ੂਬਸੂਰਤ ਨੈਣ ਨਕਸ਼, ਸਰੂ ਜਿਹੇ ਕੱਦ ਅਤੇ ਸੁਰਾਹੀ ਜਿਹੀ ਗਰਦਨ ਵਾਲੀ ਗੋਰੀ ਮੁਟਿਆਰ ਦਲਜੀਤ ਕੌਰ ਨੇ 1976 ਵਿੱਚ ਉੱਘੇ ਗੀਤਕਾਰ, ਲੇਖਕ ਅਤੇ ਨਿਰਮਾਤਾ ਇੰਦਰਜੀਤ ਹਸਨਪੁਰੀ ਦੀ ਫ਼ਿਲਮ 'ਦਾਜ' ਰਾਹੀਂ ਪੰਜਾਬੀ ਫ਼ਿਲਮਾਂ ਵਿੱਚ ਕਦਮ ਰੱਖਿਆ ਸੀ। ਅਦਾਕਾਰ ਧੀਰਜ ਕੁਮਾਰ ਨਾਲ ਆਈ ਉਸ ਦੀ ਇਹ ਪਹਿਲੀ ਹੀ ਫ਼ਿਲਮ ਸੁਪਰਹਿੱਟ ਰਹੀ ਸੀ ਤੇ ਹਰ ਪਾਸੇ ਉਸ ਦੀ ਖ਼ੂਬਸੂਰਤੀ ਅਤੇ ਦਮਦਾਰ ਅਦਾਕਾਰੀ ਦੇ ਚਰਚੇ ਛਿੜ ਪਏ ਸਨ।

ਇਸ ਤੋਂ ਬਾਅਦ ਕਦਮ-ਦਰ-ਕਦਮ ਕਾਮਯਾਬੀ ਦਾ ਪਰਚਮ ਲਹਿਰਾਉਂਦਿਆਂ ਦਲਜੀਤ ਕੌਰ ਨੇ ਪੰਜਾਬੀ ਸਿਨੇਮਾ ਦੇ ਹਰ ਵੱਡੇ ਕਲਾਕਾਰ ਨਾਲ ਬਤੌਰ ਹੀਰੋਇਨ ਕੰਮ ਕੀਤਾ ਅਤੇ 1996 ਤੱਕ 'ਗਿੱਧਾ', 'ਸੈਦਾਂ ਜੋਗਨ', 'ਪੁੱਤ ਜੱਟਾਂ ਦੇ', 'ਰੂਪ ਸ਼ੁਕੀਨਣ ਦਾ', 'ਇਸ਼ਕ ਨਿਮਾਣਾ', 'ਮਾਮਲਾ ਗੜਬੜ ਹੈ', 'ਲਾਜੋ', 'ਨਿੰਮੋ', 'ਪਟੋਲਾ', 'ਕੀ ਬਣੂੰ ਦੁਨੀਆ ਦਾ', 'ਬਟਵਾਰਾ', 'ਸੋਹਣੀ-ਮਹੀਂਵਾਲ', 'ਅਣਖ ਜੱਟਾਂ ਦੀ' ਅਤੇ 'ਜੱਗਾ ਡਾਕੂ' ਆਦਿ ਸਮੇਤ ਪੰਜਾਹ ਤੋਂ ਵੱਧ ਪੰਜਾਬੀ ਫ਼ਿਲਮਾਂ ਸਿਨੇਮਾ ਪ੍ਰੇਮੀਆਂ ਦੀ ਝੋਲੀ ਪਾ ਦਿੱਤੀਆਂ। ਉਸ ਦੀ ਖ਼ੂਬਸੂਰਤੀ ਅਤੇ ਸਫ਼ਲਤਾ ਦੇ ਮੱਦੇਨਜ਼ਰ ਉਸ ਵੇਲੇ ਉਸ ਨੂੰ ਪੰਜਾਬੀ ਫ਼ਿਲਮਾਂ ਦੀ 'ਹੇਮਾ ਮਾਲਿਨੀ' ਵੀ ਕਿਹਾ ਜਾਣ ਲੱਗ ਪਿਆ ਸੀ।

ਦਲਜੀਤ ਕੌਰ ਦਾ ਜਨਮ 1953 ਵਿੱਚ ਸਿਲੀਗੁੜੀ, ਪੱਛਮੀ ਬੰਗਾਲ ਵਿਖੇ ਵਸਦੇ ਉੱਘੇ ਟਰਾਂਸਪੋਰਟਰ ਮਹਿੰਦਰ ਸਿੰਘ ਤੇ ਮਾਤਾ ਮਹਿੰਦਰ ਕੌਰ ਦੇ ਘਰ ਹੋਇਆ ਸੀ ਤੇ ਉਸ ਦਾ ਬਚਪਨ ਵੀ ਉੱਥੇ ਹੀ ਗੁਜ਼ਰਿਆ ਸੀ। ਉਂਝ ਉਸ ਦਾ ਪਿਛੋਕੜ ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦੀ ਤਹਿਸੀਲ ਰਾਏਕੋਟ ਦੇ ਪਿੰਡ ਐਤੀਆਣਾ ਨਾਲ ਜੁੜਿਆ ਹੋਇਆ ਸੀ। ਆਪਣੀ ਸਕੂਲੀ ਪੜ੍ਹਾਈ ਦੇ ਦਿਨਾਂ ਵਿੱਚ ਦਲਜੀਤ ਬੜੀ ਹੁਸ਼ਿਆਰ ਵਿਦਿਆਰਥਣ ਹੋਣ ਦੇ ਨਾਲ-ਨਾਲ ਵਧੀਆ ਖਿਡਾਰਨ ਅਤੇ ਬਿਹਤਰੀਨ ਫ਼ਨਕਾਰਾ ਵੀ ਸੀ। ਉਹ ਸਕੂਲ ਸਮੇਂ ਤੋਂ ਹੀ ਨਾਟਕਾਂ ਵਿੱਚ ਅਤੇ ਗੀਤ-ਸੰਗੀਤ ਮੁਕਾਬਲਿਆਂ ਵਿੱਚ ਭਾਗ ਲੈਂਦੀ ਰਹੀ ਸੀ। ਦਿੱਲੀ ਦੇ ਸ੍ਰੀ ਰਾਮ ਕਾਲਜ ਤੋਂ ਗ੍ਰੈਜੂਏਸ਼ਨ ਕਰਨ ਵਾਲੀ ਦਲਜੀਤ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ ਕਿ ਉਹ ਹਾਕੀ ਅਤੇ ਕਬੱਡੀ ਦੀ ਕੌਮੀ ਪੱਧਰ ਦੀ ਖਿਡਾਰਨ ਵੀ ਰਹੀ ਸੀ। ਗ੍ਰੈਜੂਏਸ਼ਨ ਸਮੇਂ ਹੀ ਉਸ ਨੇ ਅਦਾਕਾਰੀ ਦੇ ਖੇਤਰ 'ਚ ਕਿਸਮਤ ਅਜ਼ਮਾਉਣ ਦਾ ਫ਼ੈਸਲਾ ਕਰ ਲਿਆ ਸੀ, ਪਰ ਉਹ ਇਸ ਖੇਤਰ ਵਿੱਚ ਪੂਰੀ ਤਿਆਰੀ ਨਾਲ ਕਦਮ ਰੱਖਣਾ ਚਾਹੁੰਦੀ ਸੀ ਜਿਸ ਕਰਕੇ ਉਸ ਨੇ ਪੂਨਾ ਵਿਖੇ ਸਥਿਤ ਫ਼ਿਲਮ ਇੰਸਟੀਚਿਊਟ 'ਚ ਜਾ ਦਾਖਲਾ ਲਿਆ ਤੇ ਅਦਾਕਾਰੀ ਦੀ ਕਲਾ ਬੜੀ ਮਿਹਨਤ ਨਾਲ ਸਿੱਖਣੀ ਸ਼ੁਰੂ ਕਰ ਦਿੱਤੀ। ਕੋਰਸ ਦੌਰਾਨ ਫ਼ਿਲਮ ਇੰਸਟੀਚਿਊਟ ਵਿਖੇ ਹੀ ਜਦੋਂ ਉਸ ਨੇ ਆਪਣੇ ਸਹਿਪਾਠੀ ਵਿਧੂ ਵਿਨੋਦ ਚੋਪੜਾ ਦੁਆਰਾ ਨਿਰਦੇਸ਼ਿਤ ਲਘੂ ਫ਼ਿਲਮ 'ਬੋਗਾ' ਵਿੱਚ ਅਦਾਕਾਰੀ ਦੇ ਜੌਹਰ ਵਿਖਾਏ ਤਾਂ ਉਸ ਦੀ ਅਦਾਕਾਰੀ ਦੀ ਸਭ ਨੇ ਭਰਪੂਰ ਸ਼ਲਾਘਾ ਕੀਤੀ ਸੀ।



ਅਦਾਕਾਰੀ ਦਾ ਕੋਰਸ ਮੁਕੰਮਲ ਕਰਨ ਉਪਰੰਤ ਦਲਜੀਤ ਕੌਰ ਨੇ ਹਿੰਦੀ ਫ਼ਿਲਮਾਂ 'ਚ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ। ਉਸ ਨੇ 'ਧਰਤੀ ਕੀ ਕਸਮ' ਨਾਮਕ ਹਿੰਦੀ ਫ਼ਿਲਮ ਵਿੱਚ ਕੰਮ ਕਰਨ ਤੋਂ ਬਾਅਦ ਵੱਖ-ਵੱਖ ਸਮਿਆਂ ਅੰਦਰ ਅਦਾਕਾਰ ਸੁਨੀਲ ਦੱਤ ਨਾਲ ਫ਼ਿਲਮ 'ਯਾਰੀ-ਦੁਸ਼ਮਣੀ', ਸੰਨੀ ਦਿਓਲ ਨਾਲ ਫ਼ਿਲਮ 'ਡਕੈਤ', ਰਿਸ਼ੀ ਕਪੂਰ ਨਾਲ 'ਧਨ ਦੌਲਤ', ਧਰਮਿੰਦਰ ਅਤੇ ਸ਼ਤਰੂਘਨ ਸਿਨਹਾ ਨਾਲ 'ਜੀਨੇ ਨਹੀਂ ਦੂੰਗਾ' ਅਤੇ ਜੈਕੀ ਸ਼ਰਾਫ਼ ਨਾਲ 'ਏਕ ਔਰ ਏਕ ਗਿਆਰ੍ਹਾਂ' ਫ਼ਿਲਮ ਵਿੱਚ ਆਪਣੀ ਜਾਨਦਾਰ ਅਭਿਨੈ ਕਲਾ ਦਾ ਪ੍ਰਦਰਸ਼ਨ ਕੀਤਾ। ਅਦਾਕਾਰ ਮਿਥੁਨ ਚੱਕਰਵਰਤੀ ਨਾਲ ਆਈ ਉਸ ਦੀ ਇੱਕ ਫ਼ਿਲਮ ਤਾਂ ਹਿੰਦੀ ਤੋਂ ਇਲਾਵਾ ਮਲਿਆਲਮ ਅਤੇ ਤੇਲਗੂ ਭਾਸ਼ਾਵਾਂ ਵਿੱਚ ਵੀ ਰਿਲੀਜ਼ ਹੋਈ ਸੀ।

ਪੰਜਾਬੀ ਫ਼ਿਲਮਾਂ ਵਿੱਚ ਆਪਣੀ ਸਰਦਾਰੀ 1976 ਤੋਂ 1996 ਤੱਕ ਕਾਇਮ ਰੱਖਣ ਵਾਲੀ ਦਲਜੀਤ ਕੌਰ ਦਾ ਵਿਆਹ ਹਰਮਿੰਦਰ ਸਿੰਘ ਦਿਓਲ ਨਾਲ ਹੋਇਆ ਸੀ, ਪਰ ਮੁੰਬਈ ਵਿਖੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਹਰਮਿੰਦਰ ਦਿਓਲ ਦੀ ਮੌਤ ਹੋ ਗਈ। ਇਸ ਤੋਂ ਬਾਅਦ ਦਲਜੀਤ ਨਿਰਾਸ਼ਾ ਦੇ ਹਨੇਰਿਆਂ 'ਚ ਘਿਰ ਗਈ ਤੇ ਉਸ ਨੇ ਫ਼ਿਲਮਾਂ 'ਚ ਕੰਮ ਕਰਨਾ ਬੰਦ ਕਰ ਦਿੱਤਾ। ਦਲਜੀਤ ਦੀ ਕੋਈ ਔਲਾਦ ਨਾ ਹੋਣ ਕਰਕੇ ਉਸ ਨੂੰ ਜਿਊਣ ਦਾ ਕੋਈ ਸਹਾਰਾ ਨਜ਼ਰ ਨਹੀਂ ਸੀ ਆਉਂਦਾ ਤੇ ਫ਼ਿਰ ਉਹ ਦਿਮਾਗ਼ੀ ਤੌਰ 'ਤੇ ਪਰੇਸ਼ਾਨ ਰਹਿਣ ਲੱਗ ਪਈ।

ਸਾਲ 2002 ਵਿੱਚ ਉੱਘੇ ਸਿਨਮੈਟੋਗ੍ਰਾਫ਼ਰ ਅਤੇ ਨਿਰਦੇਸ਼ਕ ਮਨਮੋਹਨ ਸਿੰਘ ਨੇ ਫ਼ਿਲਮ 'ਜੀ ਆਇਆਂ ਨੂੰ' ਬਣਾਉਣੀ ਸ਼ੁਰੂ ਕੀਤੀ ਸੀ ਜਿਸ ਦਾ ਹੀਰੋ ਗਾਇਕ-ਅਦਾਕਾਰ ਹਰਭਜਨ ਮਾਨ ਸੀ। ਹਰਭਜਨ ਇਸ ਫ਼ਿਲਮ ਵਿੱਚ ਦਲਜੀਤ ਕੌਰ ਨੂੰ ਇੱਕ ਮਹੱਤਵਪੂਰਨ ਭੂਮਿਕਾ 'ਚ ਲੈਣਾ ਚਾਹੁੰਦਾ ਸੀ। ਉਸ ਨੇ ਦਲਜੀਤ ਨਾਲ ਗੱਲਬਾਤ ਕੀਤੀ, ਪਰ ਉਹ ਨਾ ਮੰਨੀ। ਫ਼ਿਰ ਹਰਭਜਨ ਨੇ ਦਲਜੀਤ ਨੂੰ ਉਸ ਵਕਤ ਢਹਿੰਦੀ ਕਲਾ ਵਿੱਚ ਜਾ ਰਹੇ ਪੰਜਾਬੀ ਸਿਨੇਮਾ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਦਾ ਵਾਸਤਾ ਦੇ ਕੇ ਫ਼ਿਲਮ ਵਿੱਚ ਕੰਮ ਕਰਨ ਦੀ ਬੇਨਤੀ ਕੀਤੀ ਤਾਂ ਪੰਜਾਬੀ ਸਿਨੇਮਾ ਨੂੰ ਮੁੜ ਪੈਰਾਂ ਸਿਰ ਕਰਨ ਦਾ ਸਿਰੜ ਮਨ 'ਚ ਲੈ ਕੇ ਉਹ ਇਹ ਫ਼ਿਲਮ ਕਰਨ ਨੂੰ ਮੰਨ ਗਈ। 9 ਨਵੰਬਰ, 2002 ਨੂੰ ਰਿਲੀਜ਼ ਹੋਈ ਇਸ ਫ਼ਿਲਮ ਨੇ ਰਿਕਾਰਡ ਤੋੜ ਸਫ਼ਲਤਾ ਹਾਸਿਲ ਕੀਤੀ।



ਦਲਜੀਤ ਕੌਰ ਨੇ ਆਪਣੇ ਕੈਰੀਅਰ ਦੇ ਸ਼ੁਰੂਆਤੀ ਦੌਰ ਵਿੱਚ ਪੰਜਾਬੀ ਫ਼ਿਲਮ 'ਗਿੱਧਾ' ਵਿੱਚ ਅਦਾਕਾਰ ਧਰਮਿੰਦਰ ਨਾਲ ਇੱਕ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ। 1973 ਵਿੱਚ ਬਣੀ ਸੁਪਰਹਿੱਟ ਹਿੰਦੀ ਫ਼ਿਲਮ 'ਸੀਤਾ ਔਰ ਗੀਤਾ' ਦੇ ਰੀਮੇਕ ਵਜੋਂ ਜਾਣੀ ਜਾਂਦੀ ਪੰਜਾਬੀ ਫ਼ਿਲਮ 'ਸੈਦਾਂ ਜੋਗਨ' ਵਿੱਚ ਦਲਜੀਤ ਨੇ ਦੋਹਰੀ ਭੂਮਿਕਾ ਅਦਾ ਕੀਤੀ ਸੀ। ਉਸ ਨੇ ਇੱਕ ਬੰਜਾਰਨ ਕੁੜੀ ਅਤੇ ਇੱਕ ਕਾਲਜ ਵਿੱਚ ਪੜ੍ਹਦੀ ਸ਼ਹਿਰੀ ਮੁਟਿਆਰ ਦੇ ਰੂਪ ਵਿੱਚ ਦੋਵੇਂ ਕਿਰਦਾਰ ਬਾਖ਼ੂਬੀ ਅਦਾ ਕੀਤੇ ਸਨ। 1983 ਵਿੱਚ ਬਣੀ ਪੰਜਾਬੀ ਫ਼ਿਲਮ 'ਪੁੱਤ ਜੱਟਾਂ ਦੇ' ਅਤੇ ਉਸ ਤੋਂ ਠੀਕ 30 ਸਾਲ ਬਾਅਦ 2013 ਵਿੱਚ ਬਣੀ ਫ਼ਿਲਮ 'ਪੁੱਤ ਜੱਟਾਂ ਦੇ' (ਜੱਟ ਬੁਆਏਜ਼) ਵਿੱਚ ਵੀ ਦਲਜੀਤ ਨੂੰ ਕੰਮ ਕਰਨ ਦਾ ਸ਼ਰਫ਼ ਹਾਸਿਲ ਹੋਇਆ ਸੀ।

ਅਦਾਕਾਰ ਗੁੱਗੂ ਗਿੱਲ ਅਤੇ ਯੋਗਰਾਜ ਸਿੰਘ ਨੇ ਆਪੋ ਆਪਣੇ ਫ਼ਿਲਮੀ ਕੈਰੀਅਰ ਦੀ ਸ਼ੁਰੂਆਤ ਬਤੌਰ ਖ਼ਲਨਾਇਕ ਕੀਤੀ ਸੀ ਤੇ ਦਲਜੀਤ ਕੌਰ ਹੀ ਉਹ ਅਦਾਕਾਰਾ ਸੀ ਜਿਸ ਦੇ ਨਾਲ ਇਨ੍ਹਾਂ ਦੋਵਾਂ ਦਾ ਕੈਰੀਅਰ ਬਤੌਰ ਹੀਰੋ ਕ੍ਰਮਵਾਰ ਫ਼ਿਲਮ 'ਅਣਖ ਜੱਟਾਂ ਦੀ' ਅਤੇ 'ਜੱਗਾ ਡਾਕੂ' ਰਾਹੀਂ ਸ਼ੁਰੂ ਹੋਇਆ ਸੀ। ਇਨ੍ਹਾਂ ਫ਼ਿਲਮਾਂ ਤੋਂ ਇਲਾਵਾ ਦਲਜੀਤ ਨੇ 'ਮਾਹੌਲ ਠੀਕ ਹੈ', 'ਹੀਰ ਰਾਂਝਾ', 'ਉਡੀਕਾਂ ਸਾਉਣ ਦੀਆਂ', 'ਜੱਟ ਪੰਜਾਬ ਦਾ', 'ਪੰਚਾਇਤ' ਅਤੇ ਇੱਕ ਕੈਨੇਡੀਅਨ ਫ਼ਿਲਮ 'ਧੀਆਂ ਧਨ ਬੇਗਾਨਾ' ਆਦਿ ਸਣੇ ਕੁੱਲ 70 ਤੋਂ ਵੱਧ ਪੰਜਾਬੀ ਫ਼ਿਲਮਾਂ ਕੀਤੀਆਂ ਸਨ। ਦਿਲਚਸਪ ਤੱਥ ਹੈ ਕਿ ਲੁਧਿਆਣਾ ਦੇ ਆਰਤੀ ਸਿਨੇਮਾ ਵਿੱਚ ਦਲਜੀਤ ਦੀ ਤਕਰੀਬਨ ਹਰੇਕ ਫ਼ਿਲਮ ਲੱਗੀ ਸੀ ਤੇ ਕਈ-ਕਈ ਹਫ਼ਤਿਆਂ ਤੱਕ ਹਾਊਸਫ਼ੁੱਲ ਚੱਲਦੀ ਰਹੀ ਸੀ। ਉਸ ਨੇ 2013 ਵਿੱਚ ਆਈ ਗਿੱਪੀ ਗਰੇਵਾਲ ਅਤੇ ਸੁਰਵੀਨ ਚਾਵਲਾ ਦੀ ਫ਼ਿਲਮ 'ਸਿੰਘ ਵਰਸਿਜ਼ ਕੌਰ' ਵਿੱਚ ਗਿੱਪੀ ਗਰੇਵਾਲ ਦੀ ਮਾਂ ਦਾ ਕਿਰਦਾਰ ਬਾਖ਼ੂਬੀ ਨਿਭਾਇਆ।

ਆਪਣੇ ਪਤੀ ਦੇ ਦੇਹਾਂਤ ਤੋਂ ਬਾਅਦ ਜ਼ਿੰਦਗੀ ਵਿੱਚ ਆਈ ਇਕੱਲਤਾ ਦੇ ਫ਼ਲਸਰੂਪ ਦਲਜੀਤ ਦਿਮਾਗ਼ੀ ਬਿਮਾਰੀ 'ਡਿਮੈਂਸ਼ੀਆ' ਦੀ ਸ਼ਿਕਾਰ ਹੋ ਗਈ ਸੀ। ਫ਼ਿਰ ਉਸ ਨੂੰ ਬਰੇਨ ਟਿਊਮਰ ਹੋ ਗਿਆ। ਉਮਰ ਦੇ ਪਿਛਲੇ ਪੜਾਅ 'ਤੇ ਆ ਕੇ ਉਸ ਦੀ ਯਾਦਸ਼ਕਤੀ ਘਟਣੀ ਸ਼ੁਰੂ ਹੋ ਗਈ ਤੇ ਹੌਲੀ-ਹੌਲੀ ਖ਼ਤਮ ਹੀ ਹੋ ਗਈ। ਆਪਣੇ ਜੀਵਨ ਦੇ ਆਖਰੀ ਬਾਰਾਂ ਵਰ੍ਹੇ ਉਹ ਆਪਣੇ ਚਚੇਰੇ ਭਰਾ ਹਰਜਿੰਦਰ ਸਿੰਘ ਦੇ ਘਰ ਕਸਬਾ ਗੁਰੂਸਰ ਸੁਧਾਰ ਵਿਖੇ ਰਹੀ ਸੀ। ਇੱਕ ਸਾਲ ਤੱਕ ਕੋਮਾ ਦੀ ਹਾਲਤ ਵਿੱਚ ਰਹਿਣ ਤੋਂ ਬਾਅਦ ਅਖੀਰ 17 ਨਵੰਬਰ, 2022 ਨੂੰ ਸਦੀਵੀ ਵਿਛੋੜਾ ਦੇ ਗਈ। ਦਲਜੀਤ ਕੌਰ ਦੀ ਮਨਮੋਹਕ ਸੂਰਤ ਅਤੇ ਦਿਲਕਸ਼ ਅਦਾਕਾਰੀ ਦੇ ਨਾਲ-ਨਾਲ ਉਸ ਵੱਲੋਂ ਪੰਜਾਬੀ ਸਿਨੇਮਾ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਿੱਚ ਪਾਏ ਗਏ ਵਡਮੁੱਲੇ ਯੋਗਦਾਨ ਲਈ ਉਸ ਨੂੰ ਸਦਾ ਯਾਦ ਕੀਤਾ ਜਾਂਦਾ ਰਹੇਗਾ।

'2026 ਲਾਤੀਨੀ ਗ੍ਰੈਮੀ ਐਵਾਰਡਜ਼' ਦੌਰਾਨ ਦਿਲਜੀਤ ਦੋਸਾਂਝ ਨੇ ਪੇਸ਼ ਕੀਤੀ ਪੰਜਾਬੀ ਵਿਰਸੇ ਦੀ ਮਿਸਾਲ

ਦੋਸਾਂਝ ਨੇ ਡੈਡੀ ਯੈਂਕੀ ਦੀ ਮਾਂ ਦੇ ਪੈਰੀਂ ਹੱਥ ਲਾ ਕੇ ਜਿੱਤੇ ਲੱਖਾਂ ਦਿਲ



ਲਾਸ ਵੇਗਾਸ/ਏ.ਟੀ.ਨਿਊਜ਼ਃ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਅਮਰੀਕਾ ਦੇ ਲਾਸ ਵੇਗਾਸ ਵਿੱਚ ਹੋਏ '2026 ਲਾਤੀਨੀ ਗ੍ਰੈਮੀ ਐਵਾਰਡਜ਼' ਦੌਰਾਨ ਆਪਣੀ ਨਿਮਰਤਾ ਅਤੇ ਪੰਜਾਬੀ ਵਿਰਸੇ ਦੀ ਅਜਿਹੀ ਮਿਸਾਲ ਪੇਸ਼ ਕੀਤੀ ਹੈ, ਜਿਸ ਦੀ ਪੂਰੀ ਦੁਨੀਆ ਵਿੱਚ ਸ਼ਲਾਘਾ ਹੋ ਰਹੀ ਹੈ। ਸਮਾਗਮ ਦੌਰਾਨ ਪਿਊਰਟੋ ਰੀਕਨ ਸੰਗੀਤ ਜਗਤ ਦੇ ਦਿੱਗਜ ਸਿਤਾਰੇ ਡੈਡੀ ਯੈਂਕੀ ਦੀ ਮਾਤਾ ਰੋਜ਼ਾ ਰੌਡਰਿਗਜ਼ ਨੂੰ ਮਿਲਣ ਵੇਲੇ ਦਿਲਜੀਤ ਨੇ ਝੁਕ ਕੇ ਉਨ੍ਹਾਂ ਦੇ ਪੈਰੀਂ ਹੱਥ ਲਾਏ ਅਤੇ ਆਸ਼ੀਰਵਾਦ ਲਿਆ। ਇਸ ਭਾਵੁਕ ਪਲ ਦੀ ਬੈਕਸਟੇਜ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

ਵਾਇਰਲ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਜਿਵੇਂ ਹੀ ਦਿਲਜੀਤ ਦੀ ਮੁਲਾਕਾਤ ਡੈਡੀ ਯੈਂਕੀ ਦੀ ਮਾਂ ਰੋਜ਼ਾ ਰੌਡਰਿਗਜ਼ ਨਾਲ ਕਰਵਾਈ ਜਾਂਦੀ ਹੈ, ਤਾਂ ਉਹ ਬਿਨਾਂ ਕਿਸੇ ਝਿਜਕ ਦੇ ਭਾਰਤੀ ਅਤੇ ਪੰਜਾਬੀ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਮੁਤਾਬਕ ਉਨ੍ਹਾਂ ਦੇ ਚਰਨ ਛੂਹ ਲੈਂਦੇ ਹਨ। ਦਿਲਜੀਤ ਦੇ ਇਸ ਸਤਿਕਾਰ ਭਰੇ ਅੰਦਾਜ਼ ਨੂੰ ਦੇਖ ਕੇ ਜਿੱਥੇ ਰੋਜ਼ਾ ਬੇਹੱਦ ਭਾਵੁਕ ਨਜ਼ਰ ਆਏ, ਉੱਥੇ ਹੀ ਡੈਡੀ ਯੈਂਕੀ ਨੇ ਵੀ ਮੁਸਕਰਾਉਂਦੇ ਹੋਏ ਉਤਸ਼ਾਹ ਨਾਲ ਦਿਲਜੀਤ ਦਾ ਨਾਮ ਲਿਆ। ਪ੍ਰਸ਼ੰਸਕ ਕੌਮਾਂਤਰੀ ਮੰਚ 'ਤੇ ਵੀ ਆਪਣੀਆਂ ਜੜ੍ਹਾਂ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਦਿਲਜੀਤ ਦੀ ਰੱਜ ਕੇ ਤਾਰੀਫ਼ ਕਰ ਰਹੇ ਹਨ।

ਦਿਲਜੀਤ ਦੋਸਾਂਝ ਲਈ ਇਹ ਸ਼ਾਮ ਇਤਿਹਾਸਕ ਹੋ ਨਿੱਬੜੀ, ਕਿਉਂਕਿ ਉਹ ਵੱਕਾਰੀ ਲਾਤੀਨੀ ਗ੍ਰੈਮੀ ਐਵਾਰਡਜ਼ ਵਿੱਚ ਲਾਈਵ ਪੇਸ਼ਕਾਰੀ ਦੇਣ ਵਾਲੇ ਪਹਿਲੇ ਭਾਰਤੀ ਕਲਾਕਾਰ ਬਣ ਗਏ ਹਨ। ਲਾਸ ਵੇਗਾਸ ਦੇ ਐੱਮਜੀਐੱਮ ਗ੍ਰੈਂਡ ਗਾਰਡਨ ਐਰੀਨਾ ਵਿੱਚ ਪਿਛਲੇ ਦਿਨੀਂ ਕਰਵਾਏ ਗਏ ਐਵਾਰਡਜ਼ ਦੇ 27ਵੇਂ ਐਡੀਸ਼ਨ ਦੌਰਾਨ ਦਿਲਜੀਤ ਨੇ ਡੈਡੀ ਯੈਂਕੀ ਨਾਲ ਸਟੇਜ ਸਾਂਝੀ ਕਰਦਿਆਂ ਆਪਣੇ ਨਵੇਂ ਸਾਂਝੇ ਗੀਤ 'ਪੋਕੀਟੋ' 'ਤੇ ਜ਼ਬਰਦਸਤ ਪੇਸ਼ਕਾਰੀ ਦਿੱਤੀ, ਜਿਸ ਨੇ ਪੰਜਾਬੀ ਅਤੇ ਲਾਤੀਨੀ ਸੰਗੀਤਕ ਰਵਾਇਤਾਂ ਨੂੰ ਇੱਕ ਮੰਚ 'ਤੇ ਇਕੱਠਾ ਕਰ ਦਿੱਤਾ।

ਸਿੱਧੂ ਮੂਸੇਵਾਲਾ ਦਾ ਗੀਤ 'ਫੈਂਟਮ' ਸਾਡੀ ਇਜਾਜ਼ਤ ਤੋਂ ਬਿਨਾਂ ਰਿਲੀਜ਼ ਕੀਤਾ: ਬਲਕੌਰ ਸਿੰਘ

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਪਿਆਂ, ਬਲਕੌਰ ਸਿੰਘ ਅਤੇ ਚਰਨ ਕੌਰ ਨੇ 'ਸਾਗਾ ਮਿਊਜ਼ਿਕ' ਦੁਆਰਾ ਉਨ੍ਹਾਂ ਦੇ ਗੀਤ 'ਫੈਂਟਮ' ਨੂੰ ਰਿਲੀਜ਼ ਕਰਨ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਮਿਊਜ਼ਿਕ ਲੇਬਲ ਨੇ ਉਨ੍ਹਾਂ ਦੀ ਇਜਾਜ਼ਤ ਜਾਂ ਅਧਿਕਾਰਤ ਮਨਜ਼ੂਰੀ ਤੋਂ ਬਿਨਾਂ ਹੀ ਇਸ ਗੀਤ ਨੂੰ ਰਿਲੀਜ਼ ਕਰ ਦਿੱਤਾ ਹੈ।

ਇੱਕ ਬਿਆਨ ਵਿੱਚ, ਗਾਇਕ ਦੇ ਮਾਪਿਆਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਰਿਲੀਜ਼ ਨੂੰ ਰੋਕਣ ਅਤੇ ਮਸਲੇ ਦੇ ਹੱਲ ਲਈ ਗੱਲਬਾਤ ਕਰਨ ਦੀ ਬੇਨਤੀ ਦੇ ਬਾਵਜੂਦ, 'ਸਾਗਾ ਮਿਊਜ਼ਿਕ' ਨੇ ਗੀਤ ਰਿਲੀਜ਼ ਕਰ ਦਿੱਤਾ। ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਲੇਬਲ ਨੇ ਉਨ੍ਹਾਂ ਤੋਂ ਰਿਲੀਜ਼ ਲਈ ਕੋਈ ਜਾਇਜ਼ ਦਸਤਾਵੇਜ਼ੀ ਮਨਜ਼ੂਰੀ ਨਹੀਂ ਲਈ ਸੀ।

ਬਿਆਨ ਵਿੱਚ ਕਿਹਾ ਗਿਆ ਹੈ, 'ਸਿੱਧੂ ਮੂਸੇਵਾਲਾ ਦਾ ਗੀਤ 'ਫੈਂਟਮ' ਸਾਡੀ ਇਜਾਜ਼ਤ ਜਾਂ ਅਧਿਕਾਰਤ ਮਨਜ਼ੂਰੀ ਤੋਂ ਬਿਨਾਂ 'ਸਾਗਾ ਮਿਊਜ਼ਿਕ' ਦੁਆਰਾ ਰਿਲੀਜ਼ ਕੀਤਾ ਜਾ ਰਿਹਾ ਹੈ। ਰਿਲੀਜ਼ ਨੂੰ ਰੋਕਣ ਅਤੇ ਹੱਲ ਕੱਢਣ ਲਈ ਗੱਲਬਾਤ ਕਰਨ ਦੀ ਸਾਡੀ ਬੇਨਤੀ ਦੇ ਬਾਵਜੂਦ, 'ਸਾਗਾ ਮਿਊਜ਼ਿਕ' ਨੇ ਸਾਡੇ ਵੱਲੋਂ ਦਿੱਤੇ ਗਏ ਕਿਸੇ ਜਾਇਜ਼ ਦਸਤਾਵੇਜ਼ ਤੋਂ ਬਿਨਾਂ ਹੀ ਇਸ ਨੂੰ ਰਿਲੀਜ਼ ਕਰ ਦਿੱਤਾ। ਅਸੀਂ ਸਿੱਧੂ ਮੂਸੇਵਾਲਾ ਦੀ ਵਿਰਾਸਤ ਅਤੇ ਉਸਦੇ ਅਧਿਕਾਰਾਂ ਦੀ ਰਾਖੀ ਲਈ ਢੁਕਵੀਂ ਕਾਨੂੰਨੀ ਕਾਰਵਾਈ ਸ਼ੁਰੂ ਕਰ ਰਹੇ ਹਾਂ।





ਉਨ੍ਹਾਂ ਨੇ ਹੋਰ ਕਲਾਕਾਰਾਂ ਅਤੇ ਮਿਊਜ਼ਿਕ ਲੇਬਲਾਂ ਲਈ ਵੀ ਇੱਕ ਸੰਦੇਸ਼ ਜਾਰੀ ਕੀਤਾ ਹੈ, ਜੋ ਸਿੱਧੂ ਮੂਸੇਵਾਲਾ ਦੇ ਗੀਤਾਂ ਨਾਲ ਸਬੰਧਿਤ

34 ਸਾਲ ਪੁਰਾਣੇ ਅਗਵਾ ਮਾਮਲੇ 'ਚ

ਰੋਕ ਲਗਵਾਈ ਜਾਂਦੀ ਰਹੀ। ਨਤੀਜੇ ਵਜੋਂ, 2001 ਵਿੱਚ ਚਾਰਜਸ਼ੀਟ ਦਾਖਲ ਹੋਣ ਦੇ ਬਾਵਜੂਦ, ਇਸ ਕੇਸ ਦਾ ਅਸਲ ਟ੍ਰਾਇਲ ਸਾਲ 2022 ਵਿੱਚ ਜਾ ਕੇ ਸ਼ੁਰੂ ਹੋ ਸਕਿਆ।

ਤਿੰਨ ਦਹਾਕਿਆਂ ਤੋਂ ਵੱਧ ਦੀ ਇਸ ਦੇਰੀ ਨੇ ਮਾਮਲੇ ਦੀ ਗੰਭੀਰਤਾ ਅਤੇ ਸਬੂਤਾਂ 'ਤੇ ਵੱਡਾ ਅਸਰ ਪਾਇਆ। ਇਸ ਕੇਸ ਦੇ ਚਾਰ ਹੋਰ ਮੁੱਖ ਮੁਲਜ਼ਮ—ਸਾਬਕਾ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ, ਇੰਸਪੈਕਟਰ ਸੂਬਾ ਸਿੰਘ, ਸਬ-ਇੰਸਪੈਕਟਰ ਸੁਰਿੰਦਰ ਸਿੰਘ ਅਤੇ ਏ.ਐੱਸ.ਆਈ. ਜਸਵੰਤ ਸਿੰਘ—ਮੁਕੱਦਮੇ ਦਾ ਫੈਸਲਾ ਆਉਣ ਤੋਂ ਪਹਿਲਾਂ ਹੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਇੰਨਾ ਹੀ ਨਹੀਂ, ਸੀ.ਬੀ.ਆਈ. ਵੱਲੋਂ ਪੇਸ਼ ਕੀਤੇ ਗਏ ਕੁੱਲ 47 ਗਵਾਹਾਂ ਵਿੱਚੋਂ ਸਿਰਫ਼ 16 ਗਵਾਹ ਹੀ ਅਦਾਲਤ ਵਿੱਚ ਆਪਣੀ ਗਵਾਹੀ ਦਰਜ ਕਰਵਾ ਸਕੇ, ਕਿਉਂਕਿ ਬਾਕੀ ਦੇ ਜ਼ਿਆਦਾਤਰ ਗਵਾਹ ਸਮੇਂ ਦੀ ਮਾਰ ਹੇਠ ਆ ਕੇ ਦਮ ਤੋੜ ਗਏ ਸਨ। ਇਹ ਸਥਿਤੀ ਨਿਆਂ ਪ੍ਰਣਾਲੀ ਲਈ ਵਡਾ ਪ੍ਰਸ਼ਨ ਚਿੰਨ ਹੈ।

ਇਸ ਤਮਾਮ ਰੁਕਾਵਟਾਂ ਦੇ ਬਾਵਜੂਦ, ਅਦਾਲਤ ਨੇ ਉਪਲਬਧ ਸਬੂਤਾਂ ਅਤੇ ਗਵਾਹੀਆਂ ਦੇ ਆਧਾਰ 'ਤੇ ਗੁਰਮੀਤ ਸਿੰਘ ਰੰਧਾਵਾ ਨੂੰ ਧਾਰਾ 365 (ਅਗਵਾ) ਤਹਿਤ 5 ਸਾਲ ਅਤੇ ਧਾਰਾ 120-ਬੀ (ਅਪਰਾਧਿਕ ਸਾਜ਼ਿਸ਼) ਤਹਿਤ 2 ਸਾਲ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਸਬੂਤਾਂ ਦੀ ਘਾਟ ਕਾਰਨ ਇੱਕ ਸਿਪਾਹੀ ਬਰੀ ਹੋ ਗਿਆ, ਪਰ ਮੁੱਖ ਅਧਿਕਾਰੀ ਨੂੰ ਸਜ਼ਾ ਮਿਲਣਾ ਆਪਣੇ ਆਪ ਵਿੱਚ ਇੱਕ ਵੱਡੀ ਪ੍ਰਾਪਤੀ ਹੈ।

ਅੱਜ ਜਦੋਂ 34 ਸਾਲਾਂ ਬਾਅਦ ਇਹ ਫੈਸਲਾ ਆਇਆ ਹੈ, ਤਾਂ ਅਮਰੀਕ ਸਿੰਘ ਸਕਰੀ ਦਾ ਪਰਿਵਾਰ ਭਾਵੇਂ ਆਪਣੇ ਪਿਆਰੇ ਨੂੰ ਵਾਪਸ ਨਹੀਂ ਪਾ ਸਕਦਾ, ਪਰ ਉਨ੍ਹਾਂ ਦੇ ਮਨ ਨੂੰ ਇਹ ਤਸੱਲੀ ਜ਼ਰੂਰ ਮਿਲੀ ਹੋਵੇਗੀ ਕਿ ਉਨ੍ਹਾਂ ਦੀ ਲੰਬੀ ਲੜਾਈ ਅਜਾਈਂ ਨਹੀਂ ਗਈ। ਸਰਕਾਰ ਵੱਲੋਂ ਪੇਸ਼ ਕੀਤੇ ਗਏ ਝੂਠੇ ਸਬੂਤਾਂ ਦੇ ਬਾਵਜੂਦ ਸੱਚ ਆਖ਼ਰਕਾਰ ਸਾਹਮਣੇ ਆ ਹੀ ਗਿਆ।

ਇਹ ਫੈਸਲਾ ਮੌਜੂਦਾ ਪੁਲਿਸ ਪ੍ਰਸ਼ਾਸਨ ਅਤੇ ਅਧਿਕਾਰੀਆਂ ਲਈ ਵੀ ਇੱਕ ਸਖ਼ਤ ਸਬਕ ਹੈ ਕਿ ਸੱਤਾ ਅਤੇ ਅਹੁਦੇ ਦਾ ਨਸ਼ਾ ਹਮੇਸ਼ਾ ਨਹੀਂ ਰਹਿੰਦਾ। ਸਮਾਂ ਬਦਲਦਾ ਹੈ ਅਤੇ ਹਰ ਗਲਤ ਕੰਮ ਦਾ ਹਿਸਾਬ ਦੇਣਾ ਪੈਂਦਾ ਹੈ। ਇਸ ਦੇ ਨਾਲ ਹੀ, ਦੇਸ਼ ਦੀਆਂ ਅਦਾਲਤਾਂ ਅਤੇ ਸਰਕਾਰਾਂ ਨੂੰ ਵੀ ਇਸ ਗੱਲ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਅਜਿਹੇ ਸੰਵੇਦਨਸ਼ੀਲ ਮਾਮਲਿਆਂ ਦਾ ਨਿਪਟਾਰਾ ਸਮਾਂਬੱਧ ਤਰੀਕੇ ਨਾਲ ਹੋਵੇ।

***

ਅਮਰੀਕੀ ਸਰਕਾਰ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ

ਨਿਖਿਲ ਗੁਪਤਾ ਦੀ ਅਦਾਲਤ ਨੂੰ ਭਾਵੁਕ ਚਿੱਠੀ

ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਨਿਖਿਲ ਗੁਪਤਾ ਨੇ ਖੁਦ ਵੀ ਅਦਾਲਤ ਨੂੰ ਇੱਕ ਚਿੱਠੀ ਲਿਖ ਕੇ ਡੂੰਘਾ ਪਛਤਾਵਾ ਜ਼ਾਹਰ ਕੀਤਾ ਹੈ। ਆਪਣੀ ਚਿੱਠੀ ਵਿੱਚ ਗੁਪਤਾ ਨੇ ਲਿਖਿਆ, 'ਮੇਰਾ ਦਿਲ ਕਰਦਾ ਹੈ ਕਿ ਮੈਂ ਸਮਾਂ ਪਿੱਛੇ ਮੋੜ ਕੇ 2023 ਵਿੱਚ ਵਾਪਸ ਜਾ ਸਕਾਂ ਅਤੇ ਆਪਣੀਆਂ ਗਲਤੀਆਂ ਨੂੰ ਸੁਧਾਰ ਸਕਾਂ। ਜਦੋਂ ਮੈਂ ਪਿੱਛੇ ਮੁੜ ਕੇ ਦੇਖਦਾ ਹਾਂ, ਤਾਂ ਮੈਂ ਖੁਦ ਨੂੰ ਹੀ ਨਹੀਂ ਪਛਾਣ ਪਾਉਂਦਾ ਕਿ ਮੈਂ ਕੀ ਬਣ ਗਿਆ ਸੀ।' ਉਸ ਨੇ ਦੱਸਿਆ ਕਿ 2023 ਦੇ ਸ਼ੁਰੂ ਵਿੱਚ ਉਹ ਆਪਣੇ ਪਰਿਵਾਰ ਤੋਂ ਦੂਰ ਹੋ ਗਿਆ ਸੀ ਅਤੇ ਲਗਭਗ ਹਰ ਰਾਤ ਬਹੁਤ ਜ਼ਿਆਦਾ ਸ਼ਰਾਬ ਪੀਣ ਲੱਗ ਪਿਆ ਸੀ। ਆਪਣੇ ਪਰਿਵਾਰ ਅਤੇ ਕਰੀਬੀਆਂ ਨੂੰ ਪਹੁੰਚੇ ਦੁੱਖ ਬਾਰੇ ਲਿਖਦਿਆਂ ਉਸ ਨੇ ਕਿਹਾ, 'ਮੈਂ ਆਪਣੇ ਪਰਿਵਾਰ ਅਤੇ ਆਲੇ-ਦੁਆਲੇ ਦੇ ਲੋਕਾਂ ਨੂੰ ਜੋ ਦੁੱਖ ਦਿੱਤਾ ਹੈ, ਉਸ ਦਾ ਮੈਨੂੰ ਡੂੰਘਾ ਅਫ਼ਸੋਸ ਹੈ।'

ਕਿਵੇਂ ਰਚੀ ਗਈ ਸੀ ਕਤਲ ਦੀ ਸਾਜ਼ਿਸ਼ ?

ਅਦਾਲਤੀ ਦਸਤਾਵੇਜ਼ਾਂ ਅਤੇ ਸਰਕਾਰੀ ਵਕੀਲਾਂ ਦੇ ਦੋਸ਼ਾਂ ਮੁਤਾਬਕ, ਸਾਲ 2023 ਵਿੱਚ ਨਿਖਿਲ ਗੁਪਤਾ ਨੇ ਭਾਰਤ ਅਤੇ ਹੋਰ ਥਾਵਾਂ 'ਤੇ ਮੌਜੂਦ ਕੁਝ ਲੋਕਾਂ ਨਾਲ ਮਿਲ ਕੇ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ। ਇਨ੍ਹਾਂ ਵਿੱਚ ਸਹਿ-ਮੁਲਜ਼ਮ ਵਿਕਾਸ ਯਾਦਵ ਦਾ ਨਾਂ ਪ੍ਰਮੁੱਖ ਹੈ।

ਯਾਦਵ ਦੇ ਨਿਰਦੇਸ਼ਾਂ 'ਤੇ ਗੁਪਤਾ ਨੇ ਇੱਕ ਅਜਿਹੇ ਵਿਅਕਤੀ ਨਾਲ ਸੰਪਰਕ ਕੀਤਾ, ਜਿਸ ਨੂੰ ਉਹ ਕੋਈ ਅਪਰਾਧੀ ਸਮਝ ਰਿਹਾ ਸੀ, ਪਰ ਅਸਲ ਵਿੱਚ ਉਹ ਅਮਰੀਕਾ ਦੀ ਡਰੱਗ ਐਨਫੋਰਸਮੈਂਟ ਐਡਮਿਨਿਸਟ੍ਰੇਸ਼ਨ ਦਾ ਇੱਕ ਗੁਪਤ ਸੂਹੀਆ (ਅੰਡਰਕਵਰ ਏਜੰਟ) ਸੀ। ਗੁਪਤਾ ਨੇ ਉਸ ਤੋਂ ਨਿਊਯਾਰਕ ਸਿਟੀ ਵਿੱਚ ਪੰਨੂ ਦੇ ਕਤਲ ਲਈ ਇੱਕ ਭਾੜੇ ਦੇ ਕਾਤਲ (ਹਿੱਟਮੈਨ) ਦਾ ਇੰਤਜ਼ਾਮ ਕਰਨ ਲਈ ਮਦਦ ਮੰਗੀ।

ਇਸ ਤੋਂ ਬਾਅਦ ਗੁਪਤਾ ਦੀ ਵਿਚੋਲਗੀ ਰਾਹੀਂ ਵਿਕਾਸ ਯਾਦਵ ਨੇ ਉਸ ਅੰਡਰਕਵਰ ਅਧਿਕਾਰੀ ਨੂੰ ਪੰਨੂ ਦੇ ਕਤਲ ਬਦਲੇ 1 ਲੱਖ ਅਮਰੀਕੀ ਡਾਲਰ (ਲਗਭਗ 84 ਲੱਖ ਰੁਪਏ) ਦੇਣ ਦਾ ਸੌਦਾ ਤੈਅ ਕੀਤਾ। 9 ਜੂਨ 2023 ਦੇ ਆਸ-ਪਾਸ, ਯਾਦਵ ਅਤੇ ਗੁਪਤਾ ਨੇ ਆਪਣੇ ਇੱਕ ਸਾਥੀ ਰਾਹੀਂ ਉਸ ਅੰਡਰਕਵਰ ਅਧਿਕਾਰੀ ਨੂੰ ਪੇਸ਼ਗੀ (ਐਡਵਾਂਸ) ਵਜੋਂ 15,000 ਡਾਲਰ ਨਕਦ ਪਹੁੰਚਾਉਣ ਦਾ ਪ੍ਰਬੰਧ ਵੀ ਕੀਤਾ। ਹਾਲਾਂਕਿ, ਅਮਰੀਕੀ ਏਜੰਸੀਆਂ ਦੀ ਚੌਕਸੀ ਕਾਰਨ ਇਹ ਸਾਜ਼ਿਸ਼ ਨਾਕਾਮ ਹੋ ਗਈ ਅਤੇ ਗੁਪਤਾ ਨੂੰ ਚੈੱਕ ਗਣਰਾਜ ਤੋਂ ਗ੍ਰਿਫ਼ਤਾਰ ਕਰਕੇ ਅਮਰੀਕਾ ਲਿਆਂਦਾ ਗਿਆ।

ਹੁਣ ਸਾਰੀਆਂ ਨਜ਼ਰਾਂ 20 ਨਵੰਬਰ 'ਤੇ ਟਿਕੀਆਂ ਹੋਈਆਂ ਹਨ, ਜਦੋਂ ਜੱਜ ਵਿਕਟਰ ਮਾਰੇਰੋ ਇਸ ਗੱਲ ਦਾ ਫੈਸਲਾ ਕਰਨਗੇ ਕਿ ਨਿਖਿਲ ਗੁਪਤਾ ਨੂੰ ਅਮਰੀਕੀ ਸਰਕਾਰ ਦੀ ਮੰਗ ਮੁਤਾਬਕ 24 ਸਾਲ ਜੇਲ੍ਹ ਵਿੱਚ ਕੱਟਣੇ ਪੈਣਗੇ ਜਾਂ ਉਸ ਦੇ ਵਕੀਲਾਂ ਦੀਆਂ ਦਲੀਲਾਂ ਮੰਨਦਿਆਂ 12 ਸਾਲ ਦੀ ਸਜ਼ਾ ਸੁਣਾਈ ਜਾਵੇਗੀ।

***

ਕਮਾਈ ਤੇ ਖ਼ਰਚੇ 'ਚ 12 ਡਾਲਰ ਦਾ

ਦੋ-ਦੋ ਨੌਕਰੀਆਂ ਕਰਕੇ ਵੀ ਗੁਜ਼ਾਰਾ ਔਖਾ ਕਿਉਂ ?

ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਵੱਧ ਘੰਟੇ ਕੰਮ ਕਰਕੇ ਆਰਥਿਕ ਤੰਗੀ ਦੂਰ ਕੀਤੀ ਜਾ ਸਕਦੀ ਹੈ, ਪਰ ਮੌਜੂਦਾ ਹਾਲਾਤ ਇਸ ਦੇ ਉਲਟ ਹਨ। ਇਸ ਪਿੱਛੇ ਹੇਠ ਲਿਖੇ ਕਾਰਨ ਜ਼ਿੰਮੇਵਾਰ ਹਨ: ਪੰਜਾਬੀ ਭਾਈਚਾਰੇ ਦੇ ਜ਼ਿਆਦਾਤਰ ਨੌਜਵਾਨ ਅਤੇ ਨਵੇਂ ਆਏ ਪਰਵਾਸੀ ਪ੍ਰਚੂਨ (ਰੀਟੇਲ), ਰੈਸਟੋਰੈਂਟ ਅਤੇ ਸੇਵਾ ਖੇਤਰ (ਸਰਵਿਸ ਸੈਕਟਰ) ਵਿੱਚ ਕੰਮ ਕਰਦੇ ਹਨ, ਜਿੱਥੇ ਤਨਖ਼ਾਹਾਂ 16 ਤੋਂ 20 ਡਾਲਰ ਪ੍ਰਤੀ ਘੰਟਾ ਦੇ ਆਸ-ਪਾਸ ਹੀ ਰਹਿੰਦੀਆਂ ਹਨ। ਜਦੋਂ ਮੁੱਢਲੀ ਉਜਰਤ ਹੀ ਲੋੜੀਂਦੇ ਖ਼ਰਚੇ ਨਾਲੋਂ 40 ਫ਼ੀਸਦੀ ਘੱਟ ਹੋਵੇ, ਤਾਂ ਦੂਜੀ ਨੌਕਰੀ ਦੀ ਕਮਾਈ ਸਿਰਫ਼ ਉਸ ਪਾੜੇ ਨੂੰ ਭਰਨ ਵਿੱਚ ਹੀ ਨਿਕਲ ਜਾਂਦੀ ਹੈ। ਜਦੋਂ ਪਰਿਵਾਰ ਦੇ ਦੋਵੇਂ ਜੀਅ ਜਾਂ ਇੱਕ ਵਿਅਕਤੀ ਦੋ ਸ਼ਿਫਟਾਂ ਵਿੱਚ ਕੰਮ ਕਰਦਾ ਹੈ, ਤਾਂ ਬੱਚਿਆਂ ਦੀ ਸਾਂਭ-ਸੰਭਾਲ 'ਤੇ ਭਾਰੀ ਖ਼ਰਚਾ ਆਉਂਦਾ ਹੈ। ਇਸ ਤੋਂ ਇਲਾਵਾ, ਵਾਧੂ ਘੰਟੇ ਕੰਮ ਕਰਨ ਨਾਲ ਕਾਗਜ਼ੀ ਆਮਦਨ ਵਧ ਜਾਂਦੀ ਹੈ, ਜਿਸ ਕਾਰਨ ਪਰਿਵਾਰ ਸਰਕਾਰ ਵੱਲੋਂ ਮਿਲਣ ਵਾਲੀਆਂ ਕਈ ਸਮਾਜਿਕ ਸਹਾਇਤਾ ਸਕੀਮਾਂ ਅਤੇ ਟੈਕਸ ਛੋਟਾਂ ਦੇ ਦਾਇਰੇ ਵਿੱਚੋਂ ਬਾਹਰ ਹੋ ਜਾਂਦੇ ਹਨ।

ਕੈਨੇਡੀਅਨ ਸੈਂਟਰ ਫ਼ਾਰ ਪਾਲਿਸੀ ਆਲਟਰਨੇਟਿਵ ਦੀ ਰਿਪੋਰਟ ਅਨੁਸਾਰ, 28 ਤੋਂ 30 ਡਾਲਰ ਪ੍ਰਤੀ ਘੰਟਾ ਦੀ ਇਹ ਗਣਨਾ ਸਿਰਫ਼ ਰੋਟੀ, ਕੱਪੜਾ, ਮਕਾਨ ਅਤੇ ਆਵਾਜਾਈ ਵਰਗੀਆਂ ਬੁਨਿਆਦੀ ਲੋੜਾਂ 'ਤੇ ਆਧਾਰਿਤ ਹੈ। ਇਸ ਵਿੱਚ ਨਾ ਤਾਂ ਪੁਰਾਣਾ ਕਰਜ਼ਾ ਮੋੜਨ ਦੀ ਕੋਈ ਗੁੰਜਾਇਸ਼ ਹੈ, ਨਾ ਘਰ ਖਰੀਦਣ ਲਈ ਪੈਸੇ ਜੋੜਨ ਦੀ ਅਤੇ ਨਾ ਹੀ ਕਿਸੇ ਐਮਰਜੈਂਸੀ ਲਈ ਬੱਚਤ ਕਰਨ ਦੀ।

ਮਾਹਿਰ ਕੀ ਆਖਦੇ ਹਨ ?

ਆਰਥਿਕ ਅਤੇ ਨੀਤੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਿਰਫ਼ ਮਹਿੰਗਾਈ ਦਾ ਮਸਲਾ ਨਹੀਂ, ਸਗੋਂ ਆਰਥਿਕ ਅਸੁਰੱਖਿਆ ਦਾ ਸੰਕਟ ਹੈ। ਕੈਨੇਡੀਅਨ ਸੈਂਟਰ ਫ਼ਾਰ ਪਾਲਿਸੀ ਆਲਟਰਨੇਟਿਵ ਦੀ ਡਾਇਰੈਕਟਰ ਡਾ. ਕ੍ਰਿਸਟੀਨ ਸੌਲਨੀਅਰ ਮੁਤਾਬਕ, ਜੇਕਰ ਕੋਈ ਵਿਅਕਤੀ ਪੂਰਾ ਸਮਾਂ (ਫੁੱਲ-ਟਾਈਮ) ਕੰਮ ਕਰਨ ਦੇ ਬਾਵਜੂਦ ਆਪਣੇ ਪਰਿਵਾਰ ਦਾ ਢਿੱਡ ਨਹੀਂ ਭਰ ਸਕਦਾ, ਤਾਂ ਇਹ ਮੌਜੂਦਾ ਆਰਥਿਕ ਪ੍ਰਬੰਧ ਦੀ ਵੱਡੀ ਨਾਕਾਮੀ ਹੈ। ਮੈਮੋਰੀਅਲ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਰਸਲ ਐਲਨ ਵਿਲੀਅਮਜ਼ ਦਾ ਕਹਿਣਾ ਹੈ ਕਿ ਸਰਕਾਰਾਂ ਨੂੰ ਇਸ ਸਮੱਸਿਆ ਨੂੰ ਸਿਰਫ਼ 'ਮਹਿੰਗਾਈ' ਦੇ ਨਜ਼ਰੀਏ ਤੋਂ ਦੇਖਣ ਦੀ ਬਜਾਏ ਕਾਮਿਆਂ ਦੀ ਆਮਦਨ ਵਧਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ।

ਨੋਵਾ ਸਕੋਸ਼ੀਆ ਫੈਡਰੇਸ਼ਨ ਆਫ਼ ਲੇਬਰ ਦੀ ਪ੍ਰਧਾਨ ਮੇਲਿਸਾ ਮਾਰਸਮੈਨ ਅਨੁਸਾਰ, ਅੱਜ ਹਾਲਾਤ ਇਹ ਹਨ ਕਿ ਨੌਕਰੀਪੇਸ਼ਾ ਲੋਕ ਵੀ 'ਫੂਡ ਬੈਂਕਾਂ' (ਮੁਫ਼ਤ ਰਾਸ਼ਨ ਕੇਂਦਰਾਂ) ਦੀਆਂ ਲਾਈਨਾਂ ਵਿੱਚ ਲੱਗਣ ਲਈ ਮਜਬੂਰ ਹਨ, ਕਿਉਂਕਿ ਉਨ੍ਹਾਂ ਦੀ ਤਨਖ਼ਾਹ ਅਗਲੇ ਮਹੀਨੇ ਤੱਕ ਦਾ ਰਾਸ਼ਨ ਖਰੀਦਣ ਲਈ ਵੀ ਪੂਰੀ ਨਹੀਂ ਪੈਂਦੀ।

ਹੱਲ ਕੀ ਹੈ ?

ਮਾਹਿਰਾਂ ਨੇ ਸੂਬਾਈ ਅਤੇ ਕੇਂਦਰੀ ਸਰਕਾਰਾਂ ਨੂੰ ਸੁਝਾਅ ਦਿੱਤਾ ਹੈ ਕਿ ਘੱਟੋ-ਘੱਟ ਮਜ਼ਦੂਰੀ ਨੂੰ ਤੁਰੰਤ ਵਧਾ ਕੇ ਗੁਜ਼ਾਰੇ ਯੋਗ ਉਜਰਤ (ਲਿਵਿੰਗ ਵੇਜ) ਦੇ ਬਰਾਬਰ ਲਿਆਂਦਾ ਜਾਵੇ। ਇਸ ਦੇ ਨਾਲ ਹੀ ਸਸਤੇ ਸਰਕਾਰੀ ਮਕਾਨ ਬਣਾਉਣ, ਜਨਤਕ ਆਵਾਜਾਈ ਨੂੰ ਮਜ਼ਬੂਤ ਕਰਨ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਮਿਲਣ ਵਾਲੀਆਂ ਸਰਕਾਰੀ ਸਬਸਿਡੀਆਂ ਦੀ ਆਮਦਨ ਹੱਦ ਵਧਾਉਣ ਦੀ ਲੋੜ ਹੈ, ਤਾਂ ਜੋ ਦਿਨ-ਰਾਤ ਮਿਹਨਤ ਕਰਨ ਵਾਲੇ ਪਰਿਵਾਰਾਂ ਨੂੰ ਆਰਥਿਕ ਬੋਝ ਤੋਂ ਰਾਹਤ ਮਿਲ ਸਕੇ।

***

ਸਵਾਲਾਂ ਦੇ ਘੇਰੇ ਵਿੱਚ ਆਈ

ਜਦਕਿ ਇਸੇ ਵਰਗ 'ਚ ਆਉਂਦੇ ਵਿਕਸਤ ਦੇਸ਼ਾਂ ਵਿੱਚ ਇਹ ਦਰ ਸਵਾ 9 ਫ਼ੀਸਦੀ ਸੀ।

ਬੇਸ਼ੱਕ ਇਸ ਵਾਧੂ ਖਰਚੇ ਨਾਲ ਕੈਨੇਡਾ ਉਨ੍ਹਾਂ ਦੇਸ਼ਾਂ (ਫਰਾਂਸ, ਜਰਮਨੀ, ਸਵੀਡਨ) ਦੀ ਕਤਾਰ ਵਿੱਚ ਤਾਂ ਆ ਗਿਆ, ਜੋ ਸਿਹਤ ਸੰਭਾਲ 'ਤੇ ਵੱਧ ਖਰਚ ਕਰਦੇ ਹਨ, ਪਰ ਅਸਲ ਵਿੱਚ ਲੋਕਾਂ ਨੂੰ ਇਸ ਦਾ ਕੋਈ ਫਾਇਦਾ ਨਹੀਂ ਹੋਇਆ। ਸਦਰਲੈਂਡ ਨੇ ਖਰਚੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਕੈਨੇਡਾ ਖਰਚਿਆਂ ਵਿੱਚ ਹੋਰਾਂ ਤੋਂ ਪਿੱਛੇ ਨਹੀਂ, ਤਾਂ ਚੰਗੀਆਂ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੀ ਅੜਿੱਕੇ ਹਨ ਕੁਝ ਡਾਕਟਰਾਂ ਦੇ ਵਿਚਾਰ ਜਾਣਦਿਆਂ ਪਤਾ ਲੱਗਾ ਕਿ ਮਹਿੰਗਾਈ ਵਿੱਚ ਵਾਧਾ ਦਰ, ਜੋ 2004 'ਚ ਅੱਧਾ ਫ਼ੀਸਦ ਤੋਂ ਘੱਟ ਸੀ, ਹੁਣ ਢਾਈ ਫ਼ੀਸਦ ਹੋ ਚੁੱਕੀ ਹੈ। ਉੱਧਰ ਯੂਨੀਵਰਸਿਟੀ ਆਫ਼ ਟੋਰਾਂਟੋ ਦੀ ਪ੍ਰੋਫੈਸਰ ਸਾਰਾ ਐਲਿਨ ਇਹ ਤਾਂ ਮੰਨਦੀ ਹੈ ਕਿ ਖਰਚਾ ਬਹੁਤ ਜ਼ਿਆਦਾ ਹੈ, ਪਰ ਦੂਜੇ ਦੇਸ਼ਾਂ ਨਾਲ ਮੁਕਾਬਲੇ ਵਿੱਚ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇਸ਼ਾਂ ਵੱਲੋਂ ਸਿਹਤ ਸੇਵਾਵਾਂ 'ਤੇ ਕੀਤੇ ਖਰਚਿਆਂ ਤੋਂ ਹਾਸਲ ਕੀਤੇ ਜਾਂਦੇ ਨਤੀਜਿਆਂ ਦੀ ਸਮੀਖਿਆ ਕਰਨ ਦੀ ਵੀ ਲੋੜ ਹੈ, ਜਿਸ ਨਾਲ ਚੰਗੀਆਂ ਸੇਵਾਵਾਂ ਦਿੱਤੀਆਂ ਜਾ ਸਕਣ।

ਇੱਕ ਔਨਕੋਲੋਜਿਸਟ (ਕੈਂਸਰ ਮਾਹਿਰ ਡਾਕਟਰ) ਦਾ ਕਹਿਣਾ ਸੀ ਕਿ ਕੈਂਸਰ ਦੀ ਬਿਮਾਰੀ ਦਾ ਵਾਧਾ ਖਰਚੇ 'ਚ ਵਾਧੇ ਲਈ ਜ਼ਿੰਮੇਵਾਰ ਹੈ। ਉਨ੍ਹਾਂ ਦੱਸਿਆ ਕਿ ਕਈ ਕੈਂਸਰ ਮਰੀਜ਼ਾਂ ਦੀ ਇੱਕ ਮਹੀਨੇ ਦੀ ਦਵਾਈ ਦਾ ਖਰਚ 90 ਹਜ਼ਾਰ ਡਾਲਰ ਤੱਕ ਪਹੁੰਚ ਜਾਂਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਰਿਪੋਰਟ ਜਨਤਕ ਹੋਣ ਤੋਂ ਬਾਅਦ ਫੈਡਰਲ ਸਰਕਾਰ ਦਾ ਸਿਹਤ ਵਿਭਾਗ ਖਰਚ 'ਤੇ ਕਾਬੂ ਅਤੇ ਸੇਵਾਵਾਂ 'ਚ ਸੁਧਾਰ ਲਈ ਕੋਈ ਠੋਸ ਨੀਤੀਆਂ ਘੜੇਗਾ, ਜਿਸ ਦੀ ਸਭ ਨੂੰ ਉਡੀਕ ਹੈ ?

***

ਆਸਟ੍ਰੇਲੀਆ ਦੀ ਸੰਸਦ ਭਵਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ

ਮਨੁੱਖਤਾ ਦੀ ਸੇਵਾ ਦੇ ਸਰਬ-ਸਾਂਝੇ ਸੰਦੇਸ਼ ਤੋਂ ਬਾਖ਼ੂਬੀ ਜਾਣੂ ਕਰਵਾਇਆ ਹੈ।

ਪਰਥ ਸਥਿਤ ਪੱਛਮੀ ਆਸਟ੍ਰੇਲੀਆ ਦੀ ਸੰਸਦ ਨੂੰ ਸੰਬੋਧਨ ਕਰਦਿਆਂ ਡਾ. ਕੌਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖ ਭਾਈਚਾਰੇ ਦੀ ਮੇਜ਼ਬਾਨੀ ਕਰਨ ਲਈ ਸੰਸਦ, ਸਮੂਹ ਮੈਂਬਰਾਂ ਅਤੇ ਮੰਤਰੀ ਜੈਸਿਕਾ ਸਟੋਜਕੋਵਸਕੀ ਦਾ ਧੰਨਵਾਦ ਕੀਤਾ। ਆਪਣੇ ਭਾਸ਼ਣ ਦੌਰਾਨ ਉਨ੍ਹਾਂ 'ਸੱਚੇ ਸੌਦੇ' ਦੀ ਸਾਖੀ ਸੁਣਾਉਂਦਿਆਂ ਦੱਸਿਆ ਕਿ ਕਿਵੇਂ ਬਚਪਨ ਵਿੱਚ ਪਿਤਾ ਮਹਿਤਾ ਕਾਲੂ (ਮਹਿਤਾ ਕਲਿਆਣ ਦਾਸ) ਜੀ ਵੱਲੋਂ ਵਪਾਰ ਕਰਨ ਲਈ ਦਿੱਤੇ 20 ਰੁਪਏ ਗੁਰੂ ਨਾਨਕ ਦੇਵ ਜੀ ਨੇ ਕਈ ਦਿਨਾਂ ਤੋਂ ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣ 'ਤੇ ਖ਼ਰਚ ਕਰ ਦਿੱਤੇ ਸਨ। ਗੁਰੂ ਸਾਹਿਬ ਨੇ ਮੁਨਾਫ਼ੇ ਨਾਲੋਂ ਮਨੁੱਖਤਾ ਦੀ ਸੇਵਾ ਨੂੰ ਸਭ ਤੋਂ ਉੱਤਮ ਨਿਵੇਸ਼ ਮੰਨਿਆ ਅਤੇ ਇਹੀ ਸੋਚ ਅੱਗੇ ਚੱਲ ਕੇ 'ਲੰਗਰ ਪ੍ਰਥਾ' ਦਾ ਆਧਾਰ ਬਣੀ, ਜੋ 500 ਸਾਲਾਂ ਬਾਅਦ ਵੀ ਦੁਨੀਆ ਭਰ ਦੇ ਗੁਰਦੁਆਰਿਆਂ ਵਿੱਚ ਨਿਰੰਤਰ ਜਾਰੀ ਹੈ।

ਡਾ. ਕੌਰ ਨੇ ਲੰਗਰ ਨੂੰ ਮਹਿਜ਼ ਭੋਜਨ ਵੰਡਣ ਦੀ ਪ੍ਰਕਿਰਿਆ ਤੋਂ ਕਿਤੇ ਉੱਪਰ ਦੱਸਦਿਆਂ ਕਿਹਾ ਕਿ ਇਸ ਸੰਸਥਾ ਦੀ ਸਿਰਜਣਾ ਜਾਤ-ਪਾਤ, ਧਰਮ, ਸਮਾਜਿਕ ਰੁਤਬੇ ਅਤੇ ਅਮੀਰੀ-ਗ਼ਰੀਬੀ ਦੇ ਵਿਤਕਰੇ ਨੂੰ ਖ਼ਤਮ ਕਰਨ ਲਈ ਕੀਤੀ ਗਈ ਸੀ, ਜਿੱਥੇ ਹਰ ਕੋਈ ਇੱਕੋ ਪੰਗਤ ਵਿੱਚ ਬੈਠ ਕੇ ਬਰਾਬਰੀ ਨਾਲ ਪ੍ਰਸ਼ਾਦਾ ਛਕਦਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਵੰਡੇ ਹੋਏ ਸਮਾਜ ਵਿੱਚ ਇਹ ਸਿਧਾਂਤ ਪਹਿਲਾਂ

ਅਜੋਕੇ ਫਾਸ਼ੀਵਾਦ ਅਤੇ ਨਸਲਵਾਦ ਦੇ ਦੌਰ

ਗੁਰੂ ਨਾਨਕ ਸੰਦੇਸ਼ ਕਿਰਤ ਤੇ ਕਰਮ ਦਾ, ਨੇਮ ਤੇ ਪ੍ਰੇਮ ਦਾ, ਗ੍ਰਹਿਸਤ ਤੇ ਉਦਾਸੀ ਦਾ, ਹੁਕਮ ਤੇ ਭਾਣੇ ਦਾ, ਨਾਮ ਤੇ ਭਗਤੀ ਦਾ, ਆਦਰਸ਼ ਤੇ ਯਥਾਰਥ ਦਾ, ਇਨਸਾਨ ਤੇ ਪ੍ਰਾਕਿਰਤੀ ਦਾ, ਧਰਮ ਤੇ ਕਰਮ ਦਾ ਅਤੇ ਭਗਤੀ ਤੇ ਸ਼ਕਤੀ ਦਾ ਅਤਿਅੰਤ ਸੁੰਦਰ ਤੇ ਸੰਤੁਲਿਤ ਸੁਮੇਲ ਹੈ, ਜਿਸ ਦੀ ਰੋਸ਼ਨੀ ਤੇ ਨਿੱਘ ਰਹਿੰਦੀ ਦੁਨੀਆ ਤੱਕ ਮਨੁੱਖੀ ਸੱਭਿਅਤਾ ਲਈ 'ਚਾਨਣ ਦੇ ਵਣਜਾਰੇ' ਬਣੇ ਰਹਿਣਗੇ।

ਗੁਰੂ ਨਾਨਕ ਸਾਹਿਬ ਦਾ ਬ੍ਰਹਿਮੰਡੀ ਉਪਦੇਸ਼ ਗਗਨ ਰੂਪੀ ਥਾਲ ਵਿੱਚ ਸੂਰਜ ਚੰਦ ਰੂਪੀ ਦੀਵਿਆਂ ਰਾਹੀਂ ਕੁਦਰਤ ਦੇ ਗੁਣ ਗਾਉਣ ਅਤੇ ਇਲਾਹੀ ਜੋਤ ਜਗਾਉਣ ਦੇ ਰੂਪ ਵਿੱਚ ਉਜਾਗਰ ਹੈ। ਗੁਰੂ ਜੀ ਕੁਦਰਤੀ ਦਾਤਾਂ ਦੇ ਰੂਪ ਵਿੱਚ ਧਰਤੀ ਨੂੰ ਮਾਂ, ਪਾਣੀ ਨੂੰ ਪਿਤਾ ਤੇ ਪਉਣ ਨੂੰ ਗੁਰੂ ਦਰਸਾ ਕੇ ਮਨੁੱਖਤਾ ਨੂੰ ਇਸ ਦੀ ਮਹਾਨਤਾ ਤੋਂ ਜਾਣੂ ਕਰਵਾਉਂਦੇ ਹਨ। ਇਸ ਦੀ ਪ੍ਰਸੰਗਿਕਤਾ ਅੱਜ ਕੌਮਾਂਤਰੀ ਪੱਧਰ 'ਤੇ ਹੋਰ ਵੀ ਵਧ ਜਾਂਦੀ ਹੈ, ਜਦੋਂ ਵਾਯੂਮੰਡਲ ਵਿੱਚ ਹਵਾਵਾਂ ਦੂਸ਼ਿਤ ਹੋ ਰਹੀਆਂ ਹਨ, ਧਰਤੀ ਹੇਠੋਂ ਪਾਣੀ ਮੁੱਕਦਾ ਜਾ ਰਿਹਾ ਹੈ, ਦਰਿਆਵਾਂ-ਨਦੀਆਂ ਵਿੱਚ ਕੈਮੀਕਲ ਮਿਲ ਰਹੇ ਹਨ, ਅਨੇਕਾਂ ਜੀਵ-ਜੰਤੂਆਂ ਦਾ ਜੀਵਨ ਖ਼ਤਮ ਹੋ ਰਿਹਾ ਹੈ। ਦੁਨੀਆ ਦੇ ਤਾਕਤਵਰ ਦੇਸ਼ਾਂ ਵੱਲੋਂ ਪੁਲਾੜਾਂ ਵਿੱਚ ਵੀ ਤਬਾਹੀ ਮਚਾਈ ਜਾ ਰਹੀ ਹੈ ਅਤੇ ਪਰਮਾਣੂ ਹਥਿਆਰਾਂ ਦੀ ਅੰਨ੍ਹੀ ਦੌੜ ਮਨੁੱਖਤਾ ਨੂੰ ਬਾਰੂਦ ਦੇ ਢੇਰ 'ਤੇ ਬਿਠਾ ਚੁੱਕੀ ਹੈ। ਅਜਿਹੇ ਭਿਆਨਕ ਦੌਰ ਵਿੱਚ ਗੁਰੂ ਨਾਨਕ ਚਿੰਤਨ ਹੀ ਸੰਸਾਰ ਦੀ ਅਗਵਾਈ ਦਾ ਲਿਖਾਇਕ ਹੈ। ਇਸ ਲਈ ਮੁੱਢਲੇ ਰੂਪ ਵਿੱਚ ਕਦਮ ਚੁੱਕਦਿਆਂ ਪਵਿੱਤਰ ਵੇਈਂ ਦੇ ਪਾਣੀ ਦੀ ਸ਼ੁੱਧਤਾ ਤੋਂ ਲੈ ਕੇ ਪੰਜਾਬ ਦੇ ਨਾਲਿਆਂ ਤੇ ਨਦੀਆਂ ਨੂੰ ਬਚਾਉਣ ਲਈ ਅੱਗੇ ਆਉਣਾ ਹੋਵੇਗਾ। ਹਰ ਰੋਜ਼ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਪੜ੍ਹ ਲੈਣ ਮਗਰੋਂ ਉਸ 'ਤੇ ਅਮਲ ਕਰਨਾ ਵੀ ਲਾਜ਼ਮੀ ਹੈ, ਜਿਸ ਨੂੰ ਦੇਸ਼ ਦੀਆਂ ਹੱਦਾਂ ਤੋਂ ਅੱਗੇ, ਕੌਮਾਂਤਰੀ ਪੱਧਰ 'ਤੇ ਲਿਜਾਣ ਦੀ ਲੋੜ ਹੈ।

ਅਜੋਕੇ ਯੁੱਗ ਵਿੱਚ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਸਮੂਹ ਮੁੱਦਿਆਂ ਨੂੰ ਵੀ ਵਿਚਾਰਨ ਦੀ ਲੋੜ ਹੈ, ਉਹ ਚਾਹੇ ਸਮਾਜੀ ਢਾਂਚੇ ਨਾਲ ਸਬੰਧਿਤ ਹੋਣ ਜਾਂ ਸੱਭਿਆਚਾਰਕ ਵਰਤਾਰੇ ਨਾਲ। ਗੁਰੂ ਨਾਨਕ ਦਰਸ਼ਨ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੇ ਸਿਧਾਂਤ 'ਤੇ ਆਧਾਰਿਤ ਹੈ। ਵਿਸ਼ਵ ਗੁਰੂ ਨਾਨਕ ਸਾਹਿਬ ਨੇ ਸੰਸਾਰ ਨੂੰ ਸੱਚੀ-ਸੁੱਚੀ ਕਿਰਤ ਕਰਦਿਆਂ, ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ ਹੈ। ਗੁਰੂ ਨਾਨਕ ਸਾਹਿਬ ਦੇ ਜੀਵਨ ਦਰਸ਼ਨ ਤੋਂ ਰੂਹਾਨੀ ਸੇਧ ਲੈ ਕੇ ਇੱਕੋ-ਇੱਕ ਰੱਬੀ ਸਿਧਾਂਤ ਨਾਲ ਜੁੜਿਆ ਜਾ ਸਕਦਾ ਹੈ। ਗੁਰੂ ਨਾਨਕ ਵਿਚਾਰਧਾਰਾ ਅੱਜ ਦੀਆਂ ਗੰਭੀਰ ਸਮੱਸਿਆਵਾਂ ਦਾ ਸਹੀ ਹੱਲ ਹੈ। ਅਧਿਆਤਮਕ ਚਿੰਤਨ ਅਤੇ ਧਾਰਮਿਕ ਵਿਚਾਰਧਾਰਾ ਪੱਖੋਂ ਵੀ ਅਜੋਕੇ ਸਮੇਂ ਠੋਸ ਫੈਸਲੇ ਲੈਣ ਦੀ ਲੋੜ ਹੈ। ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਦ੍ਰਿੜ ਇਰਾਦੇ ਅਤੇ ਮਜ਼ਬੂਤ ਕਦਮ ਚੁੱਕਣੇ ਹੋਣਗੇ। ਗੁਰੂ ਨਾਨਕ ਰਾਜ ਸਿਧਾਂਤ ਮਨੁੱਖੀ ਹੱਕਾਂ ਦੀ ਆਜ਼ਾਦੀ ਨੂੰ ਲਾਗੂ ਕਰਨ ਲਈ ਸਮਾਜਿਕ ਬਰਾਬਰੀ ਨੂੰ ਆਧਾਰ ਬਣਾਉਂਦਾ ਹੈ। ਜੇਕਰ ਸਮਾਜ ਵਿੱਚ ਬਰਾਬਰੀ ਨਹੀਂ ਤਾਂ ਆਜ਼ਾਦੀ ਦੀ ਪਰਿਭਾਸ਼ਾ ਵੀ ਇਕਸਾਰ ਨਹੀਂ ਹੋ ਸਕਦੀ। ਗੁਰੂ ਨਾਨਕ ਸਿਧਾਂਤ ਤਾਂ ਚਹੁੰ ਵਰਨਾਂ, ਸਭ ਨਸਲਾਂ-ਰੰਗਾਂ ਤੇ ਜਾਤਾਂ-ਲਿੰਗਾਂ ਨੂੰ ਬਰਾਬਰ ਲਿਆ ਕੇ, ਫਿਰ ਉਨ੍ਹਾਂ ਨੂੰ ਆਜ਼ਾਦੀ ਦੇ ਰਾਹ ਚੱਲਣ ਲਈ ਪ੍ਰੇਰਿਤ ਕਰਦਾ ਹੈ। ਜਿਸ ਸਮਾਜ ਵਿੱਚ ਬਰਾਬਰੀ ਨਹੀਂ, ਉੱਥੇ ਸਥਾਪਿਤ ਰਾਜਾਂ ਵਿੱਚ ਆਜ਼ਾਦੀ ਦਾ ਹੱਕ ਵੀ ਇੱਕ ਸਮਾਨ ਨਹੀਂ ਹੋ ਸਕਦਾ।

***

ਅੰਤਰਰਾਸ਼ਟਰੀ ਖੇਡ ਯੋਗਤਾ ਦੇ ਹੱਬ

ਅਕਾਲੀ ਲੀਡਰਸ਼ਿਪ 'ਤੇ ਵਰ੍ਹਦਿਆਂ ਮੁੱਖ ਮਤਰੀਂ ਨੇ ਕਿਹਾ ਕਿ ਜਿਹੜੇ ਅਕਾਲੀ ਨੇਤਾ ਕਦੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਦਿੱਲੀ ਅਤੇ ਹਰਿਆਣਾ ਵਿੱਚ ਸਿੱਖ ਮਾਮਲਿਆਂ ਵਿੱਚ ਦਖਲਅੰਦਾਜ਼ੀ ਲਈ ਭਾਜਪਾ ਨੂੰ ਦੋਸ਼ੀ ਠਹਿਰਾਉਂਦੇ ਸਨ, ਉਹ ਅੱਜ ਉਸੇ ਭਾਜਪਾ ਨਾਲ ਗਠਜੋੜ ਕਰਨ ਲਈ ਤਰਲੋਮੱਛੀ ਹਨ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਸਤਾਵਿਤ ਸਾਈਕਲ ਯਾਤਰਾ 'ਤੇ ਚੋਟ ਕਰਦਿਆਂ ਮਾਨ ਨੇ ਕਿਹਾ ਕਿ ਚੰਨੀ ਦੀ ਪ੍ਰਸਤਾਵਿਤ ਸਾਈਕਲ ਯਾਤਰਾ ਪੰਜਾਬ ਲਈ ਕਿਸੇ ਸਾਰਥਿਕ ਏਜੰਡੇ ਤੋਂ ਬਿਨਾਂ ਮਹਿਜ਼ ਇੱਕ ਸਿਆਸੀ ਡਰਾਮਾ ਹੈ। ਕਾਂਗਰਸੀ ਨੇਤਾ ਵੀ ਇਸ ਯਾਤਰਾ ਦਾ ਸਮਰਥਨ ਨਹੀਂ ਕਰ ਰਹੇ, ਕਿਉਂਕਿ ਉਹ ਜਾਣਦੇ ਹਨ ਕਿ ਇਸ ਨਾਲ ਸੂਬੇ ਜਾਂ ਇਸ ਦੇ ਲੋਕਾਂ ਦੀ ਭਲਾਈ ਵਿੱਚ ਕੋਈ ਯੋਗਦਾਨ ਨਹੀਂ ਪਵੇਗਾ । ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 90 ਫੀਸਦੀ ਤੋਂ ਵੱਧ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ, ਜਦਕਿ ਕਿਸਾਨਾਂ ਨੂੰ ਹੁਣ ਦਿਨ ਵੇਲੇ ਬਿਜਲੀ ਦਿੱਤੀ ਜਾ ਰਹੀ ਹੈ । ਹਰ ਸਾਲ ਪ੍ਰਤੀ ਪਰਵਾਰ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਪ੍ਰਦਾਨ ਕੀਤਾ ਜਾਂਦਾ ਹੈ। ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਜ਼ਿਕਰ ਕਰਦਿਆਂ ਮਾਨ ਨੇ ਕਿਹਾ ਕਿ ਇਸ ਯੋਜਨਾ ਤਹਿਤ 18 ਸਾਲ ਤੋਂ ਵੱਧ ਉਮਰ ਦੀਆਂ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਅਤੇ ਬਾਕੀ ਵਰਗਾਂ ਦੀਆਂ ਔਰਤਾਂ ਨੂੰ 1,000 ਰੁਪਏ ਦੀ ਸਨਮਾਨ ਰਾਸ਼ੀ ਦਿੱਤੀ ਜਾ ਰਹੀ ਹੈ।

***

ਬਾਬਾ ਨਾਨਕ ਦੀ ਸ਼ਖ਼ਸੀਅਤ ਉਸਾਰੀ

ਧਰਮ-ਸਾਧਕਾਂ ਨਾਲ ਉਨ੍ਹਾਂ ਨੇ ਬੜੇ ਸਦਭਾਵਨਾ ਭਰੇ ਮਾਹੌਲ ਵਿੱਚ ਭਾਵਪੂਰਤ, ਕੀਮਤੀ ਅਤੇ ਗਿਆਨਵਰਧਕ ਸੰਵਾਦ ਕੀਤੇ। ਭਾਸ਼ਾ, ਇਲਾਕੇ, ਸੱਭਿਆਚਾਰ, ਕੌਮਾਂ, ਫ਼ਿਰਕਿਆਂ ਅਤੇ ਧਰਮਾਂ ਦੀਆਂ ਵੱਖਰਤਾਵਾਂ ਅਤੇ ਵਲਗਣਾਂ ਤੋਂ ਪਾਰ ਜਾਂਦਿਆਂ ਉਨ੍ਹਾਂ ਬੜੇ ਖੁੱਲ੍ਹੇ ਮਨ ਨਾਲ ਦੂਰ-ਦੁਰਾਡੇ ਪਹਾੜਾਂ ਵਿੱਚ ਜਾ ਵਸੇ ਸਿੱਧਾਂ ਅਤੇ ਨਾਥ-ਜੋਗੀਆਂ ਨਾਲ ਬੜੇ ਸਾਰਥਕ ਸੰਵਾਦ ਰਚਾਏ। ਇਸੇ ਤਰ੍ਹਾਂ ਮੱਕੇ, ਮਦੀਨੇ ਅਤੇ ਬਗ਼ਦਾਦ ਆਦਿ ਥਾਵਾਂ 'ਤੇ ਜਾ ਕੇ ਮੁੱਲਾਂ-ਮੁਲਾਣਿਆਂ, ਕਾਜ਼ੀਆਂ ਅਤੇ ਪੀਰਾਂ-ਫ਼ਕੀਰਾਂ ਨਾਲ ਬੜੀਆਂ ਬੇਸ਼ਕੀਮਤੀ ਗੁਫ਼ਤਗੂਆਂ ਕੀਤੀਆਂ। ਹਰਿਦੁਆਰ ਜਾ ਕੇ ਪੰਡਿਤਾਂ ਨਾਲ ਬੜੇ ਅਰਥਮਈ ਅਤੇ ਰਮਜ਼ਮਈ ਵਿਚਾਰ-ਮੰਥਨ ਵੀ ਕੀਤੇ। ਇਸ ਤੋਂ ਸਪਸ਼ਟ ਹੈ ਕਿ 'ਸੰਵਾਦ' ਅਤੇ ਸੰਵਾਦ ਵਿੱਚਲੀ ਸਹਿਜਤਾ, ਸਰਲਤਾ, ਸੁਹਜਾਤਮਕਤਾ ਅਤੇ ਸੰਗੀਤਕ-ਲੈਅ ਬਾਬਾ ਨਾਨਕ ਜੀ ਦੀ ਸ਼ਖ਼ਸੀਅਤ ਅਤੇ ਸੋਚਧਾਰਾ ਦਾ ਇੱਕ ਹੋਰ ਨਿਵੇਕਲਾ ਪਛਾਣ-ਚਿੰਨ੍ਹ ਸੀ।

ਉਪਰੋਕਤ ਸਾਰੀ ਚਰਚਾ ਨੂੰ ਸਮੇਟਦਿਆਂ ਅੰਤ ਵਿੱਚ ਨਿਰਣੇ ਵਜੋਂ ਇਹ ਆਖਿਆ ਜਾ ਸਕਦਾ ਹੈ ਕਿ ਬਾਬਾ ਨਾਨਕ ਜੀ ਸੱਚਮੁੱਚ ਹੀ ਇੱਕ ਨਿਰਾਲੇ ਸ਼ਖ਼ਸ ਸਨ। ਉਨ੍ਹਾਂ ਦੀ ਸ਼ਖ਼ਸੀਅਤ ਅਤੇ ਸੋਚਧਾਰਾ ਵੀ ਅਨੋਖੀ ਸੀ। ਉਹ ਆਪਣੀ ਮਿਸਾਲ ਆਪ ਸਨ। ਉਹ ਪਹਿਲਾਂ ਵੀ ਹਰ ਦਿਲ-ਅਜ਼ੀਜ਼ ਸਨ। 557 ਵਰ੍ਹੇ ਗੁਜ਼ਰਨ ਪਿੱਛੋਂ ਉਹ ਅੱਜ ਵੀ ਸਾਰਿਆਂ ਨੂੰ ਆਪਣੇ-ਆਪਣੇ ਲੱਗਦੇ ਹਨ। ਨਿਰਸੰਦੇਹ ਉਹ ਭਵਿੱਖ ਵਿੱਚ ਵੀ ਸਾਰਿਆਂ ਨੂੰ ਭਾਉਂਦੇ ਅਤੇ ਪਿਆਰੇ ਲੱਗਦੇ ਰਹਿਣਗੇ। ਇਸ ਪ੍ਰਸੰਗ ਵਿੱਚ ਭਾਰਤ ਦੇ ਦੋ ਪ੍ਰਮੁੱਖ ਭਾਈਚਾਰਿਆਂ ਵਿੱਚ ਉਨ੍ਹਾਂ ਬਾਰੇ, ਉਨ੍ਹਾਂ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਸਮੂਹਿਕ ਪੱਧਰ 'ਤੇ ਆਮ ਪ੍ਰਚਲਿਤ ਰਹੀ ਇਹ ਬਹੁਤ ਹੀ ਪਿਆਰੀ ਅਤੇ ਕੀਮਤੀ ਧਾਰਨਾ ਕਿ, 'ਬਾਬਾ ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ' ਸਾਡੀ ਇਸ ਰਾਇ ਨੂੰ ਭਲੀਭਾਂਤ ਪੁਸ਼ਟ ਕਰਦੀ ਹੈ।

***

ਸੋਨੀਆ ਗਾਂਧੀ ਨੇ ਕਾਂਗਰਸ ਨੂੰ

ਇਹੀ ਸੇਧ ਹੈ ਕਿ ਜੰਗ ਵਿੱਚ ਸਿਰਫ਼ ਤਤਕਾਲੀ ਨਤੀਜਾ ਹੀ ਸਭ ਕੁਝ ਨਹੀਂ ਹੁੰਦਾ, ਸਗੋਂ ਮਕਸਦ ਦੀ ਪਵਿੱਤਰਤਾ ਅਤੇ ਸਿਧਾਂਤਾਂ 'ਤੇ ਪਹਿਰਾ ਦੇਣਾ ਵੱਧ ਮਹੱਤਵਪੂਰਨ ਹੁੰਦਾ ਹੈ—ਚਾਹੇ ਇਸ ਦੌਰਾਨ ਕਿੰਨਾ ਵੀ ਨਿੱਜੀ ਅਪਮਾਨ ਕਿਉਂ ਨਾ ਸਹਿਣਾ ਪਵੇ।

ਅੱਜ ਦੇਸ਼ ਇੱਕ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ। ਅਜਿਹੇ ਸਮੇਂ ਵਿਚਾਰਧਾਰਕ ਸਮਝੌਤਾ ਕੀਤੇ ਬਿਨਾਂ ਲੜਨ ਵਾਲੀ ਲੀਡਰਸ਼ਿਪ ਹੀ ਲੋਕਾਂ ਨੂੰ ਭਰੋਸਾ ਦੇ ਸਕਦੀ ਹੈ। ਕੁਰਸੀ ਦੀ ਦੌੜ ਵਿੱਚ ਸ਼ਾਮਲ ਕਈ ਖੇਤਰੀ ਪਾਰਟੀਆਂ ਆਪਣੇ ਵਜੂਦ ਨੂੰ ਬਚਾਉਣ ਲਈ ਕਿਸੇ ਵੀ ਵੇਲੇ ਸਮਝੌਤਾ ਕਰ ਲੈਂਦੀਆਂ ਹਨ। ਅਜਿਹੀ ਸਥਿਤੀ ਵਿੱਚ ਸੋਨੀਆ ਗਾਂਧੀ ਵੱਲੋਂ ਸਰਗਰਮ ਸਿਆਸਤ ਤੋਂ ਸੰਨਿਆਸ ਲੈਣ ਮਗਰੋਂ ਵੀ ਇੱਕ ਮਾਰਗਦਰਸ਼ਕ ਵਜੋਂ ਰਾਹੁਲ ਗਾਂਧੀ ਦੇ ਪਿੱਛੇ ਚੱਟਾਨ ਵਾਂਗ ਖੜ੍ਹੇ ਰਹਿਣਾ ਇੱਕ ਦੂਰਅੰਦੇਸ਼ੀ ਸਿਆਸੀ ਭੂਮਿਕਾ ਹੈ। ਕੀ ਇਹ ਭੂਮਿਕਾ ਦੇਸ਼ ਦੀ ਲੋਕਤੰਤਰੀ ਰਾਜਨੀਤੀ ਨੂੰ ਨਵੀਂ ਦਿਸ਼ਾ ਦੇ ਸਕੇਗੀ, ਇਸ ਦਾ ਨਿਰਣਾ ਆਉਣ ਵਾਲਾ ਸਮਾਂ ਅਤੇ ਦੇਸ਼ ਦੀ ਜਨਤਾ ਕਰੇਗੀ।

***

ਰਾਜਨੀਤੀ ਦੀ ਬਦਲਦੀ ਭਾਸ਼ਾ

ਇਸ ਵਰਤਾਰੇ ਵਿੱਚੋਂ ਹੀ 'ਅਪਰੇਸ਼ਨ ਲੋਟਸ' ਵਰਗੀ ਸ਼ਬਦਾਵਲੀ ਹੋਂਦ ਵਿੱਚ ਆਈ ਹੈ। ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਬਿਨਾਂ ਕਿਸੇ ਠੋਸ ਬਹਿਸ ਜਾਂ ਵਿਚਾਰ-ਵਟਾਂਦਰੇ ਦੇ ਮਹੱਤਵਪੂਰਨ ਕਾਨੂੰਨ ਪਾਸ ਕਰ ਲਏ ਜਾਂਦੇ ਹਨ। ਕਦੇ 'ਅਰਬਨ ਨਕਸਲ', ਕਦੇ 'ਟੁਕੜੇ-ਟੁਕੜੇ ਗੈਂਗ', ਕਦੇ 'ਪਾਕਿਸਤਾਨੀ', 'ਖ਼ਾਲਿਸਤਾਨੀ' ਜਾਂ 'ਚੀਨ ਪੱਖੀ' ਕਹਿ ਕੇ ਵਿਰੋਧੀਆਂ ਨੂੰ ਭੰਡਿਆ ਜਾਂਦਾ ਹੈ।

ਕਦੇ ਸਮਾਂ ਸੀ ਜਦੋਂ ਸੱਤਾ ਦੀ ਭਾਸ਼ਾ ਸੰਜੀਦਾ, ਸੰਜਮੀ ਅਤੇ ਲੋਕ-ਹਿਤੈਸ਼ੀ ਹੁੰਦੀ ਸੀ। ਪਰ ਜਦੋਂ ਤੋਂ ਰਾਜਨੀਤੀ ਸੇਵਾ ਦੀ ਥਾਂ ਵਪਾਰਕ ਧੰਦਾ ਬਣੀ ਹੈ, ਇਹ ਭਾਸ਼ਾ ਵੀ ਪੂਰੀ ਤਰ੍ਹਾਂ ਬਾਜ਼ਾਰੂ ਹੋ ਚੁੱਕੀ ਹੈ। ਨਸ਼ਿਆਂ, ਪੈਸਿਆਂ ਅਤੇ ਤੋਹਫ਼ਿਆਂ ਦੇ ਜ਼ੋਰ 'ਤੇ ਵੋਟਾਂ ਖ਼ਰੀਦਣ ਦੇ ਰੁਝਾਨ ਨੇ ਰਾਜਨੀਤੀ ਵਿੱਚ ਅਪਰਾਧੀਕਰਨ ਨੂੰ ਵਧਾ ਦਿੱਤਾ ਹੈ।

ਮੁਫ਼ਤ ਬਿਜਲੀ, ਮੁਫ਼ਤ ਸਫ਼ਰ, ਤੀਰਥ ਯਾਤਰਾਵਾਂ ਅਤੇ ਖਾਤਿਆਂ ਵਿਚ ਸਿੱਧੇ ਪੈਸੇ ਪਾਉਣ ਵਰਗੀਆਂ ਲੋਕ-ਲੁਭਾਊ ਗਾਰੰਟੀਆਂ ਲੋਕਾਂ ਦੇ ਬੁਨਿਆਦੀ ਮੁੱਦਿਆਂ ਨੂੰ ਦਫ਼ਨ ਕਰਨ ਦਾ ਸਾਧਨ ਬਣ ਗਈਆਂ ਹਨ। ਜਦੋਂ ਸਰਕਾਰੀ ਖ਼ਜ਼ਾਨੇ ਖ਼ਾਲੀ ਹੋਣ ਅਤੇ ਆਮਦਨ ਨਾਲੋਂ ਖ਼ਰਚੇ ਕਿਤੇ ਵੱਧ ਹੋ ਜਾਣ, ਤਾਂ ਕਰਜ਼ਿਆਂ ਦਾ ਬੋਝ ਸੂਬੇ ਨੂੰ ਵਿੱਤੀ ਐਮਰਜੈਂਸੀ ਵੱਲ ਧੱਕ ਦਿੰਦਾ ਹੈ। ਅਜਿਹੇ ਦੌਰ ਵਿਚ, ਜਦੋਂ ਕਿਸਾਨ, ਮੁਲਾਜ਼ਮ, ਵਿਦਿਆਰਥੀ, ਅਧਿਆਪਕ, ਸਫ਼ਾਈ ਸੇਵਕ, ਆਸ਼ਾ ਵਰਕਰ, ਮਨਰੇਗਾ ਅਤੇ ਖੇਤ ਮਜ਼ਦੂਰ ਆਪਣੇ ਹੱਕ ਮੰਗਣ ਬਦਲੇ ਪੁਲਿਸ ਦੀਆਂ ਲਾਠੀਆਂ ਅਤੇ ਪਾਣੀ ਦੀਆਂ ਬੁਛਾੜਾਂ ਦਾ ਸ਼ਿਕਾਰ ਹੋ ਰਹੇ ਹੋਣ, ਤਾਂ ਲੋਕ-ਪੱਖੀ ਧਿਰਾਂ ਨੂੰ ਰਾਜਨੀਤੀ ਦੇ ਵਿਰੋਧ ਵਿੱਚ ਆਪਣੇ ਨਵੇਂ ਤੇ ਸਾਰਥਕ ਬਿਰਤਾਂਤ ਸਿਰਜਣੇ ਪੈਣਗੇ। ਲੋਕਾਂ ਨੂੰ ਵੀ ਮੁਫ਼ਤਖ਼ੋਰੀ ਦੇ ਜਾਲ ਵਿੱਚੋਂ ਨਿਕਲ ਕੇ ਰੁਜ਼ਗਾਰ, ਮਿਆਰੀ ਸਿੱਖਿਆ, ਚੰਗੀਆਂ ਸਿਹਤ ਸਹੂਲਤਾਂ ਅਤੇ ਸਵੱਛ ਵਾਤਾਵਰਣ ਦੀ ਮੰਗ ਕਰਨੀ ਚਾਹੀਦੀ ਹੈ।

***

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ

ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਖ਼ਤੀ ਬਿਲਕੁਲ ਸਹੀ ਹੈ।

ਸਿੱਖ ਚਿੰਤਕਾਂ ਦਾ ਕਹਿਣਾ ਹੈ ਕਿ ਸਿਰਫ਼ ਪਾਬੰਦੀਆਂ ਲਗਾਉਣ ਜਾਂ ਤਲਬ ਕਰਨ ਨਾਲ ਮਸਲਾ ਹੱਲ ਨਹੀਂ ਹੋਵੇਗਾ। ਜਦੋਂ ਤੱਕ ਸੰਗਤ ਨੂੰ ਸਹੀ ਤਰੀਕੇ ਨਾਲ ਪਾਵਨ ਸਰੂਪ ਉਪਲਬਧ ਨਹੀਂ ਕਰਵਾਏ ਜਾਣਗੇ, ਉਦੋਂ ਤੱਕ ਅਜਿਹੇ ਅਣਅਧਿਕਾਰਤ ਉਪਰਾਲੇ ਹੁੰਦੇ ਰਹਿਣਗੇ। ਸ਼੍ਰੋਮਣੀ ਕਮੇਟੀ ਨੂੰ ਤੁਰੰਤ ਅਮਰੀਕਾ, ਕੈਨੇਡਾ ਅਤੇ ਯੂਰੋਪ ਵਿੱਚ ਆਪਣੀਆਂ ਪ੍ਰਿੰਟਿੰਗ ਪ੍ਰੈੱਸਾਂ ਚਾਲੂ ਕਰਨੀਆਂ ਚਾਹੀਦੀਆਂ ਹਨ।

ਡਾਕਟਰ ਧਾਲੀਵਾਲ ਨੇ ਮੰਗ ਕੀਤੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੱਥ ਲਿਖਤ ਸਰੂਪ ਤਿਆਰ ਕਰਨ 'ਤੇ ਤੁਰੰਤ ਰੋਕ ਲਗਾਈ ਜਾਵੇ। ਜੇਕਰ ਕੋਈ ਗੁਰਸਿੱਖ ਸ਼ਰਧਾ ਵੱਸ ਹੱਥ ਲਿਖਤ ਸਰੂਪ ਤਿਆਰ ਕਰਨਾ ਚਾਹੁੰਦਾ ਹੈ, ਤਾਂ ਉਸ ਲਈ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਸ਼੍ਰੋਮਣੀ ਕਮੇਟੀ ਤੋਂ ਲਿਖਤੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇ ਅਤੇ ਸੰਪੂਰਨ ਹੋਣ ਉਪਰੰਤ ਮਾਹਿਰ ਵਿਦਵਾਨਾਂ ਦੀ ਕਮੇਟੀ ਵੱਲੋਂ ਉਸ ਦੀ ਪੂਰੀ ਤਰ੍ਹਾਂ ਸੋਧ (ਪਰੂਫ਼ ਰੀਡਿੰਗ) ਕੀਤੀ ਜਾਵੇ।

ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਵੱਲੋਂ ਕੀਤੀ ਗਈ ਉਲੰਘਣਾ ਤੱਕ ਸੀਮਤ ਨਹੀਂ ਹੈ, ਸਗੋਂ ਇਹ ਸਿੱਖ ਸੰਸਥਾਵਾਂ ਦੀ ਕਾਰਜਸ਼ੈਲੀ ਅਤੇ ਵਿਦੇਸ਼ਾਂ ਵਿੱਚ ਵਸਦੀ ਸੰਗਤ ਦੀਆਂ ਧਾਰਮਿਕ ਲੋੜਾਂ ਵਿਚਕਾਰ ਵਧ ਰਹੇ ਪਾੜੇ ਨੂੰ ਵੀ ਉਜਾਗਰ ਕਰਦਾ ਹੈ। ਸਮੇਂ ਦੀ ਲੋੜ ਹੈ ਕਿ ਪੰਥਕ ਮਰਿਆਦਾ ਦੀ ਰਾਖੀ ਕਰਦਿਆਂ ਵਿਦੇਸ਼ਾਂ ਵਿੱਚ ਪਾਵਨ ਸਰੂਪਾਂ ਦੀ ਛਪਾਈ ਦਾ ਪੁਖ਼ਤਾ ਪ੍ਰਬੰਧ ਜਲਦ ਤੋਂ ਜਲਦ ਕੀਤਾ ਜਾਵੇ।

***

ਟਰੰਪ ਦੀ ਲੋਕਪ੍ਰਿਯਤਾ

ਸਗੋਂ ਵੋਟਰਾਂ ਨੂੰ ਪਾਰਟੀ ਦੇ ਉਮੀਦਵਾਰ ਪਸੰਦ ਨਹੀਂ ਆਏ।

ਕੀ ਟਰੰਪ ਅਸਤੀਫ਼ਾ ਦੇਣਗੇ ਜਾਂ ਅਹੁਦੇ ਤੋਂ ਹਟਾਏ ਜਾਣਗੇ ?

ਭਾਰਤ ਜਾਂ ਹੋਰ ਸੰਸਦੀ ਲੋਕ

RAISING VOICE FOR TRUTH
ਹੋਕਾ TV
HOKA TV
(ਹੋਕਾ ਟੀ.ਵੀ.)

ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ
https://hokatv.com/guest/home